
# ਨੂਰ ਦੇ ਨੇੜੇ



ਸਵਾਮੀ ਬ੍ਰਹਮ ਦੇਵ ਉਦਾਸੀ

www.PunjabiLibrary.com

## ਲੇਖਕ ਦੀਆਂ ਰਚਨਾਵਾਂ

* ਸ੍ਰੀ ਦਸਮ ਗ੍ਰੰਥ ਸਾਹਬ ਅਤੇ ਚਰਿੱਤਰੋਪਖਿਆਨ
* ਝਨਾ ਦਾ ਨੂਰ
* ਨੂਰ ਦੇ ਨੇੜੇ

# ਨੂਰ ਦੇ ਨੇੜੇ

ਲੇਖਕ

ਸਵਾਮੀ ਬ੍ਰਹਮ ਦੇਵ ਉਦਾਸੀ

ਸੰਗਮ ਪਬਲੀਕੇਸ਼ਨਜ਼, ਸਮਾਣਾ

**Noor De Nere**
**(a book of poetry)**
**by**
**Swami Braham Dev Udaasi**

ਸਵਾਮੀ ਬ੍ਰਹਮ ਦੇਵ ਜੀ ਮਹਾਰਾਜ
ਨੇੜੇ ਪਾਵਰ ਹਾਊਸ, ਬੱਧਨੀ ਕਲਾਂ-142037 (ਪੰਜਾਬ)
ਜ਼ਿਲ੍ਹਾ: ਮੋਗਾ ਫੋਨ: 01636-250486
ਮੋਬਾਇਲ: 94173-57552

© ਲੇਖਕ

ਕਾਪੀਆਂ 500
ਚੌਥੀ ਐਡੀਸ਼ਨ 2009

ISBN 978-81-906675-5-5

ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼,
502/9, ਸੇਖੋਂ ਕਲੋਨੀ, ਪਿੱਛੇ ਬੱਸ ਸਟੈਂਡ,
ਸਮਾਣਾ-147101, ਜ਼ਿਲ੍ਹਾ: ਪਟਿਆਲਾ
ਫੋਨ : 01764-223047 , 222347

ਪ੍ਰਿੰਟਰਜ਼ : ਸਰਤਾਜ ਪ੍ਰਿੰਟਰਜ਼, ਜਲੰਧਰ

ਮੁੱਲ : 150/- ਰੁਪੈ

# ਤਤਕਰਾ


| ਵਿਸ਼ਾ | ਸਫਾ ਨੰ: |
|---|---|
| 1. ਅਸਲੋਂ ਨੇੜੇ ਨੂਰ-ਨਾ ਨਜ਼ਦੀਕ ਨਾ ਦੂਰ (ਡਾ. ਜੀਤ ਸਿੰਘ ਸੀਤਲ) | 7 |
| 2. ਬ੍ਰਹਮ, ਜੋਤਿ ਤੇ ਨੂਰ (ਗਿਆਨੀ ਲਾਲ ਸਿੰਘ) | 13 |
| 3. ਸਾਡੇ ਸਵਾਮੀ ਜੀ (ਪਿਆਰਾ ਸਿੰਘ ਦਾਤਾ) | 17 |
| 4. ਮੰਗਲ | 19 |
| 5. ਸਤਿਪੁਰਖ | 20 |
| 6. ਮਨਮੁਖ | 24 |
| 7. ਬੰਦਗੀ | 29 |
| 8. ਸੁਭਾਸ਼ਿਤ | 46 |
| 9. ਸੇਵਾ | 52 |
| 10. ਦਾਨਵੀਰ ਤੇ ਧਰਮਵੀਰ | 54 |
| 11. ਮਿੱਤਰਤਾ | 59 |
| 12. ਗ੍ਰਹਿਸਥ ਬਨਾਮ ਸਵਰਗ | 61 |
| 13. ਗ੍ਰਹਿਸਥ ਬਨਾਮ ਨਰਕ | 63 |
| 14. ਵਿਸ਼ਵਾਸ ਤੇ ਅਵਿਸ਼ਵਾਸ | 66 |
| 15. ਲੋਭੀ ਤੇ ਪਾਪੀ | 69 |
| 16. ਵਿਅਕਤੀਗਤ ਚਿੱਠੀ (ਹਾਸ-ਵਿਅੰਗ) | 73 |
| 17. ਈਸ਼ਵਰ | 76 |
| 18. ਸਰਗੁਣ ਬ੍ਰਹਮ | 81 |
| 19. ਠਿਕਾਣਾ | 84 |
| 20. ਪ੍ਰੇਮ ਤੇ ਸੰਤ | 85 |
| 21. ਸਤਿਸੰਗਤ | 87 |
| 22. ਮਾਇਆ ਤੇ ਮਾਇਆ ਦਾ ਪਰਿਵਾਰ | 90 |

23. ਅਨਅਧਿਕਾਰੀ 92
24. ਸੁਮਾਰਗ 93
25. ਉਸਤਤ ਤੇ ਉਪਾਸਨਾ 99
26. ਰੱਖਿਆ ਕਵਚ 106
27. ਭਗਤ ਵੱਛਲ 108
28. ਅਦਭੁਤ 114
29. ਯਾਚਨਾ 116
30. ਨੂਰ ਦਾ ਅਨੁਭਵ (ਡਾ. ਗੁਰਦੀਪ ਸਿੰਘ ਭੰਡਾਰੀ) 121
31. ਗੁਰਮਤਿ ਕਾਵਿ-ਦਰਸ਼ਨ ਦੀ ਪੇਸ਼ਕਾਰੀ (ਡਾ. ਮਹਿੰਦਰ ਕੌਰ ਗਿੱਲ) 126
32. ਨੂਰ ਦੇ ਨੇੜੇ (ਡਾ. ਅਜੀਤ ਸਿੰਘ) 129
33. ਅਧਿਆਤਮਕ ਇੱਕਸੁਰਤਾ ਦੇ ਲਖਾਇਕ (ਡਾ. ਗੁਰਦਿਆਲ ਸਿੰਘ ਫੁੱਲ) 132
34. ਸਾਧੂ ਦੀ ਮਹਿਮਾ (ਡਾ. ਕਾਲਾ ਸਿੰਘ ਬੇਦੀ) 143
35. ਨੂਰ ਦੇ ਨੇੜੇ-ਇੱਕ ਅਧਿਐਨ (ਬਲਜੀਤ ਸਿੰਘ ਬੱਲੀ) 146
36. ਸਤਿ-ਚਿੱਤ ਆਨੰਦ (ਐਸ. ਐਸ. ਸਹੋਤਾ) 150
37. ਅਧਿਆਤਮਵਾਦ ਦਾ ਪੁਨਰ ਜਾਗਰਣ (ਕੰਵਲ ਕਸ਼ਮੀਰੀ) 152
38. ਸਨਾਤਨ ਸੱਚ (ਪਿਆਰਾ ਸਿੰਘ ਪਦਮ) 156
39. ਵਿਲਾਇਤੋਂ ਪਰਤੇ ਸੰਤ ਨਾਲ ਇੱਕ ਮੁਲਾਕਾਤ (ਡਾ. ਗੁਰਦਿਆਲ ਸਿੰਘ ਫੁੱਲ) 157
40. ਏਕਤਾ ਦੇ ਪ੍ਰਤੀਕ-ਸਵਾਮੀ ਬ੍ਰਹਮ ਦੇਵ (ਲਿਵਤਾਰ ਸਿੰਘ ਕੋਮਲ) 161
41. Noor de Nere (Prof. Gopal Singh Puri) 167
42. ਸ਼ੁਭ ਚਿੰਤਨ (ਡਾ. ਜੀਤ ਸਿੰਘ ਸੀਤਲ) 169
43. ਬ੍ਰਹਮ ਕਾਵਿ ਦਾ ਪ੍ਰਕਾਸ਼ (ਪ੍ਰੀਤਮ ਸਿੰਘ ਸਫ਼ੀਰ) 172
44. ਸੰਤ ਕਵੀ (ਖੁਸ਼ੀ ਰਾਮ ਸ਼ਰਮਾ) 174

# ਅਸਲੋਂ ਨੇੜੇ ਨੂਰ-ਨਾ ਨਜ਼ਦੀਕ ਨਾ ਦੂਰ

ਡਾ:ਜੀਤ ਸਿੰਘ ਸੀਤਲ

ਹਨੇਰੇ ਦੀ ਅਣਹੋਂਦ ਪ੍ਰਕਾਸ਼ ਜਾਂ ਨੂਰ ਦੀ ਪ੍ਰਤੀਕ ਹੈ। ਰੱਬ ਦੇ ਪ੍ਰਕਾਸ਼ ਨੂੰ ਵੀ ਨੂਰ ਕਿਹਾ ਜਾਂਦਾ ਹੈ। ਰੱਬ ਦਾ ਇੱਕ ਸਿਫ਼ਾਤੀ ਨਾਮ ਵੀ 'ਨੂਰ' ਹੈ ਅਰਥਾਤ ਜੋ ਪ੍ਰਕਾਸ਼ ਕਰਦਾ ਹੈ ;ਚਾਨਣ ਨਾਲ ਅੰਧਕਾਰ ਦੂਰ ਕਰਦਾ ਹੈ। ਸੱਚ ਤੇ ਗਿਆਨ ਨੂੰ ਵੀ ਨੂਰ ਕਹਿੰਦੇ ਹਨ। ਸਾਰੀ ਸ੍ਰਿਸ਼ਟੀ ਉਸ ਰੱਬ ਦੇ ਸੱਚੇ ਨੂਰ ਤੋਂ ਹੀ ਉਤਪੰਨ ਹੋਈ ਹੈ :-

"ਇਹ ਸਾਰਾ ਬ੍ਰਹਿਮੰਡ ਉਸ ਦੀ ਕ੍ਰਿਤ ਹੈ।
ਤੇਜ਼ ਪੁੰਜ ਪ੍ਰਚੰਡ ਨੂਰੋ ਨੂਰ ਉਹ।"

ਅਸੱਤ, ਕੂੜ ਕੁਫ਼ਰ; ਅਨਿਆਇ, ਜਬਰ, ਅਗਿਆਨ, ਹਨੇਰੇ ਵਿੱਚ ਹੀ ਵਿਚਰਦੇ ਹਨ। ਸਤਿਗੁਰੂ ਨਾਨਕ ਦੇਵ ਵੀ ਇਸੇ ਕੂੜ ਕਪਟ ਤੇ ਕੁਫ਼ਰ ਦੇ ਅੰਧਕਾਰ ਨੂੰ ਦੂਰ ਕਰਨ ਲਈ ਰੱਬ ਦੇ ਨਿਰੰਕਾਰੀ ਨੂਰ 'ਚੋਂ ਹੀ ਪ੍ਰਗਟ ਹੋਏ ਸਨ। ਭਾਈ ਗੁਰਦਾਸ ਦੇ ਕਥਨ "ਬਾਝੁ ਗੁਰੂ ਅੰਧੇਰ ਹੈ" ਅਨੁਸਾਰ ਸਾਰਾ ਜਗਤ ਹਨੇਰੇ ਵਿੱਚ ਗ੍ਰਸਿਆ ਪਿਆ ਹੈ। ਗੁਰੂ ਨਾਨਕ ਦਾ ਪਾਵਨ ਵਾਕ ਵੀ ਇਸ ਤੱਥ ਵੱਲ ਸੰਕੇਤ ਕਰਦਾ ਹੈ ਕਿ 'ਗੁਰ ਬਿਨ ਘੋਰ ਅੰਧਾਰ' ਹੀ ਰਹਿੰਦਾ ਹੈ ਚਾਹੇ ਵੇਖਣ ਨੂੰ ਚੰਨ ਸੂਰਜ ਦਾ ਚਾਨਣ ਚਵ੍ਹਾਂ ਪਾਸੇ ਵਿਚਰਿਆ ਹੋਵੇ। ਇਹ ਅਗਿਆਨ ਅਭਿਮਾਨ ਦੀ ਧੁੰਧ ਗੁਰੂ ਦੇ ਪ੍ਰਗਟ ਹੋਣ ਨਾਲ ਹੀ ਮਿਟਦੀ ਹੈ। ਸੂਰਜ ਨਿਕਲਣ ਨਾਲ ਹੀ ਕੁਫ਼ਰ ਦੇ ਤਾਰੇ ਤੇ ਅਗਿਆਨ ਦੇ ਅੰਧੇਰੇ ਦੂਰ ਹੁੰਦੇ ਹਨ।

ਸਤਿਗੁਰੂ ਦੀ ਪ੍ਰਾਪਤੀ ਹੀ 'ਨੂਰ ਦੇ ਨੇੜੇ' ਜਾਣ ਸਮਾਨ ਹੈ। ਇਹ ਨੂਰ ਨਿਰੰਕਾਰ ਦੀ ਜਾਤ ਤੇ ਹੋਂਦ ਹੈ,ਜਿਸ ਵੱਲ 'ਨਾਰੀ' ਜੀਵ ਨੂੰ ਜਾਣ ਦੀ ਤਾਂਘ ਰਹਿੰਦੀ ਹੈ। ਇਸ ਨੂਰ ਵਿੱਚ ਸਮਾ ਜਾਣਾ ਮਨੁੱਖ ਦੀ ਸਤਿ ਦੀ ਤਲਾਸ਼ ਦਾ ਅੰਤਮ ਪੜਾਓ ਹੈ। 'ਨੂਰ ਦੇ ਨੇੜੇ' ਸਾਨੂੰ ਇਸੇ ਪੜਾਓ ਦੇ ਨੇੜੇ ਲੈ ਜਾਣ ਵਾਲਾ ਸੱਚਾ ਮਾਰਗ ਹੈ।

ਦਸਮ ਪਾਤਿਸ਼ਾਹ ਨੇ 'ਜਾਪੁ' ਤੇ 'ਅਕਾਲ ਉਸਤਤ' ਵਿੱਚ ਉਸ ਮਹਾਨ ਕਾਲ,ਕਾਲਕਾ ਨੂੰ ਚੰਦ੍ਰਮਾਵਾਂ ਦਾ ਚੰਦ੍ਰਮਾ, ਸੂਰਜਾਂ ਦਾ ਸੂਰਜ, ਤੇਜਾਂ ਦਾ ਤੇਜ, ਅਚਲ ਪ੍ਰਕਾਸ਼, 'ਹੁਸਨੁਲ ਚਰਾ਼ਗ', 'ਜ਼ੁਰਅੱਤ ਜਮਾਲ','ਹੁਸਨੁਲ ਵਜੂ', 'ਅਬਕਯਤ ਤੇਜ ਅਨੁਭਉ ਪ੍ਰਕਾਸ਼' ਕਿਹਾ ਹੈ। ਇਸੇ ਮਹਾਨ ਇਨਕਲਾਬੀ ਦਸਮ ਗੁਰੂ ਦੇ ਨੂਰਾਨੀ ਰੂਪ ਨੂੰ ਸਵਾਮੀ "ਬ੍ਰਹਮਦੇਵ" ਜੀ 'ਨੂਰ ਦੇ ਨੇੜੇ' ਵਿੱਚ ਭਾਲਦੇ ਤੇ ਤਾਂਘਦੇ ਹਨ ਤੇ ਇਸ ਆਸ

ਵਿੱਚ ਮੋਹ ਰੂਪ ਹਨੇਰੀ ਨੂੰ ਦੂਰ ਹੋਣ ਦਾ ਵਿਸ਼ਵਾਸ ਰੱਖਦੇ ਹਨ। ਉਸੇ 'ਨੂਰੋ ਨੂਰ' ਦੀ ਕ੍ਰਿਪਾ ਨਾਲ ਅਜਿਹੇ ਸੂਰਜ ਦੇ ਉਦੈ ਹੋਣ ਦੀ ਉਡੀਕ ਕਰਦੇ ਹਨ:-

ਕਦੋਂ ਖ਼ਤਮ ਹੋਵੇਗੀ ਸਾਹਿਬ ਇਹ ਮੋਹ ਰੂਪੀ ਹਨੇਰੀ।
ਕਦੋਂ ਚੜ੍ਹੇਗਾ ਸੂਰਜ ਲੈ ਕੇ ਕ੍ਰਿਪਾ ਦ੍ਰਿਸਟੀ ਤੇਰੀ।

ਗੁਰੂ ਹੀ ਅਜਿਹਾ ਕਟਕਾਂ ਦਾ ਗਿਆਨ ਸੂਰਜ ਚਾੜ੍ਹ ਕੇ ਏਸ ਅੰਧਕਾਰ ਨੂੰ ਦੂਰ ਕਰਦਾ ਹੈ,ਸਵਾਮੀ ਜੀ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ :-

ਏਸ ਅੰਧਕਾਰ 'ਚੋਂ ਤਾਂ ਗੁਰੂ ਹੀ ਉਭਾਰਦੇ ਨੇ
"ਬ੍ਰਹਮਦੇਵ" ਚਾੜ੍ਹ ਗਿਆਨ ਸੂਰਜ ਕਟਕਦਾ।

ਇਸ ਲਈ ਪ੍ਰਭੂ ਪ੍ਰਾਪਤੀ ਦਾ ਇੱਕੋ ਇੱਕ ਸਾਧਨ 'ਨੂਰ-ਮਾਰਗ' ਤੇ ਚਲਣਾ ਨੂਰ ਦੀ ਭਾਲ ਹੀ ਅਸਲ ਜੀਵਨ ਹੈ ਚੰਨ ਦੀ ਚਾਨਣੀ ਉਸ ਦਾ ਨੂਰ ਹੈ, ਪਰੰਤੂ ਨੂਰ ਦਾ ਪਾਂਧੀ ਉਸ ਅਚਲ ਨੂਰ ਦਾ ਮੁਤਲਾਸ਼ੀ ਹੈ,ਉਸ ਦਾ ਸੱਚਾ ਇਸ਼ਕ ਅੰਤ ਨਿਰੰਕਾਰ ਦੇ ਨੂਰ ਦਾ ਰੂਪ ਧਾਰ ਲੈਂਦਾ ਹੈ। ਏਸ਼ੀਆ ਦਾ ਮਹਾਨ ਸ਼ਾਇਰ ਇਕਬਾਲ 'ਚਾਂਦ ਨਾਮ' ਦੀ ਕਵਿਤਾ ਵਿੱਚ ਨਗ਼ਮਾ ਸਰਾ ਹੁੰਦਾ ਹੈ ;-

ਜਲਾਨਾ ਦਿਲ ਕਾ ਗੋਯਾ ਸਰਾਪਾ ਨੂਰ ਹੋ ਜਾਣਾ
ਯਿਹ ਪਰਵਾਨਾ ਜੋ ਸੋਜ਼ਾਂ ਹੈ ਤੋ ਸ਼ਮ੍ਹਾ-ਏ-ਅੰਜੁਮਨ ਭੀ ਹੈ॥

ਕੋਈ ਵਿਰਲਾ ਹੀ 'ਨੂਰ ਦੇ ਨੇੜੇ' ਆਉਂਦਾ ਹੈ। ਕੋਈ ਸੂਰਮਾ ਹੀ ਹਨੇਰੇ ਦੇ ਪੜਦੇ ਨੂੰ ਪਾੜਦਾ ਹੈ; ਤਾਂ ਹੀ ਉਹ ਆਪਣੇ ਨੂਰਾਨੀ ਮਹਿਬੂਬ ਦਾ ਮੁਖੜਾ ਵੇਖ ਸਕਦਾ ਹੈ; ਤਾਂ ਹੀ ਛੁਪਿਆ ਮੁੱਖ ਉਘਾੜ ਸਕਦਾ ਹੈ;ਸਵਾਮੀ ਜੀ ਇਸ ਭਾਵ ਨਾਲ ਇੱਕੁਸਰ ਹੁੰਦੇ ਹਨ :-

ਸਾਰੇ ਪੜਦੇ ਪਾੜੇ ਕੋਈ ਸੂਰਮਾ
ਛੁਪਿਆ ਮੁੱਖ ਉਘਾੜੇ ਉਸ ਮਹਿਬੂਬ ਦਾ॥

ਫਿਰ ਇਸ ਨੂਰ-ਮਾਰਗ ਦਾ ਪਾਂਧੀ ਆਪ 'ਨੂਰ' ਬਣ ਜਾਂਦਾ ਹੈ। ਸਭ ਕੁਝ ਦਿਸਦਾ ਅਣਦਿਸਦਾ ਹੋ ਜਾਂਦਾ ਹੈ ਤੇ ਦਿਸਦਾ ਅਣਦਿਸਦਾ{ਨੂਰ}ਦਿਸਣ ਲੱਗ ਪੈਂਦਾ ਹੈ। ਕਿਤਨਾ ਸੁਹਾਵਣਾ ਮਾਰਗ ਹੈ ਇਹ ਨੂਰ ਦਾ ਤੇ ਕਿਸ ਮੰਜ਼ਿਲ ਤੇ ਲੈ ਜਾਂਦਾ ਹੈ ਇਹ 'ਨੂਰ ਦੇ ਨੇੜੇ' ਜਾਣ ਦਾ ਨਿਰੰਤਰ ਕਰਮ:-

ਮੈਂ ਤੂੰ,ਤੂੰ ਮੈਂ,ਤੂੰ ਹੀ ਬਣ ਗਿਆ ਮੈਂ ਦਿਸਦਾ ਅਨਦਿਸਦਾ'
ਅਤੇ
ਪੜਦੇ ਦੇ ਅੰਦਰ ਵੀ ਉਹ ਹੈ,ਬਾਹਰ ਵੀ ਓਸੇ ਦੀ ਛੁਹ ਹੈ।'

ਫਿਰ ਜੀਵ ਨੂੰ ਸੋਝੀ ਆ ਜਾਂਦੀ ਹੈ ਕਿ ਉਹ ਨਿਰਾ ਨੂਰ ਹੈ ਜੋ ਹੱਥ ਨਹੀਂ ਆਉਂਦਾ,ਸੀਮਾਂ-ਰਹਿਤ ਅਸੀਮ ਪੁਰਖ ਹੈ,ਘਟ ਘਟ ਵਿੱਚ ਸਮਾਇਆ ਹੋਇਆ ਹੈ; ਉਸਦਾ ਇਹ ਨੂਰ ਹੀ ਜੀਵ ਨੂੰ ਜੀਵਤ ਤੇ ਫਿਰ ਸਦ-ਜੀਵਤ ਰੱਖਦਾ ਹੈ; ਫਿਰ ਇਸ ਨੂਰ ਦੀ ਛੁਹ ਨਾਲ ਅਛਹ ਨੂੰ ਛੁਹਿਆ ਜਾ ਸਕਦਾ ਹੈ ਤੇ ਮਨੁੱਖ ਦੂਰ ਹੁੰਦੇ ਹੋਏ

ਵੀ ਨਜ਼ਦੀਕ ਰਹਿੰਦਾ ਹੈ ਅਤੇ ਨਜ਼ਦੀਕ ਹੁੰਦਾ ਹੋਇਆ ਵੀ ਸੰਸਾਰ ਦੇ ਮੋਹ ਮਾਇਆ ਦੇ ਹਨੇਰੇ ਤੋਂ ਦੂਰ ਰਹਿੰਦਾ ਹੈ। ਸਵਾਮੀ ਜੀ ਨੇ ਇਸ ਅਛੂਤੇ ਭਾਵ ਨੂੰ 'ਨੂਰ ਦੇ ਨੇੜੇ' ਦੇ ਅੰਤਲੇ ਪੰਨਿਆਂ ਵਿੱਚ ਇਸ ਪ੍ਰਕਾਰ ਪ੍ਰਸਤੁਤ ਕੀਤਾ ਹੈ:-

ਸੀਮਾ ਰਹਿਤ ਅਸੀਮ ਪੁਰਖ ਮੈਂ ਘਟ ਘਟ ਵਿੱਚ ਭਰਪੂਰ
ਅਨਛੂਹ ਨੂੰ ਮੈਂ ਛੂਹ ਬੈਠਾ ਹਾਂ, ਨਾ ਨਜ਼ਦੀਕ ਨਾ ਦੂਰ॥

ਉਪਰੋਕਤ ਅਟਲ ਸੱਚਾਈ ਨੂੰ ਸਾਖਿਆਤ ਕਰਨ ਦਾ ਨੂਰਾਨੀ ਸਾਧਨ ਸਵਾਮੀ "ਬ੍ਰਹਮਦੇਵ" ਜੀ ਦੀ ਨਵੀਂ ਰਚਨਾ 'ਨੂਰ ਦੇ ਨੇੜੇ' ਵਿੱਚ ਪ੍ਰਤੱਖ ਮਿਲਦਾ ਹੈ। ਉਨ੍ਹਾਂ ਨੇ ਇਸ ਨੂਰ ਉਪਜਾਉਣ ਵਾਲੇ ਅੱਲਾ ਦੇ ਰੂਪ ਨੂੰ ਇਨ੍ਹਾਂ ਸ਼ਬਦਾਂ ਵਿੱਚ ਚਿੱਤ੍ਰਿਆ ਹੈ:-

ਸਤਿ ਚਿੱਤ ਆਨੰਦ,ਉਸਦਾ ਰੂਪ ਹੈ
ਨਿਰਵਿਕਾਰ ਸਵਛੰਦ,ਹੋ ਕੇ ਵਿਚਰਦਾ॥

ੴ ਤੋਂ ਬਿਨਾਂ ਹੋਰ ਕੁਝ ਨਹੀਂ;ਉਹ ਤਿੰਨਾਂ ਗੁਣਾਂ ਤੇ ਤਿੰਨ ਲੋਕਾਂ ਤੋਂ ਪਰ ਪਰੇਰੇ ਹੈ;ਉਹ ਇਨ੍ਹਾਂ ਵਿੱਚ ਵਿਚਰਦਾ ਹੋਇਆ ਵੀ ਇਨ੍ਹਾਂ ਤੋਂ ਅੱਡ ਹੈ :-

ਤਿੰਨ ਗੁਣਾਂ ਤੋਂ ਅੱਡ ਉਸਦੀ ਹੋਂਦ ਹੈ
ਉਸ ਏਕੇ ਨੂੰ ਛੱਡ ਬਾਕੀ ਕੁਝ ਨਹੀਂ॥

ਉਹ ਆਪਣੇ ਨੂਰ ਦੇ ਝਲਕਾਰੇ ਵੀ ਆਪ ਹੀ ਝਲਕਾਉਂਦਾ ਹੈ। ਕੇਵਲ ਨੂਰ ਦੇ ਨੇੜੇ ਵੱਸਣ ਵਾਲਾ ਜੀਵ ਹੀ ਇਨ੍ਹਾਂ ਅਡਿੱਠ ਝਲਕਾਰਿਆਂ ਦਾ ਬਾਰੀਕੀ ਨਾਲ ਨਜ਼ਾਰਾ ਵੇਖ ਸਕਦਾ ਹੈ :-

ਅਨਿਕ ਭਾਂਤ ਦੇ ਰੂਪ ਬਦਲਕੇ॥
ਮਾਧਵ ਹੀ ਝਲਕਾਉਂਦੈ ਝਲਕੇ॥

ਇਹ ਨੂਰ ਅਰਸ਼ਾਂ ਆਕਾਸ਼ਾਂ ਵਿੱਚ ਵੀ ਹੈ ਅਤੇ ਧਰਤ ਪਾਤਾਲਾਂ ਵਿੱਚ ਵੀ ਕਿਸੇ ਨੇ ਸੱਤਵੇਂ ਅਰਸ਼ ਤੇ ਬਿਜਲੀ ਦੇ ਘੋੜੇ ਬੁੱਰਾਕ ਪੁਰ ਸਵਾਰ ਹੋ ਕੇ ਉਥੇ ਪੁੱਜ ਕੇ ਉਸ ਨੂਰ ਦੇ ਦਰਸ਼ਨ ਕੀਤੇ ਤੇ ਕਿਸੇ ਨੇ ਸ਼ਹੁ ਸਾਗਰ ਤੇ ਵੇਂਈ ਨਦੀ ਵਿੱਚ ਚੁੱਭੀ ਮਾਰ ਕੇ ਨੂਰ ਭਰੇ ਦਰਬਾਰ ਵੇਖੇ; ਪਰ ਕੇਵਲ ਪਵਿੱਤ੍ਰ ਅੰਤਹਕਰਣ ਵਾਲੇ ਹੀ ਉਸ ਦੇ ਅਸਲੀ ਰੂਪ ਨੂੰ ਅੰਤ੍ਰੀਵ ਅੱਖਾਂ ਨਾਲ ਵੇਖ ਸਕੇ ;

ਅੰਤ੍ਰਾਕਰਣ ਪਵਿੱਤਰ ਜਿਸਦੈ
ਉਸਨੂੰ ਅਸਲੀ ਰੂਪ 'ਚ ਦਿਸਦੈ॥

ਫਿਰ ਉਹ ਜੀਵ ਗ੍ਰਿਹਸਥ ਮਾਰਗ ਤੇ ਟੁਰਦਾ ਹੋਇਆ ਵੀ ਉਸ ਨੂਰ ਵਿੱਚ ਵਿਚਰ ਸਕਦਾ ਹੈ; 'ਨੂਰ ਦੇ ਨੇੜੇ' ਵਸ ਸਕਦਾ ਹੈ। ਇਹੀ ਗੁਰਮਤਿ ਮਾਰਗ ਹੈ ਤੇ ਇਸੇ ਮਾਰਗ ਦਾ ਝਲਕਾਰਾ ਸਵਾਮੀ ਜੀ ਨੂਰ ਦੇ ਨੇੜੇ ਵਿੱਚ ਥਾਂ ਥਾਂ ਪੁਰ ਦਰਸਾਉਂਦੇ ਹਨ:-

ਤੁਰਦੇ ਫਿਰਦੇ ਉਠਦੇ ਬਹਿੰਦੇ ਖਾਂਦੇ ਪੀਂਦੇ ਹੱਸਦੇ।
ਹਰ ਹਾਲਤ ਵਿੱਚ ਪ੍ਰੇਮੀ ਆਪਣੇ ਪਿਆਰੇ ਦੇ ਵਿੱਚ ਵੱਸਦੇ

ਪਰ ਇਹ ਨੂਰ ਭਰੇ ਦਰਸ਼ਨ ਸੱਚੀ ਸਹਿਜ ਸਮਾਧੀ ਲਾਉਣ ਨਾਲ ਹੀ ਪ੍ਰਾਪਤ ਹੁੰਦੇ ਹਨ;ਸੰਸਾਰ ਭੁੱਲਣ ਪੁਰ ਹੀ ਸੰਸਾਰ ਦੇ ਰਚਨਹਾਰੇ ਦੀ ਯਾਦ ਆ ਸਕਦੀ ਹੈ; ਬਾਹਰੋਂ ਅੱਖਾਂ ਬੰਦ ਕਰਨ ਨਾਲ ਹੀ ਦਿੱਬ ਦ੍ਰਿਸ਼ਟੀ ਦਾ ਸ਼ਿਵਨੇਤ੍ਰ ਖੁੱਲ੍ਹਦਾ ਹੈ; ਮਨ ਵਿੱਚ ਉਸ ਨਿਰੰਕਾਰ ਦੇ ਨੂਰ ਵੱਸਣ ਨਾਲ ਹੀ ਗਿਆਨ ਰੂਪੀ ਰਤਨ ਦਾ ਪ੍ਰਕਾਸ਼ ਹੁੰਦਾ ਹੈ :-

ਨਾਨਕ ਗਿਆਨ ਰਤਨ ਪ੍ਰਗਾਸਿਆ
ਹਰਿ ਮਨਿ ਵਸਿਆ ਨਿਰੰਕਾਰੀ ਜੀਓ॥

ਇਸ ਗੁਰਮਤਿ ਗਿਆਨ ਦੀ ਸੋਝੀ ਵੀ ਬ੍ਰਹਮ ਗਿਆਨੀ ਸਵਾਮੀ ਜੀ ਇਨ੍ਹਾਂ ਸ਼ਬਦਾਂ ਵਿੱਚ ਕਰਵਾਉਂਦੇ ਹਨ:-

ਸੱਚੀ ਸਹਿਜ ਸਮਾਧਿ ਜਾਂਦੀ ਲੱਗ ਜਦ
ਮਨ ਦੀ ਸੋਚ ਉਪਾਧਿ ਸਾਰੀ ਬਿਨਸਦੀ॥

ਅਤੇ:- ਨਾਮ ਰੂਪ ਸੰਸਾਰ ਜਾਂਦਾ ਭੁੱਲ ਜਦ
ਸ਼ੁੱਧ ਬੁੱਧ ਕਰਤਾਰ ਉਦੋਂ ਦਿਸਦਾ॥

ਇਸ ਲਈ ਉਸ ਜੋਤ ਸਰੂਪ ਅਮਰ ਨੂਰ ਨੂੰ ਵੇਖਣ ਲਈ ਮਨ ਦੇ ਅਥਾਹ ਸਾਗਰ ਵਿੱਚ ਤੇ ਹਿਰਦੇ ਦੇ ਬੁਲੰਦ ਆਕਾਸ਼ਾਂ ਪੁਰ ਜਾਣ ਦੀ ਲੋੜ ਹੈ; ਜਗਤ ਦੀ ਪ੍ਰੀਤ ਛੱਡ ਕੇ ਸਭਨਾਂ ਵਿੱਚ ਵਿਚਰ ਰਹੇ ਰਾਮ ਨਾਲ ਜੁੜਨ ਦੀ ਆਵੱਸ਼ਕਤਾ ਹੈ:-

ਜਿਤਨਾ ਚਿਰ ਨਰ ਉਲਟਾ ਹੋ ਕੇ
ਅੰਦਰ ਨੂੰ ਨਹੀਂ ਮੁੜਦਾ।
ਛੱਡ ਕੇ ਪਕੜ ਪ੍ਰੀਤ ਜੱਗ ਦੀ
ਰਾਮ ਨਾਲ ਨਹੀਂ ਜੁੜਦਾ॥

ਤਦ ਹੀ ਉਹ ਅਮਿਉਂ ਰਸ ਪੀ ਸਕੇਗਾ,ਤਦ ਹੀ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰ ਸਕੇਗਾ, ਤੇ ਤਾਂ ਹੀ ਅਨੁਭਵ ਦੀ ਬਾਣੀ ਉਸ ਦੀ ਸਮਝ ਵਿੱਚ ਪੈ ਸਕੇਗੀ।

ਉਤਨਾ ਚਿਰ ਨਹੀਂ ਪੀ ਸਕਦਾ ਨਰ ਅਦਭੁੱਤ ਅੰਮ੍ਰਿਤ ਪਾਣੀ।
ਗੁਰਮੁਖ ਦੀ ਸਮਝ ਪਵੇਗੀ ਇਹ ਅਨੁਭਵ ਦੀ ਬਾਣੀ॥

ਇਹ ਹੀ ਪ੍ਰੇਮ ਮਾਰਗ ਹੈ ;ਇਹ ਹੀ ਪਰਮ ਅਨੰਦ ਹੈ ਤੇ ਇਹ ਹੀ ਪਰਮ ਪੰਥ ਕਲਿਆਣ ਹੈ।ਇਹ ਹੀ ਨਿਰਮਲ ਪੰਥ ਸਤਿਗੁਰੂ ਨੇ ਦਰਸਾਇਆ ਸੀ;ਇਸੇ ਨੂਰੀ ਪੰਥ ਦੇ ਪਾਂਧੀ ਹਨ ਸਵਾਮੀ ਬ੍ਰਹਮਦੇਵ ਜੀ ਤੇ ਇਸੇ ਨੂਰੀ ਪੰਥ ਦੇ ਪਥ ਪ੍ਰਦਰਸ਼ਕ ਹਨ ਉਹ ਆਪ; ਕੇਵਲ 'ਨੂਰ ਦੇ ਨੇੜੇ' ਹੋ ਕੇ ਵੇਖਣ ਦੀ ਲੋੜ ਹੈ; ਉਸ ਮਾਰਗ ਪੁਰ ਟੁਰਨ ਦੀ ਆਵੱਸ਼ਕਤਾ ਹੈ :-

ਪਰਮ ਧਰਮ ਉਪਕਾਰ ਹੈ ਪਰਮ ਕਰਮ ਹੈ ਦਾਨ
ਪਰਮ ਅਨੰਦ ਵਿਰਾਗ ਹੈ ਪਰਮ ਪੰਥ ਕਲਿਆਨ॥

ਇਸ ਨੂਰ ਦੇ ਨੇੜੇ ਹੋ ਕੇ ਸਵਾਮੀ ਜੀ ਨੇ ਦਸ ਗੁਰੂਆਂ ਦੇ ਦਰਸ਼ਨ ਕੀਤੇ; ਇਸੇ ਨੂਰ ਦੇ "ਬ੍ਰਹਮਦੇਵ" ਜੀ ਨੇ ਦਸਮ ਪਾਤਸ਼ਾਹ ਦੀ ਸ੍ਰੀ ਸਾਹਿਬ ਤੇ ਪਾਵਨ ਕਾਨੀ ਵਿੱਚੋਂ ਦਰਸ਼ਨ ਪਾਏ ;ਇਸ ਨੂਰ ਨੂੰ ਕਲਗੀਧਰ ਪਾਤਿਸ਼ਾਹ ਦੀ ਕਲਮ ਵਿੱਚੋਂ ਵੇਖਿਆ ਅਤੇ ਗਿਆਨ ਪ੍ਰਾਪਤ ਕੀਤਾ :-

ਜਿਸਦੀ ਤੇਗ਼ ਨੇ ਇਨਕਲਾਬ ਦਿੱਤਾ
ਜਿਸਦੀ ਕਲਮ ਨੇ ਗਿਆਨ ਭੰਡਾਰ ਦਿੱਤਾ॥

ਇਸੇ ਪਾਤਿਸ਼ਾਹ ਦੇ ਅਖੰਡ ਭਾਰਤ ਦੇ ਸੰਕਲਪ ਨੂੰ ਨੂਰ ਦੇ ਨੇੜੇ ਹੋ ਕੇ ਸਵਾਮੀ ਜੀ ਨੇ ਅਨੁਭਵ ਕੀਤਾ ਤੇ ਵੱਖ ਵੱਖ ਹਦਬੰਦੀਆਂ ਨੂੰ ਮਸਨੂਈ ਜਾਣਿਆ:-

ਜਿਸਨੇ ਕਲਪਿਆ ਇੱਕ ਅਖੰਡ ਭਾਰਤ
ਸੂਬੇ ਬੰਦੀ ਨੂੰ ਜਿਨ੍ਹੇ ਵਿਸਾਰ ਦਿੱਤਾ
ਪੰਜਾਂ ਸੂਬਿਆਂ 'ਚੋਂ ਲੈ ਕੇ ਪੰਜ ਪਿਆਰੇ
ਜਿਸਨੇ ਪੰਜਾਂ ਨੂੰ ਇੱਕੋ (ਜਿਹਾ)ਪਿਆਰ ਦਿੱਤਾ॥

ਇਸ ਤਰ੍ਹਾਂ ਸਵਾਮੀ ਜੀ ਨੇ ਉਸ ਤੇਜੱਸਵੀ, ਪ੍ਰਚੰਡ, ਹੁਸਨ ਜਮਾਲ ਤੇ 'ਹੁਸਨਲ ਚਰਾਗ਼' ਦੇ ਨੂਰ ਵਿੱਚ ਸ਼ਕਤੀ ਤੇ ਭਗਤੀ, ਸ਼ਸਤ੍ਰ ਤੇ ਸ਼ਾਸਤ੍ਰ, ਗਿਆਨ, ਕ੍ਰਾਂਤੀ, ਤੇਜ ਤੇ ਚਾਨਣ ਦੇ ਨਾਲੋਂ ਨਾਲ ਝਲਕਾਰੇ ਵੇਖੇ ਹਨ। ਅਜਿਹਾ ਮਾਰਗ ਦਰਸਾਉਣ ਵਾਲਾ ਹੈ ਇਹ 'ਨੂਰ ਦੇ ਨੇੜੇ' ਰੂਪੀ ਕਾਵਿ ਸੰਗ੍ਰਹਿ, ਜੋ ਸਾਨੂੰ ਰੱਬੀ ਨੂਰ ਦੇ ਪ੍ਰਤੱਖ ਦਰਸ਼ਨ ਦੀਦਾਰੇ ਕਰਵਾਉਂਦਾ ਹੈ ਅਤੇ ਸ਼ਾਂਤੀ ਤੇ ਸ਼ਕਤੀ, ਗ੍ਰਿਹਸਥ ਤੇ ਸਹਿਜ ਸਮਾਧੀ, ਨਿਰਵਿਕਾਰ ਤੇ ਨਿਰਵਿਕਲਪ ਅੰਤਰ-ਧਿਆਨ ਦੀ ਸੋਝੀ ਕਰਵਾਉਂਦਾ ਹੈ :-

ਸਵਾਮੀ ਜੀ ਜੁਗਨੂੰ ਵਾਂਗ ਆਪ ਨੂਰ ਦੇ ਅਗਣੀ ਲਿਬਾਸ ਵਿੱਚ ਮਬਲੂਸ ਹਨ ਤੇ ਸਾਡੇ ਵਰਗੇ ਪੰਛੀ ਪਰਿੰਦੇ ਜੀਵਾਂ ਦੇ ਨੂਰ ਹਨ!ਇਕਬਾਲ ਦਾ ਸ਼ੇਅਰ ਉਨ੍ਹਾਂ ਦੀ ਜ਼ਾਤ ਪੁਰ ਠੀਕ ਹੀ ਢੁੱਕਦਾ ਹੈ :-

ਲਿਬਾਸਿ-ਨੂਰ ਮੇਂ ਮਸਤੂਰ ਹੂੰ ਮੈਂ
ਪਤੰਗੋਂ ਕੇ ਜਹਾਂ ਕਾ ਨੂਰ ਹੂੰ ਮੈਂ॥

ਉਨ੍ਹਾਂ ਨੇ 'ਨੂਰ ਦੇ ਨੇੜੇ' ਹੋਣ ਦਾ ਇੱਕੋ ਇੱਕ ਸਾਧਨ ਤੇ ਉਪਾਉ ਦ੍ਰਿੜ ਕਰਵਾਇਆ ਹੈ ਤੇ ਉਹ ਮਾਨਵ-ਪਿਆਰ, ਮਾਨਵ-ਦਰਦ, ਮਾਨਵ-ਮੁਹੱਬਤ ਤੇ ਸਰੂਰ; ਜਿਸ ਨਾਲ ਮਨੁੱਖ ਦਾ ਦਿਲ ਸਾਰੇ ਦਾ ਸਾਰਾ ਨੂਰ ਬਣ ਜਾਂਦਾ ਹੈ। ਏਹੀ ਬੀਜ ਉਨ੍ਹਾਂ ਨੇ ਸਾਡੇ ਮਨਾਂ ਵਿੱਚ ਬੀਜਿਆ ਹੈ ਜੋ ਫੁੱਟ ਕੇ ਅਖੀਰ ਤੂਰ ਦੇ ਬਾਗ ਦਾ ਨੂਰ ਵਖਾਵੇਗਾ। ਜੀਵ ਨੂੰ ਪਰਮ-ਨੂਰ ਨਾਲ ਹਮਕਲਾਮ ਹੋਣ ਦਾ ਅਵਸਰ ਪ੍ਰਦਾਨ ਕਰੇਗਾ। ਕਿੱਡਾ ਵੱਡਾ ਉਪਕਾਰ ਹੈ ਇਹ ਸਵਾਮੀ ਜੀ ਦਾ ਮਨੁੱਖ ਮਾਤਰ ਉੱਤੇ ;ਕਿੱਡਾ ਸੌਖਾ ਤੇ ਸੁੰਦਰ ਹੈ ਇਹ ਨੂਰ ਦੇ ਨੇੜੇ ਜਾਣ ਦਾ ਰਸਤਾ ਤੇ ਕਿੱਡੀ ਸੁਹਾਵਣੀ ਹੋਵਗੀ ਇਸ ਦੀ ਅੰਤਿਮ ਮੰਜ਼ਿਲ,ਜਦ ਜੀਵ ਉਸ ਮਹਾਨ ਤੇਜੱਸਵੀ ਸੂਰਜ ਦੇ ਨੂਰ ਵਿੱਚ ਕਿਰਨ ਵਾਂਗ ਰਲ ਜਾਵੇਗਾ ; ਮਹਾਨ ਨੂਰ ਦੇ ਸਾਗਰ ਵਿੱਚ ਸਦਾ ਲਈ ਸਮਾ ਜਾਵੇਗਾ। ਫਿਰ ਉਹ

ਪਰਿਪੂਰਨ ਦਾ ਅੰਗ ਬਣ ਜਾਵੇਗਾ; ਅਧੂਰਾ ਪੁਰਸ਼ ਸੰਪੂਰਣ ਹੋ ਜਾਵੇਗਾ;ਹਨੇਰਾ,ਚਾਨਣ ਵਿੱਚ ਜਜ਼ਬ ਹੋ ਜਾਵੇਗਾ :-

ਮੁਹੱਬਤ ਕੇ ਸਰੂਰ ਸੇ ਦਿਲ ਸਰਾਪਾ ਨੂਰ ਹੋਤਾ ਹੈ
ਜ਼ੱਰਾ ਸੇ ਬੀਜ ਬੀਜ ਸੇ ਪੈਦਾ ਰਿਯਾਜ਼ਿ-ਤੂਰ ਹੋਤਾ ਹੈ॥

ਬੱਸ ਇਹੀ ਪਹਿਚਾਨ ਹੈ ਉਸ(ਨੂਰ)ਦੀ ;ਉਸ ਨੂਰ ਦੇ ਸਿਰਜਣ- ਹਾਰ ਦੀ; ਤੇ ਇਹੀ ਵਿਧੀ ਹੈ ਉਸ ਨੂਰ ਮਾਰਗ ਪੁਰ ਤੁਰਨ ਦੀ ਤੇ ਉਸ 'ਨੂਰ ਦੇ ਨੇੜੇ' ਹੋਣ ਦੀ:-

ਜਿਸਨੂੰ ਸਮਝ ਨਾ ਸਕਦੇ ਬੁੱਧ ਬਾਣੀ,ਮਨ ਗਿਆਨ
"ਬ੍ਰਹਮਦੇਵ" ਉਸ ਬ੍ਰਹਮ ਨੂੰ ਪ੍ਰੇਮ ਨਾਲ ਪਹਿਚਾਨ॥

'ਨੂਰ ਦੇ ਨੇੜੇ' ਵਿੱਚ ਇਸੇ ਬ੍ਰਹਮ ਦੀ ਨੂਰੀ ਪਹਿਚਾਨ ਕਰਾਈ ਗਈ ਹੈ;ਜੀਵ ਨੂੰ ਬ੍ਰਹਮ ਦੇ ਐਨ ਨੇੜੇ ਲਿਆ ਖੜਾ ਕੀਤਾ ਗਿਆ ਹੈ,ਜਿਵੇਂ ਨਿਰੰਕਾਰ ਦੇ ਸੇਵਕਾਂ ਨੇ ਸਤਿਗੁਰੂ ਨਾਨਕ ਦੇਵ ਜੀ ਨੂੰ ਨਿਰੰਕਾਰ ਦੇ ਦਰਬਾਰ ਵਿੱਚ ਲਿਆ ਖਲ੍ਹਾਰਿਆ ਸੀ;ਪ੍ਰਚੰਡ ਤੇ ਸ਼ੀਤਲ ਨੂਰ ਨਾਲ ਹਮਕਲਾਮ ਹੋਣ ਲਈ ਤੇ ਉਸ ਪਿੱਛੋ ਉਸਦੇ ਨੂਰ ਵਿੱਚ ਸਦਾ ਸਦੀਵੀ ਵਿਚਰਣ ਲਈ ਸਮੂਹ ਲੋਕਾਈ ਨੂੰ ਸੱਚੇ 'ਨੂਰ' ਦਾ ਸੰਦੇਸੜਾ ਦੇਵਣ ਲਈ; ਮਾਤਲੋਕ ਦੇ ਜੀਵਾਂ ਨੂੰ ਨਿਰੰਕਾਰ ਦੇ ਨੂਰ ਦੇ ਨੇੜੇ ਲੈ ਜਾਣ ਲਈ ਅਤੇ ਸਾਖਿਆਤ ਦਰਸ਼ਨ ਦੀਦਾਰੇ ਕਰਵਾਉਣ ਲਈ ਅਖੀਰ ਦ੍ਰਿੜ ਵਿਸ਼ਵਾਸ ਸਹਿਤ ਸਤਿਗੁਰੂ ਦਾ ਸੱਚਾ ਸਿੱਖ ਨੂਰ ਦੇ ਸਾਖਿਆਤ ਦਰਸ਼ਨ ਕਰਕੇ ਆਪ ਮੁਹਾਰਾ ਪੁਕਾਰ ਉਠਿਆ :-

ਜੈਸਾ ਸਤਿਗੁਰ ਸੁਣੀਂਦਾ, ਤੈਸੋ ਹੀ ਮੈਂ ਡੀਠ॥

ਅਜਿਹੀ ਨੂਰ ਭਰੀ ਮਹਿਕ ਖਿੰਡਾਉਣ ਵਾਲੇ ਹਨ ਨੂਰ ਦੇ ਨੇੜੇ ਰਹਿਣ ਵਾਲੇ ਸਵਾਮੀ "ਬ੍ਰਹਮਦੇਵ" ਜੀ,ਜੋ ਵਾਸਤਵ ਵਿੱਚ ਹੀ ਸਤਿ ਪੁਰਸ਼ ਤੇ ਅਸਲ ਇਨਸਾਨ ਹਨ।ਉਨ੍ਹਾਂ ਦੇ ਬ੍ਰਹਮ ਗਿਆਨ ਦੀ ਮਹਿਕ ਨੂਰ ਦੇ ਨੇੜੇ ਦੁਆਰਾ ਅਵੱਸ਼ ਖਿੰਡੇਗੀ, ਇਸ ਦਾ ਮੈਨੂੰ ਵਿਸ਼ਵਾਸ ਹੈ;ਜੀਵ ਅਗਿਆਨ ਹਨੇਰੇ ਵਿੱਚੋਂ ਨਿੱਕਲ ਕੇ ਹਰ ਹਾਲਤ ਵਿੱਚ ਨੂਰ ਦੇ ਨੇੜੇ ਪੁੱਜੇਗਾ ਤੇ ਉਨ੍ਹਾਂ ਵਾਂਗ ਹੀ ਇਸ ਜਗਤ ਦੀ ਸ਼ਾਨ ਵਧਾਏਗਾ:-

ਜੋ ਦੁਨੀਆਂ ਵਿੱਚ ਬ੍ਰਹਮ ਗਿਆਨ ਦੀ ਮਹਿਕ ਖਿੰਡਾਉਂਦੇ ਨੇ
ਇਹੋ ਜਿਹੇ ਇਨਸਾਨ ਜਗਤ ਦੀ ਸ਼ਾਨ ਵਧਾਉਂਦੇ ਨੇ॥

ਤੇ ਅਜਿਹੇ ਜਗਤ ਦੀ ਸ਼ਾਨ ਵਧਾਉਣ ਵਾਲੇ ਸਵਾਮੀ ਜੀ ਨੂੰ ਮੇਰੀ ਕੋਟਨ ਕੋਟ ਨਮਸਕਾਰ ਹੈ;ਉਨ੍ਹਾਂ ਦੀ ਚਰਚਾ ਸੁਣ ਕੇ ਮੇਰਾ ਸੀਸ ਆਪ ਥੀਂ ਆਪ ਝੁਕ ਜਾਂਦਾ ਹੈ ਤੇ ਮੇਰੇ ਮੂੰਹੋਂ ਆਪ ਮੁਹਾਰੇ ਉਨ੍ਹਾਂ ਦੀ ਹੀ ਤੁਕ ਨਿੱਕਲ ਜਾਂਦੀ ਹੈ :-

ਮੈਂ ਤਾਂ ਜਿੱਥੇ ਸੁਣ ਲੈਂਦਾ ਹਾਂ ਚਰਚਾ ਤੇਰੇ ਨਾਂ ਦਾ
ਮੇਰਾ ਤਾਂ ਸਿਰ ਓਸ ਥਾਂ ਹੀ ਪਿਆਰ ਨਾਲ ਝੁਕ ਜਾਂਦਾ॥

# ਬ੍ਰਹਮ,ਜੋਤਿ ਤੇ ਨੂਰ

ਗਿਆਨੀ ਲਾਲ ਸਿੰਘ

ਸਵਾਮੀ "ਬ੍ਰਹਮਦੇਵ" ਜੀ ਨਾਲ ਮਿਤੀ ੧ ਸਤੰਬਰ ੧੯੯੩ ਨੂੰ ਅਚਾਨਕ ਮੁਲਾਕਾਤ ਹੋਈ,ਇਨ੍ਹਾਂ ਦੀ ਆਕ੍ਰਿਤੀ ਆਦਰਸ਼ਕ, ਬੋਲ ਮਧੁਰ,ਸੁਭਾਉ ਰਲਾਉਟਾ,ਹਿਰਦਾ ਸੁਹਿਰਦ ਤੇ ਵਰਤਾਓ ਨਿੱਘਾ ਪ੍ਰਤੀਤ ਕੀਤਾ। ਇਸੇ ਮੌਕੇ ਤੇ ਡਾ.ਸੀਤਲ ਜੀ ਨੇ ਇਨ੍ਹਾਂ ਦੀ ਅਤਿ ਸੁੰਦਰ ਛਪੀ ਪੁਸਤਕ ਨੂਰ ਦੇ ਨੇੜੇ ਵਿਖਾਈ। ਰਚਨਾ ਤੋਂ ਰਚੈਤਾ ਦੀ ਸਿੱਧੀ ਜਾਣਕਾਰੀ ਹਾਸਲ ਕਰਨ ਲਈ ਮੈਂ ਪੁਸਤਕ ਦਾ ਮੰਗਲ ਤਾਂ ਉਦੋਂ ਹੀ ਪੜ੍ਹ ਲਿਆ ਕਵੀ ਦਾ ਇਸ਼ਟ ਨਿਰਮਲ ਜੋਤ,ਨਾਮ ਬ੍ਰਹਮ,ਪੁਸਤਕ ਦਾ ਨਾਮ ਨੂਰ, ਤਿੰਨੇ ਪ੍ਰਯਾਇਵਾਚੀ ਸ਼ਬਦਾਂ ਨੇ ਉਤਸੁਕਤਾ ਜਗਾ ਦਿੱਤੀ। ਅਗਲੇ ਦਿਨ ਮੈਂ ਸਾਰੀ ਪੁਸਤਕ ਇੱਕੋ ਸਾਹ ਪੜ੍ਹ ਲਈ,ਵਧੀਆ ਕਾਗਜ਼ ਤੇ ਉਘੜਵੇਂ ਟਾਈਪ ਵਿੱਚ ੨੭ ਕਵਿਤਾਵਾਂ ਪੂਰੇ ੯੯ ਪੰਨਿਆਂ ਉੱਤੇ ਫੈਲੀਆਂ ਹੋਈਆਂ ਹਨ। ਚਿੱਟਾ ਦੁੱਧ ਸੋਨ ਕਟੋਰੀ ਵਿੱਚ ਪੇਸ਼ ਕਰਨ ਦਾ ਉਪਰਾਲਾ ਪ੍ਰਤੀਤ ਹੋਇਆ। ਕਵਿਤਾਵਾਂ ਦਾ ਵਿਸ਼ਾ ਭਾਰਤੀ ਧਰਮ, ਸਵੱਛ ਸਮਾਜ ਤੇ ਸੋਭਵੰਤ ਮਾਨਵ ਹੈ। ਇਸ ਮਾਨਵ ਦਾ ਲਕਸ਼ ਆਤਮ ਨੂੰ ਪਰਮਾਤਮ ਵਿੱਚ ਨੂਰ ਨੂੰ ਵਿਸ਼ਵ ਨੂਰ ਵਿੱਚ ਜੋਤਿ ਨੂੰ ਪਰਮ ਜੋਤਿ ਵਿੱਚ ਤੇ ਵਿਅਕਤੀ ਨੂੰ ਸਮਸ਼ਟੀ ਵਿੱਚ ਓਤ ਪੋਤ ਸਮਾਉਣ ਦਾ ਹੈ।

ਭਾਰਤੀ ਸੁਆਮੀ ਆਮ ਕਰਕੇ ਅਨੇਕ ਭਾਸ਼ਾਵਾਂ,ਸਮੂਹ ਪ੍ਰਾਚੀਨ ਸਾਹਿਤ ਦੇ ਅਣਗਿਣਤ ਸ਼ਲੋਕਾਂ ਨੂੰ ਕੰਠਾਗਰ ਰੱਖਦੇ ਹਨ। ਇਨ੍ਹਾਂ ਨੂੰ ਭਾਵੇਂ ਭਾਰਤੀ ਹੋਣ ਉੱਤੇ ਮਾਣ ਹੁੰਦਾ ਹੈ ਪਰ ਬਾਕੀ ਵਿਸ਼ਵ ਵਾਸੀਆਂ ਤੋਂ ਆਪਣੇ ਆਪ ਨੂੰ ਸ੍ਰੇਸ਼ਠ,ਦੂਜੇ ਧਰਮ ਅਵਲੰਬੀਆਂ ਤੋਂ ਉਚੇਰੇ ਸਮਝਕੇ ਉਨ੍ਹਾਂ ਤੋਂ ਅੱਡਰੇ ਰਹਿਣ ਵਿੱਚ ਵਡਿਆਈ ਅਨੁਭਵ ਕਰਦੇ ਹਨ। ਇਸੇ ਲਈ ਵਿਸ਼ਵ ਵਿੱਚ ਵਿਚਰਨ ਦੀ ਪਰਪਾਟੀ ਪ੍ਰਾਚੀਨਤੇ ਮੱਧ ਕਾਲੀ ਭਾਰਤੀ ਸੁਆਮੀਆਂ ਵਿੱਚ ਬਹੁਤ ਘੱਟ ਰਹੀ ਹੈ। ਇਸ ਵਲਗਨ ਨੂੰ ਤੋੜਨ ਦਾ ਸਿਹਰਾ ਗੁਰੂ ਨਾਨਕ ਦੇਵ ਜੀ ਦੇ ਸਿਰ ਬੱਝਦਾ ਹੈ, ਜਿਨ੍ਹਾਂ ਉਦਾਸੀ ਦੀ ਰੀਤ ਚਲਾਈ ਅਤੇ 'ਚੜ੍ਹਿਆ ਸੋਧਨ ਧਰਤ ਲੋਕਾਈ' ਦੀ ਕਾਵਿਕ ਵਡਿਆਈ ਪ੍ਰਾਪਤ ਕੀਤੀ। ਇਸ ਯੁੱਗ ਵਿੱਚ ਸੁਆਮੀ ਵਿਵੇਕਾਨੰਦ ੧੮੯੩ ਈ: ਨੂੰ ਵਿਸ਼ਵ ਧਰਮਾਂ ਦੇ ਸੰਮੇਲਨ ਵਿੱਚ ਸ਼ਿਕਾਗੋ ਵਿਖੇ ਸਮੂਹ ਧਰਮ ਅਵਲੰਬੀਆਂ ਨੂੰ ਸੰਬੋਧਨ ਕਰਨ ਲਈ ਗਏ। ਉਨ੍ਹਾਂ ਕਿਹਾ ਜਿਵੇਂ ਜਮਹੂਰੀਅਤ ਦੀ ਜਨਨੀ ਇੰਗਲੈਂਡ ਹੈ, ਇਵੇਂ ਵਿਸ਼ਵ ਧਰਮਾਂ ਦੀ ਜਨਨੀ ਮੇਰੀ ਮਾਤ ਭੂਮੀ (ਭਾਰਤ) ਹੈ। ਹਿੰਦੂ, ਬੁੱਧ, ਜੈਨ ਤੇ ਸਿੱਖ ਤਾਂ ਹੋਏ ਹੀ ਭਾਰਤੀ ਪਰ ਆਕਰਮਣ

ਕਾਰੀਆਂ ਦੁਆਰਾ ਆਇਆ ਇਸਲਾਮ,ਬਿਉਪਾਰੀਆਂ ਦੇ ਜਹਾਜ਼ਾਂ ਉੱਪਰ ਸਵਾਰ ਹੋ ਕੇ ਆਈ ਈਸਾਈਅਤ, ਸ਼ਰਨਾਰਥੀ ਬਣਕੇ ਆਏ ਪਾਰਸੀ ਤੇ ਯਹੂਦੀ ਧਰਮਾਂ ਨੂੰ ਮੇਰੀ ਮਾਤ ਭੂਮੀ ਨੇ ਆਪਣੀ ਗੋਦ ਦਾ ਨਿੱਘ ਬਖਸ਼ਿਆ ਹੈ।ਇਸੇ ਲਈ ਜਿੱਥੇ ਮਿਸਰ, ਰੋਮਨ ਤੇ ਯੂਨਾਨ ਦੀਆਂ ਪ੍ਰਾਚੀਨ ਸੰਸਕ੍ਰਿਤੀਆਂ ਮਿਟ ਗਈਆਂ ਉੱਥੇ ਭਾਰਤ ਦੀ ਸੰਸਕ੍ਰਿਤੀ ਜੀਵਤ ਸੀ, ਜੀਵਤ ਹੈ ਤੇ ਸਦਾ ਸਦ ਜੀਵਤ ਰਹੇਗੀ, ਕਿਉਂਕਿ ਇਸਦੀ ਏਕਤਾ ਏਨੀ ਵਿਸ਼ਾਲ ਹੈ ਕਿ ਅਨੰਤ ਅਨੇਕਤਾਵਾਂ ਇਸ ਵਿੱਚ ਸਹਿਜੇ ਹੀ ਸਮਾ ਸਕਦੀਆਂ ਹਨ।

ਸੁਆਮੀ "ਬ੍ਰਹਮਦੇਵ" ਆਪਣੀ ਰਚਨਾ ਤੋਂ ਵਿਸ਼ਵ ਨੂਰ ਗੁਰੂ ਨਾਨਕ ਦੇਵ ਜੀ, ਬਿਬੇਕ ਬੁੱਧ ਸੁਆਮੀ ਵਿਵੇਕਾਨੰਦ ਜੀ ਦੇ ਅਨੁਕਰਮੀ ਪ੍ਰਤੀਤ ਹੋਏ ਹਨ। ਇਹ ਪਛਾਣ ਛੋਟੀ ਜੇਹੀ ਮੁਲਾਕਾਤ ਤੋਂ ਹੀ ਹੋਈ ਹੈ।ਜੇ ਠੀਕ ਹੋਵੇ ਤਾਂ ਇਨ੍ਹਾਂ ਦੀ ਚਾਲ ਨਿਰੰਤਰ ਚਲਦੀ ਰਹੇ ਕਿਉਂਕਿ ਇਸ ਚਾਲ ਦਾ ਮੁਕਾਮ ਵਿਸ਼ਵ ਮਿਲਾਉਣੀ ਤੋਂ ਉਰ੍ਹੇ ਹੋ ਹੀ ਨਹੀਂ ਸਕਦਾ।

ਇਨ੍ਹਾਂ ਦੇ ਧਰਮ ਸਬੰਧੀ ਗਿਆਨ ਪੱਖ ਤੋਂ ਮੈਂ ਪ੍ਰਤੀਤ ਕੀਤਾ ਕਿ ਇਹ ਵਿਕਾਸਸ਼ੀਲ ਧਰਮ ਦੇ ਅਨੁਯਾਈ ਹਨ। ਸਭ ਗਿਆਨ ਧਿਆਨ ਸ਼ਾਸਤਰ ਸ਼ਰੁਤੀਆਂ ਸਿੰਮ੍ਰਤੀਆਂ ਇਨ੍ਹਾਂ ਲਈ ਵਿਸਤਿਰਤ ਹੁੰਦੀਆਂ ਜਾਂਦੀਆਂ ਹਨ। ਆਮ ਕਰਕੇ ਭਾਰਤੀ ਵਿਦਵਾਨ ਗਿਆਨ ਦੇ ਭਾਰ ਹੇਠ ਖੜੇ ਹੋ ਜਾਂਦੇ ਹਨ, ਖੜੋਤ ਨਾਲ ਵਿਵਾਦ ਛਿੜਦਾ ਹੈ। ਪੰਜਾਬੀ ਮੁਹਾਵਰੇ ਵਿੱਚ 'ਕੁੱਕੜ ਖੇਹ' ਵਾਦ ਵਿਵਾਦ ਦਾ ਸਿਖਰ ਮੰਨੀ ਜਾਂਦੀ ਹੈ ਪਰ ਚੁੰਚ ਗਿਆਨੀਆਂ ਦੀਆਂ ਝੜਪਾਂ ਦਾ ਇਹ ਪਾਓ ਪਾਸਿੰਗ ਵੀ ਨਹੀਂ ਹੁੰਦੀ। ਮੈਂ ਅਨੁਭਵ ਕੀਤਾ ਹੈ ਕਿ "ਬ੍ਰਹਮਦੇਵ" ਜੀ ਦਾ ਦਿਲ ਕਠੋਰ ਨਹੀਂ-ਤਰਲ ਹੈ ਹਨੇਰ ਨਹੀਂ-ਨੂਰ ਹੈ।

ਭਾਰਤ ਲਈ,ਵਿਸ਼ੇਸ਼ ਕਰਕੇ ਪੰਜਾਬ ਲਈ ਇਨ੍ਹਾਂ ਦਾ ਕਾਵਿ ਸੰਗ੍ਰਹਿ ਵੇਲੇ ਦਾ ਰਾਗ ਹੈ।ਪਤਾ ਨਹੀਂ ਕਿਉਂ,ਅੱਜ ਨਵੇਂ ਨਵੇਂ ਚਿੰਤਕ ਸਤਿਜੁਗ ਦੁਆਪਰ ਤ੍ਰੇਤੇ ਤੇ ਕਲਜੁਗ ਦੇ ਮਹਾਨ ਕਾਲ ਨੂੰ ਇਨ੍ਹਾਂ ਸਮਿਆਂ ਵਿੱਚ ਹੋਏ ਮਹਾਨ ਪੁਰਸ਼ਾਂ ਨੂੰ ਆਪਸ ਵਿੱਚ ਟਕਰਾਉਣ ਲਈ ਉਤਾਰੂ ਹੋ ਗਏ ਹਨ।ਪੰਜਾਬੀ ਅੱਜ ਸਭ ਤੋਂ ਵੱਧ ਚੁਾਂਮਲੇ ਨਜ਼ਰ ਆਉਂਦੇ ਹਨ,ਜਿਵੇਂ ਉਨ੍ਹਾਂ ਗੁਰੂ ਨਾਨਕ ਦੇਵ ਜੀ,ਭਾਈ ਮਰਦਾਨੇ, ਭਾਈ ਬਾਲੇ,ਪਿੰਜਰੇ ਵਿੱਚ ਬੈਠੇ ਰਾ-ਤੋਤੇ ਤੇ ਰਬਾਬ ਦੇ ਤਰੰਨੁਮ ਨਾਲ ਜੁੜੀ ਸੰਗਤਿ ਵੇਖੀ ਸੁਣੀ ਹੀ ਨਾ ਹੋਵੇ :-

ਛੇੜੇ ਕੋਈ ਰਬਾਬ,ਕਰੇ ਅੰਮ੍ਰਿਤ ਬਾਣੀ
ਰਸ ਭਿੰਨੀ ਬਣੇ,ਪੰਜਾਬ ਦੀ ਖਲਕਤ,

ਜਿਨ੍ਹਾਂ ਲਈ ਗੁਰਬਾਣੀ ਅਵਤਰਿਤ ਹੋਈ, ਜਿਸਨੇ ਸਭਨਾਂ ਨੂੰ-ਭਾਵੇਂ ਉਹ ਦਾਨਵ ਸੀ ਤੇ ਭਾਵੇਂ ਮਾਨਵ-ਇੱਕੋ ਜਿਹੇ ਨੂਰ ਨਾਲ ਲਿਸ਼ਕਾ ਦਿੱਤਾ ਸੀ, ਜਿਸ ਦਾ ਪ੍ਰਤਿਬਿੰਬ ਨੂਰ ਦੇ ਨੇੜੇ ਵਿੱਚ ਇਉਂ ਝਲਕਦਾ ਹੈ।

ਇਹ ਸਾਰਾ ਬ੍ਰਹਿਮੰਡ ਉਸਦੀ ਕ੍ਰਿਤ ਹੈ
ਤੇਜ ਪੁੰਜ ਪ੍ਰਚੰਡ ਨੂਰੋ ਨੂਰ ਉਹ॥ (ਪੰਨਾ ੮੨)

ਭਲਾ ਕੋਈ ਦੱਸੇ, ਇਹ ਗੁਰਬਾਣੀ ਸਮੇਂ ਨੂੰ ਵੰਡਣ ਦੇਂਦੀ ਹੈ? ਮਹਾਂਪੁਰਸ਼ਾਂ ਨੂੰ ਕਾਲ-ਬੱਧ ਕਰਦੀ ਹੈ ?

ਸਤਿਜੁਗ ਤੈਂ ਮਾਣਿਓ'
ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੇ ਮਾਣਿਓ
ਰਾਮ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸ਼ਨ ਮੁਰਾਰਿ
ਕੰਸ ਕਿਰਤਾਰਥ ਕੀਓ॥
ਉਗ੍ਰਸੈਣ ਕਉ ਰਾਜ
ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣ ਨਾਨਕ ਗੁਰੂ
ਅੰਗਦ ਅਮਰ ਕਹਾਇਓ॥
ਸ੍ਰੀ ਗੁਰੂ ਰਾਜ ਅਬਿਚਲੁ ਅਟਲੁ
ਆਦਿ ਪੁਰਖਿ ਫੁਰਮਾਇਓ॥ (ਆਦਿਗ੍ਰੰਥ ਪੰਨਾ ੧੩੯੦)

ਜੇ ਇਹ ਗੁਰਮਤਿ ਹੈ ਤੇ ਗੁਰਬਾਣੀ ਗੁਰਮਤਿ ਦੀ ਲਖਾਇਕ ਹੈ ਤਾਂ ਸੁਆਮੀ "ਬ੍ਰਹਮਦੇਵ" ਜੀ ਮੈਨੂੰ ਗੁਰਮਤਿ ਦੇ ਅਨੁਯਾਈ ਪ੍ਰਤੀਤ ਹੋਏ ਹਨ।

ਸੁਆਮੀ ਜੀ ਪਕਰੋੜ ਨਹੀਂ, ਵੇਲ ਵਾਂਗ ਕੋਮਲ ਹਨ-ਉਮਰ ਦੇ ਲਿਹਾਜ਼ ਨਾਲ ਵੀ, ਸੁਭਾਉ ਦੇ ਲਿਹਾਜ਼ ਨਾਲ ਵੀ ਅਤੇ ਅਤਿ ਕੋਮਲਤਾ ਦੀ ਭਾਰੀ ਜਾਂਚ ਦੀ ਤਾਂਘ ਦੀ ਜਾਚਨਾ ਵੀ ਕਰਦੇ ਹਨ। ਇਹ ਅੰਮ੍ਰਿਤ ਜਲ ਦੇ ਸੇਵਣ ਲਈ ਉਦਾਸੀ ਹੁੰਦਿਆਂ ਹੋਇਆ ਵੀ ਹਰ ਉਲਟ ਬਾਜ਼ੀ ਲਈ ਤਿਆਰ ਹਨ, ਕਿਉਂਕਿ ਜੋ ਇਨ੍ਹਾਂ ਬੁੱਧਿ ਬਿਬੇਕ ਨਾਲ ਸਮਝ ਲਿਆ ਹੈ ਕਿ ਭਾਵੇਂ ਮੱਛੀ ਜਲ ਵਿੱਚ ਰਹਿੰਦੀ ਹੈ, ਪਰ ਉਸਨੂੰ ਪਾਣੀ ਪੀਣ ਦੀ ਆਵੱਸ਼ਕਤਾ ਸਦਾ ਹੀ ਬਣੀ ਰਹਿੰਦੀ ਹੈ।

ਪਾਣੀ ਦੇ ਵਿੱਚ ਰਹਿੰਦੀ ਮੱਛਲੀ,
ਨੀਰ ਬਿਨਾਂ ਨਹੀਂ ਜੀਂਦੀ।
ਫਿਰ ਵੀ ਕਹਿੰਦੇ ਉਲਟੀ ਹੋ ਕੇ,
ਜਲ ਹੈ ਮੱਛੀ ਪੀਂਦੀ। (ਪੰਨਾ ੧੦੦)

ਇਸ ਲਈ ਭਗਤ ਵੱਛਲ ਬ੍ਰਹਮ ਵੱਲ ਨੀਝ ਲਾਈ ਸੁਆਮੀ ਜੀ ਝਾਕ ਰਹੇ ਹਨ, ਬਾਲਮੀਕ ਨੂੰ, ਵਿਆਸ ਨੂੰ, ਮੀਰਾਂ ਨੂੰ, ਸੂਰਦਾਸ ਨੂੰ, ਪੰਜਾਬ ਦੇ ਰਬਾਬ ਦੇ ਤਰੱਨੁਮ ਨੂੰ ਸੁਣਣ ਲਈ ਲੋਚ ਰਹੇ ਹਨ। ਵਿਨਿੰਮ੍ਰ ਹੋ ਕੇ ਆਪਣੀ ਅਲਪੱਗਤਾ ਨੂੰ ਸਵੀਕਾਰ ਕਰਦੇ ਹਨ ਪਰ ਜਾਚਨਾ ਨੂੰ ਨਿਰੰਤਰ ਜਾਰੀ ਰੱਖ ਰਹੇ ਹਨ।

ਮੱਛਰਾਂ ਤੋਂ ਨਹੀਂ ਅਸਮਾਨ ਮਿਣੀਂਦਾ
ਤਾਰਿਆਂ ਦਾ ਝੁੰਡ
ਬੱਚੇ ਤੋਂ ਨਹੀਂ ਗਿਣੀਂਦਾ (ਪੰਨਾ ੧੧੪)

ਜਾਚਨਾ ਕਿਸੇ ਥਾਂ ਤੋਂ ਝਿਜਕਣ ਦੀ ਨਹੀਂ ਹੈ-ਹਰ ਥਾਂ ਪੁੱਜਣ ਦੀ ਤਾਂਘ

ਹੈ,ਬਸ਼ਰਤੇ ਕਿ ਸੋਹਣਿਆਂ ਦਾ ਸਰਤਾਜ ਆਪ ਬੁਲਾਵੇ, ਤਾਂਘ ਉਸਦੇ ਨੂਰ ਦੀ ਹੈ ਕਿਉਂਕਿ ਨੂਰ ਦੇ ਨੇੜੇ ਹੀ ਨਹੀਂ ਪੁੱਜਣਾ ਸਗੋਂ ਨੂਰ ਬਣਨਾ ਹੈ।

ਮੰਦਿਰ ਮਸਜਿਦ ਜਾਂ ਗੁਰਦੁਆਰੇ
ਜੰਗਲ ਪਰਬਤ ਭਾਵੇਂ।
ਮੈਂ ਉੱਥੇ ਆ ਜਾਵਾਂ ਸੋਹਣਿਆਂ !
ਜਿੱਥੇ ਤੂੰ ਬੁਲਾਵੇ।
ਭੰਵਰੇ ਨਹੀਂ ਵੇਖਦੇ ਮਹਿਰਮ !
ਇਹ ਫੁੱਲ ਪੌਦਾ ਕਿਸਦੈ।
ਉਹਨਾਂ ਨੂੰ ਤਾਂ ਹਰ ਫੁੱਲ ਵਿੱਚੋਂ
ਇਸ਼ਟ ਆਪਣਾ ਦਿਸਦੈ (ਪੰਨਾ ੧੧੯)

# ਸਾਡੇ ਸਵਾਮੀ ਜੀ

ਪਿਆਰਾ ਸਿੰਘ ਦਾਤਾ

ਸਵਾਮੀ "ਬ੍ਰਹਮਦੇਵ" ਜੀ ਮਹਾਰਾਜ ਉੱਚ ਕੋਟੀ ਦੇ ਸੰਤ, ਮਹਾਨ ਦਾਰਸ਼ਨਿਕ, ਸਫ਼ਲ ਕਵੀ ਤੇ ਰੂਹਾਨੀਅਤ ਦੇ ਸੁਲਝੇ ਹੋਏ ਵਿਆਖਿਆਕਾਰ ਮਹਾਂਪੁਰਖ ਹਨ। ਜਿਸ ਪੰਜਾਬ ਦੀ ਪਵਿੱਤਰ ਧਰਤੀ ਨੇ ਅਨੇਕਾਂ ਹੀ ਸੰਤਾਂ, ਭਗਤਾਂ, ਗੁਰੂਆਂ, ਪੀਰਾਂ, ਸੂਫ਼ੀਆਂ, ਸ਼ਹੀਦਾਂ ਤੇ ਕਲਾਂਕਾਰਾਂ ਆਦਿ ਨੂੰ ਜਨਮ ਦਿੱਤਾ ਹੈ, ਉਸੇ ਹੀ ਪੰਜਾਬ ਦੇ ਇੱਕ ਚੰਗੇ ਸਰਦੇ ਪੁੱਜਦੇ ਉੱਚ ਘਰਾਣੇ ਵਿੱਚ ਸਵਾਮੀ ਜੀ ਦਾ ਜਨਮ ਹੋਇਆ ਹੈ ਨੂਰ ਦੇ ਨੇੜੇ ਦਾ ਇਹ ਦੋਹਾ:-

ਸਿਆਣੇ ਸੋਹਣੇ ਸੂਰਮੇ ਜਾ ਪਹੁੰਚਣ ਜਿਸ ਦੇਸ਼।<br>ਸ੍ਰਿਸਟੀ ਸੀਸ ਝੁਕਾਂਵਦੀ ਪੂਜਾ ਕਰਨ ਨਰੇਸ਼॥

ਉਨ੍ਹਾਂ ਉੱਪਰ ਬਿਲਕੁਲ ਪੂਰਾ ਉਤਰਦਾ ਹੈ। ਜੀਵਨ ਏਨਾ ਸਰਲ ਅਤੇ ਸਪਸ਼ਟ ਹੈ ਕਿ ਅਨੁਕਰਣ ਕਰਨ ਨੂੰ ਜੀ ਕਰਦਾ ਹੈ। ਨਾ ਕੋਈ ਵਡਿਆਈ ਦੀ ਇੱਛਾ ਨਾ ਕੋਈ ਬਾਹਰੀ ਵਿਖਾਵਾ ਅੰਦਰੋਂ ਬਾਹਰੋਂ ਇੱਕੋ ਰੂਪ। ਕਿਸੇ ਵੀ ਪ੍ਰਕਾਰ ਦੇ ਭੇਦ ਭਾਵ, ਉਚ ਨੀਚ ਜਾਂ ਜਾਤ ਪਾਤ ਨੂੰ ਉਨ੍ਹਾਂ ਦੇ ਦਿਲ ਵਿੱਚ ਕੋਈ ਥਾਂ ਨਹੀਂ ਹਸੂੰ ਹਸੂੰ ਕਰਦਾ ਚਿਹਰਾ ਤੇ ਮਿਲਾਪੜਾ ਸੁਭਾਅ ਹਰ ਇੱਕ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਨਾਜਾਇਜ਼ ਗੱਲ ਉਹ ਕਿਸੇ ਦੀ ਵੀ ਨਹੀਂ ਬਰਦਾਸ਼ਤ ਕਰਦੇ ਸਗੋਂ ਉਸ ਨੂੰ ਉਸ ਦੇ ਮੂੰਹ ਉੱਪਰ ਹੀ ਟੋਕ ਦੇਣਗੇ। ਫਿਰਕਾਪ੍ਰਸਤੀ ਤੇ ਮਜ਼ਬੀ ਤੁਅੱਸਬ ਦੇ ਸਖ਼ਤ ਬਰਖ਼ਿਲਾਫ਼ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਮੁੱਖਵਾਕ ਅਨੁਸਾਰ "ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨਿ" ਦੇ ਪੱਕੇ ਧਾਰਨੀ। ਆਤਮ ਨਿਰਭਰਤਾ ਤੇ ਸਵੈ ਵਿਸ਼ਵਾਸ ਦੀ ਸਾਖਿਆਤ ਮੂਰਤ। ਜਦੋਂ ਹਸਾਉਣ ਲੱਗਦੇ ਹਨ ਤਾਂ ਸਰੋਤਿਆਂ ਦੇ ਢਿੱਡੀਂ ਪੀੜਾਂ ਪਵਾ ਛੱਡਦੇ ਹਨ। ਗਹਿਰੇ ਤੋਂ ਗਹਿਰੇ ਵਿਸ਼ੇ ਉੱਪਰ ਗੱਲ ਕਰਦਿਆਂ ਵੀ ਕੋਈ ਇਹੋ ਜਿਹੀ ਹਾਸ ਵਿਅੰਗ ਦੀ ਚੁਟਕੀ ਛੱਡਣਗੇ ਜਿਸਨੂੰ ਸੁਣ ਕੇ ਹਾਸ ਰਸ ਦੇ ਦਾਦੇ ਗੁਰੂ ਵੀ ਹੈਰਾਨ ਹੋ ਜਾਣ ਤੇ ਏਵੇਂ ਕਦੇ ਕਦੇ ਮਜ਼ਾਕ ਰਸ ਦੇ ਆਲਮ ਵਿੱਚ ਵੀ ਏਡੀ ਵੱਡੀ ਗੰਭੀਰ ਗੱਲ ਕਹਿ ਜਾਂਦੇ ਹਨ ਜਿਸਨੂੰ ਸਮਝਣ ਲਈ ਹੀ ਕਾਫ਼ੀ ਸਮਾਂ ਲੱਗ ਜਾਂਦਾ ਹੈ।

ਪੰਜਾਬੀ ਭਾਸ਼ਾ ਨਾਲ ਸਵਾਮੀ ਜੀ ਦਾ ਕਿੰਨਾ ਕੁ ਸਨੇਹ ਹੈ ਉਸ ਦੇ ਸਬੂਤ ਵਜੋਂ ਉਨ੍ਹਾਂ ਦੀ ਪੁਸਤਕ ਨੂਰ ਦੇ ਨੇੜੇ ਹਾਜ਼ਰ ਹੈ। ਉਂਜ ਤਾਂ ਸਵਾਮੀ ਜੀ

ਸੰਸਕ੍ਰਿਤ,ਬ੍ਰਿਜ ਭਾਸ਼ਾ ਤੇ ਹਿੰਦੀ ਆਦਿ ਬੋਲੀਆਂ ਦੇ ਪ੍ਰਕਾਂਡ ਪੰਡਿਤ ਹਨ ਪਰ ਆਪਣੇ ਲਿਖਣ ਤੇ ਬੋਲਣ ਦਾ ਮਾਧਿਅਮ ਉਨ੍ਹਾਂ ਨੇ ਪੰਜਾਬੀ ਨੂੰ ਬਣਾਇਆ ਹੋਇਆ ਹੈ।

ਏਸੇ ਤਰ੍ਹਾਂ ਪੰਜਾਬੀ ਛੰਦਾਂ,ਖ਼ਾਸ ਕਰਕੇ ਮਲਵਈ ਛੰਦਾਂ ਦੇ ਪ੍ਰਤੀ ਉਨ੍ਹਾਂ ਦਾ ਲਗਾਉ ਵੀ ਬਹਤ ਗੂੜ੍ਹਾ ਹੈ। ਜਿਸ ਪੰਜਾਬੀ ਛੰਦ ਪਰੰਪਰਾ ਨੂੰ ਅੱਜ ਦਾ ਪੱਛਮੀ ਹਵਾ ਤੋਂ ਪ੍ਰਭਾਵਿਤ ਤੇ ਓਪਰੀ ਚਕਾਚੌਂਧ ਵਿੱਚ ਫਸਿਆ ਹੋਇਆ ਕਵੀ ਸਿਰਫ ਅਨਪੜ੍ਹਾਂ ਦੀਆਂ ਫ਼ਜੂਲ ਤੇ ਬੇਅਰਥ ਹੇਕਾਂ ਹੀ ਸਮਝਦਾ ਹੈ ਉਨ੍ਹਾਂ ਛੰਦਾਂ ਵਿੱਚ ਹੀ ਸਵਾਮੀ ਜੀ ਨੇ ਕਾਵਿ ਦੇ ਉਹ ਸੁੰਦਰ ਸੁੰਦਰ ਨਮੂਨੇ ਤੇ ਅਰਸ਼ੀ ਮਨੋਭਾਵ ਬਿਆਨ ਕੀਤੇ ਹਨ ਜਿਨ੍ਹਾਂ ਨੂੰ ਤੱਕ ਕੇ ਛੰਦ ਵਿਰੋਧੀ ਧਾਰਾ ਦੇ ਅਨੁਯਾਈ ਮੂੰਹ ਵਿੱਚ ਉਂਗਲਾਂ ਪਾ ਲੈਂਦੇ ਹਨ।

ਸਵਾਮੀ ਜੀ ਸਾਹਿਤ ਸਿਰਜਕ,ਸਾਹਿਤ ਸੇਵੀ ਤੇ ਸਾਹਿਤ ਪ੍ਰੇਮੀ ਹਨ। ਇਸ ਦਾ ਅਹਿਸਾਸ ਮੈਨੂੰ ਉਦੋਂ ਹੋਇਆ ਜਦੋਂ ਮੈਂ ਸਵਾਮੀ ਜੀ ਦੇ ਸੱਦੇ ਤੇ ਇਨ੍ਹਾਂ ਦੇ ਆਸ਼ਰਮ ਦੇ ਦਰਸ਼ਨਾਂ ਲਈ ਪਿਛਲੇ ਸਾਲ ਉਦਾਸੀ ਸੰਤ ਆਸ਼ਰਮ ਬੱਸੀਆਂ ਗਿਆ। ਇਸ ਆਸ਼ਰਮ ਵਿੱਚ ਪਹੁੰਚ ਕੇ ਮੈਂ ਇਉਂ ਮਹਿਸੂਸ ਕੀਤਾ,ਜਿਵੇਂ ਦੁਨੀਆਂ ਨਾਲੋਂ ਕੱਟ ਕੇ ਕਿਸੇ ਸਵਰਗਪੁਰੀ ਵਿੱਚ ਆ ਗਿਆ ਹੋਵਾਂ। ਬਿਲਕੁਲ ਚੁੱਪਚਾਪ ਤੇ ਸ਼ਾਂਤ ਵਾਤਾਵਰਣ। ਅਜਿਹੇ ਕੁਦਰਤੀ ਮਾਹੌਲ ਹੀ ਹਨ, ਜਿੱਥੇ ਬੰਦਾ ਆਪਣੇ ਆਪ ਨੂੰ ਕੁਦਰਤ ਦੀ ਗੋਦ ਵਿੱਚ ਬੈਠਾ ਮਹਿਸੂਸ ਕਰਦਾ ਹੈ।

ਰਾਤ ਨੂੰ ਖਾਣਾ ਖਾ ਕੇ ਵਿਚਾਰ ਵਿਟਾਂਦਰੇ ਮਗਰੋਂ ਜਦੋਂ ਅਸੀਂ ਆਸ਼ਰਮ ਦੇ ਵਿਸ਼ਾਲ ਸਹਿਨ ਵਿੱਚ ਆਪਣੇ ਮੰਜਿਆਂ ਤੇ ਲੇਟ ਗਏ ਤਾਂ ਆਕਾਸ਼ ਤੋਂ ਚਿੱਟੀ ਦੁੱਧ ਚਾਨਣੀ ਨੇ ਪ੍ਰਕਾਸ਼ ਨਾਲ ਸਾਡਾ ਵਿਹੜਾ ਭਰ ਦਿੱਤਾ। ਉਸ ਘੜੀ ਸਵਾਮੀ ਜੀ ਨੇ ਆਪਣੇ ਇੱਕ ਗੀਤ ਦਾ ਗਾਇਨ ਅਰੰਭਿਆ, ਬਹੁਤ ਪਿਆਰੀ ਮਧੁਰ ਆਵਾਜ਼,ਪੰਛੀਆਂ ਦੇ ਸੰਗੀਤ ਦੇ ਮਿਸ਼ਰਣ ਨਾਲ, ਅੱਲ੍ਹਾ ਕਸਮ ਉਹ ਰੰਗ ਬੱਝਿਆ, ਜਿਵੇਂ ਇੱਕ ਦਮ ਸਭ ਕੁਝ ਰੁੱਕ ਗਿਆ ਹੋਵੇ। ਉਸ ਸਮੇਂ ਪੌਣਾਂ ਖ਼ੁਸ਼ਬੂਆਂ ਵੰਡ ਰਹੀਆਂ ਸਨ ਤੇ ਨੇੜੇ ਦੇ ਬ੍ਰਿਛਾਂ ਦੀ ਸਰਸਰਾਹਟ, ਪੰਛੀਆਂ ਦੇ ਮਿੱਠੇ ਸੰਗੀਤ ਨਾਲ ਇੱਕ ਮਿੱਕ ਹੋ, ਉਸ ਗੀਤ ਵਿੱਚ ਗੜੂੰਦ ਸਾਨੂੰ ਸਭ ਕੁਝ ਭੁੱਲ ਗਿਆ। ਇਉਂ ਜਾਪਿਆ ਜਿਵੇਂ ਸਮਾਂ ਖਲੋ ਗਿਆ ਹੋਵੇ -ਇਸੇ ਵਾਤਾਵਰਣ ਵਿੱਚ ਪਤਾ ਨਹੀਂ ਕਿਸ ਘੜੀ ਨੀਂਦ ਆ ਗਈ, ਤੇ ਅਸੀਂ ਸੱਚਮੁੱਚ ਕੁਦਰਤ ਦੀ ਗੋਦ ਵਿੱਚ ਵਿਰਾਜਮਾਨ ਹੋ ਆਪਣੇ ਆਪ ਨੂੰ ਆਕਾਸ਼ ਵਿੱਚ ਉੱਡਦੇ ਮਹਿਸੂਸ ਕੀਤਾ।

ਅਧਿਆਤਮਿਕ ਅਨੁਭਵ ਤੇ ਰੂਹਾਨੀਅਤ ਬਾਰੇ ਤਾਂ ਸਵਾਮੀ ਜੀ ਦਾ ਤਜ਼ਰਬਾ ਬਹੁਤ ਹੀ ਵਿਸ਼ਾਲ ਹੈ। ਪ੍ਰਭੂ ਭਗਤੀ ਲਈ ਜਿੰਨੀ ਤੜਪ ਮੈਂ ਉਨ੍ਹਾਂ ਵਿੱਚ ਤੱਕੀ ਹੈ ਉਤਨੀ ਕਿਸੇ ਹੋਰ ਆਮ ਸੰਤ ਵਿੱਚ ਘੱਟ ਹੀ ਵੇਖਣ ਨੂੰ ਮਿਲੀ ਹੈ। ਉਂਜ ਚੂੰਕਿ ਇਹ ਗੱਲ ਅਨੁਭਵ ਦੇ ਖੇਤਰ ਦੀ ਹੈ ਤੇ ਇਸਦੇ ਸੰਬੰਧ ਵਿੱਚ ਅਸੀਂ ਬਹੁਤ ਕੁਝ ਕਹਿ ਸੁਣ ਨਹੀਂ ਸਕਦੇ। ਅਕਾਲ ਪੁਰਖ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਉਹ ਸਵਾਮੀ ਜੀ ਨੂੰ ਲੰਮੀ ਉਮਰ ਤੇ ਸਰੀਰਕ ਤੰਦਰੁਸਤੀ ਦੀ ਬਖਸ਼ਿਸ਼ ਕਰਨ ਤਾਕਿ ਉਹ ਆਪਣੀ ਸੱਚੀ ਸੁੱਚੀ ਤੇ ਸਹੀ ਸੇਧ ਦੇ ਕੇ ਜਨਤਾ ਦੇ ਰਾਹ ਰੌਸ਼ਨ ਕਰਦੇ ਰਹਿਣ।

ਦੋਹਰਾ ਛੰਦ:-

## ਮੰਗਲ

ਸਤਿ ਚਿੱਤ ਆਨੰਦ ਰੂਪ ਪ੍ਰਭ ਪ੍ਰਣਵ ਅੱਖਰ ਓਮ।
ਘਟ ਘਟ ਦੇ ਵਿੱਚ ਰਮ ਰਿਹਾ ਜੀਕਣ ਸ਼ਬਦ ਵਿਓਮ॥

ਦਿਸ਼ਾ ਦੇਸ਼ ਅਤੇ ਕਾਲ ਤੋਂ ਉੱਪਰ ਪੁਰਖ ਅਨੂਪ।
ਸਹਿਜ ਸ਼ਾਂਤ ਚੇਤੰਨ ਨਿੱਤ ਅਚਰਜ ਅਨੁਭਵ ਰੂਪ॥

ਅੰਮ੍ਰਿਤ ਮਾਨਸ ਅਪਰ ਪਰ ਜੰਮਣ ਮਰਨ ਵਿਹੀਨ।
ਪ੍ਰਕਾਸ਼ਕ ਤ੍ਰਿਭੁਵਣ ਦਾ ਆਦਿ ਅਨਾਦਿ ਨਵੀਨ॥

ਨਿਰਮਲ ਜੋਤ ਅਖੰਡ ਸੁੱਖ ਜੋ ਤ੍ਰਿਗੁਣ ਤੋਂ ਪਾਰ।
ਜਿਸ ਵਿੱਚ ਮਿੱਥਿਆ ਭਾਸਦਾ ਨਾਮ ਰੂਪ ਸੰਸਾਰ॥

ਜਿਸ ਨੂੰ ਸਮਝ ਨਾ ਸਕਦੇ ਬੁੱਧ ਬਾਣੀ ਮਨ ਗਿਆਨ।
"ਬ੍ਰਹਮਦੇਵ" ਉਸ ਬ੍ਰਹਮ ਨੂੰ ਪ੍ਰੇਮ ਨਾਲ ਪਹਿਚਾਨ॥

ਆਦਿ ਪੁਰਖ ਪਰਮਾਤਮਾ ਪਰਮੇਸ਼ਵਰ ਸੁਖ ਰੂਪ।
ਕਣ ਕਣ ਵਿੱਚ ਵਿਰਾਜਦਾ ਮਾਇਆ ਰਹਿਤ ਅਨੂਪ॥

ਅਗਮ ਅਗੋਚਰ ਵਿਰਜ ਅਜ ਅਬਿਨਾਸੀ ਭਗਵਾਨ।
ਅੰਦਰ ਬਾਹਰ ਜਗਤ ਦੇ ਰਮਿਆ ਵਿਭੂ ਮਹਾਨ॥

ਪ੍ਰਕ੍ਰਿਤੀ ਦਾ ਪਾਤਸ਼ਾਹ ਪਰਮ ਸੁਤੰਤਰ ਨਾਥ।
ਕਰਤਾਂ ਆਦਿ ਜੁਗਾਦਿ ਦਾ ਅਨਬਚਨੀ ਨਿਰਗਾਥ॥

ਅਗੁਣ ਸਗੁਣ ਸਰਵੱਗ ਪ੍ਰਭੂ ਸਰਵਾਤਮ ਸਤਿਨਾਮ।
ਚੇਤਨ ਘਨ, ਘਨਸ਼ਿਆਮ ਨੂੰ ਵਾਰ ਵਾਰ ਪ੍ਰਣਾਮ॥

ਅਚਰਜ ਅਦਭੁਤ ਅਖਿਲ ਪਤਿ ਜੋ ਸਭ ਕੁਝ ਦੇ ਮੂਲ।
ਉਹ ਨਟ ਨਾਗਰ ਬ੍ਰਹਮ ਦੇ ਸਦਾ ਰਹਿਣ ਅਨੁਕੂਲ॥

ਦੋਤਾਰਾ ਛੰਦ :-

## ਸਤਿਪੁਰਖ

ਗੁਣ ਰਸਿਕ ਆਦਮੀ ਜੋ ਵਿਦਿਆ ਵੰਤ ਕਲਾ ਪਰਵੀਨ।
ਹਰ ਪਲ ਪ੍ਰਸੰਨ ਰਹਿੰਦੇ ਵਿਰਤੀ ਸਦਾ ਰਾਮ ਰਸ ਲੀਨ॥
ਸਭ ਦੇ ਸ਼ੁਭਚਿੰਤਕ ਜੋ ਕਰਦੇ ਰਹਿਣ ਸਦਾ ਉਪਕਾਰ।
ਉਨ੍ਹਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ॥

ਹੋਰਾਂ ਲਈ ਸਿਆਣੇ ਜੋ ਹੁੰਦੇ ਆਪਣੇ ਲਈ ਅਨਜਾਣ।
ਖ਼ੁਦ ਮੌਜ ਮਸਤ ਰਹਿੰਦੇ ਵਧਾਓਂਦੇ ਦੂਸਰਿਆਂ ਦੀ ਸ਼ਾਨ॥
ਕਾਰਣ ਬਿਨ ਮਿੱਤਰ ਜੋ ਤੇ ਮਿੱਠ ਬੋਲੇ ਸਦਾ ਬਹਾਰ।
ਉਨ੍ਹਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ॥
ਮਨ ਬਚਨ ਕਰਮ ਕਰਕੇ ਜਿਹੜੇ ਕਰਦੇ ਸਦਾ ਭਲਾਈ।
ਜਿਉਂ ਬੱਦਲ ਮੌਸਮ ਦੇ ਵਰਸ ਕੇ ਕਰਦੇ ਸੁਖੀ ਲੁਕਾਈ ॥
ਚੰਦਨ ਸਮ ਸ਼ੀਤਲ ਜੋ ਸੋਹਣੇ ਪੌਦੇ ਜੋ ਫਲਦਾਰ।
ਉਨ੍ਹਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ ॥

ਜਿਹਨਾਂ ਵਿੱਚ ਹੁੰਦਾ ਨਹੀਂ ਕੁਲ ਧਨ ਰੂਪ ਰਾਜ ਦਾ ਮਾਨ।
ਤ੍ਰਿਗੁਣ ਤੋਂ ਉੱਪਰ ਜੋ ਸਮਝਦੇ ਹਾਨੀ ਲਾਭ ਸਮਾਨ॥
ਆਦਰਸ਼ ਜ਼ਮਾਨੇ ਲਈ ਰੱਖਦੇ ਸ਼ੁੱਧ ਅਚਾਰ ਵਿਚਾਰ।
ਉਨ੍ਹਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ॥

ਉਨ੍ਹਾਂ ਚੋਂ ਆਉਂਦੀ ਏ ਮਿੱਠੀ ਮਹਿਕ ਜਿਵੇਂ ਕਸਤੂਰੀ।
ਨਾਜ਼ੁਕ ਦਿਲ ਸੋਹਣੇ ਜੋ ਮਸਤੀ ਭਿੰਨੇ ਨੈਣ ਸਰੂਰੀ॥
ਜਿਨ੍ਹਾਂ ਚਿੱਤ ਚੋਰਾਂ ਦੇ ਹੁੰਦਾ ਸਾਹ ਸਾਹ ਵਿੱਚ ਪਿਆਰ।
ਉਨ੍ਹਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ॥

ਚੰਨ ਤਾਪ ਮਿਟਾਉਂਦੈ ਜਿਉਂ ਕਰਦੀ ਪਾਪ ਹਰਨ ਜਿਉਂ ਗੰਗ।
ਸੁਰਗਾਂ ਦਾ ਕਲਪ ਤਰੂ ਕਰਦਾ ਦੁੱਖ ਦਰਿੱਦਰ ਭੰਗ॥
ਜੋ ਪੂਰਨ ਪੁਰਖ ਧਨੀ ਦਿੰਦੇ ਤਿੰਨੇ ਕਸ਼ਟ ਨਿਵਾਰ।
ਉਨ੍ਹਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ ॥

ਖ਼ੁਸ਼ਕਿਸਮਤ ਬੰਦੇ ਉਹ ਜਿਹੜੇ ਕਰਨ ਤਿਨ੍ਹਾਂ ਦੀ ਸੇਵਾ।
ਜਿਨ੍ਹਾਂ ਦੀ ਸੇਵਾ ਚੋਂ ਮਿਲਦਾ ਮੁਕਤ ਮਹਾਂਪਦ ਮੇਵਾ॥
ਦੁਨੀਆ ਵਿੱਚ ਕਰਦੇ ਜੋ ਸ਼ਰਧਾ ਭਗਤੀ ਦਾ ਪ੍ਰਚਾਰ।
ਉਨ੍ਹਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ॥

ਨੈਣਾਂ ਵਿੱਚ ਮਿਰਗਾਂ ਦੇ ਜਿਸ ਨੇ ਧੁਰ ਤੋਂ ਕਾਜਲ ਪਾਇਆ।
ਜਿਸ ਮਹਾਂ ਮੁਸੱਵਰ ਨੇ ਅਦਭੁਤ ਪੰਛੀ ਮੋਰ ਬਣਾਇਆ॥
ਉਹ "ਬ੍ਰਹਮਦੇਵ" ਪਾਉਂਦੈ ਸ਼ੁਭ ਗੁਣ ਸੰਤਾਂ ਵਿੱਚ ਕਰਤਾਰ।
ਉਨ੍ਹਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ॥

○

ਬਰਨਕ ਛੰਦ:-

ਪੂਜਨੀਕ ਉਹ ਪਰਮ ਪੁਰਖ ਹਨ ਲਾਇਕ ਬੰਦਨ ਦੇ।
ਜਗਤ ਚਮਨ ਵਿੱਚ ਜਿਹੜੇ ਬੂਟੇ ਬਾਵਨ ਚੰਦਨ ਦੇ॥
ਜੋ ਦੁਨੀਆਂ ਵਿੱਚ ਬ੍ਰਹਮ ਗਿਆਨ ਦੀ ਮਹਿਕ ਖਿੰਡਾਉਂਦੇ ਨੇ।
ਇਹੋ ਜਿਹੇ ਇਨਸਾਨ ਜਗਤ ਦੀ ਸ਼ਾਨ ਵਧਾਉਂਦੇ ਨੇ ॥

ਦੇਹਿ ਆਦਿਕ ਤੋਂ ਉੱਚੇ ਤੇ ਹਉਮੈ ਦੇ ਤਿਆਗੀ ਉਹ।
ਸ੍ਰਿਸ਼ਟੀ ਤੋਂ ਉਪਰਾਮ ਆਤਮਾ ਰਸਿਕ ਵਿਰਾਗੀ ਉਹ॥
ਪੱਕੇ ਨਿਸ਼ਚੇ ਵਾਲੇ ਮਨ ਉੱਤੇ ਕਾਬੂ ਪਾਉਂਦੇ ਨੇ।
ਇਹੋ ਜਿਹੇ ਇਨਸਾਨ ਜਗਤ ਦੀ ਸ਼ਾਨ ਵਧਾਉਂਦੇ ਨੇ॥

ਸੁੱਖ ਦੁੱਖ ਉਸਤਤ ਨਿੰਦਿਆ ਰਹਿਤ ਦਇਆ ਦੇ ਸਾਗਰ ਜੋ।
ਪਰਮ ਸੁਹਿਰਦ ਸਿਆਣੇ ਸ਼ੀਤਲ ਮਨ ਮਲਿਆਗਰ ਜੋ॥
ਸਰਲ ਸੁਭਾਅ ਨਿਰਮਾਨ ਜੋ ਗਿਆਨ ਸਰੋਵਰ ਨ੍ਹਾਉਂਦੇ ਨੇ।
ਇਹੋ ਜਿਹੇ ਇਨਸਾਨ ਜਗਤ ਦੀ ਸ਼ਾਨ ਵਧਾਉਂਦੇ ਨੇ॥

ਨਾਮ ਨਿਰੰਜਨ ਰਾਤੇ ਨਿਰਭਉ ਨਿਰਮਲ ਚਿੱਤ ਸਦਾ।
ਇਕ ਰਸ ਬ੍ਰਹਮ ਸਰੂਪ ਸੂਰਮੇ ਇੰਦਰੇ ਜਿੱਤ ਸਦਾ॥
ਸਤਿਵਾਦੀ ਸੰਤੋਸ਼ੀ ਸਭ ਦਾ ਭਲਾ ਮਨਾਉਂਦੇ ਨੇ।
ਇਹੋ ਜਿਹੇ ਇਨਸਾਨ ਜਗਤ ਦੀ ਸ਼ਾਨ ਵਧਾਉਂਦੇ ਨੇ॥

ਚੰਚਲਤਾ ਚਤੁਰਾਈ ਦੇ ਉਹ ਨੇੜੇ ਢੁੱਕਦੇ ਨਹੀਂ।
ਮੋਹ ਮਤਸਰ ਮਦ ਮਾਇਆ ਦੇ ਉਹ ਅੱਗੇ ਝੁਕਦੇ ਨਹੀਂ॥
ਦੰਭ ਕਪਟ ਛਲ ਛੱਡ ਕੇ ਪਾਵਨ ਪਥ ਅਪਣਾਉਂਦੇ ਨੇ।
ਇਹੋ ਜਿਹੇ ਇਨਸਾਨ ਜਗਤ ਦੀ ਸ਼ਾਨ ਵਧਾਉਂਦੇ ਨੇ॥

ਉੱਚੇ ਜੀਵਨ ਵਾਲੇ ਮਨ ਤਨ ਧਨੋਂ ਪਵਿੱਤਰ ਜੋ।
ਰਾਗ ਕੁੱਲ ਆਲਮ ਦੇ ਮਿੱਤਰ ਜੋ॥
ਭੁੱਖ ਪਿਆਸ ਵਿੱਚ ਰਹਿ ਕੇ ਵੀ ਉਹ ਹਰਿ ਗੁਣ ਗਾਉਂਦੇ ਨੇ।
ਇਹੋ ਜਿਹੇ ਇਨਸਾਨ ਜਗਤ ਦੀ ਸ਼ਾਨ ਵਧਾਉਂਦੇ ਨੇ॥

ਸਗੋਂ ਸਖਤ ਹੋ ਡਟ ਜਾਂਦੇ ਸਿਰ ਸੰਕਟ ਆਏ ਤੋਂ।
ਜੀਕਣ ਸੋਨਾ ਵੱਧ ਚਮਕਦੈ ਅੱਗ 'ਚ ਪਾਏ ਤੋਂ॥
ਪ੍ਰਾਣ ਨਿਛਾਵਰ ਕਰ ਕੇ ਵੀ ਉਹ ਧਰਮ ਬਚਾਉਂਦੇ ਨੇ।
ਇਹੋ ਜਿਹੇ ਇਨਸਾਨ ਜਗਤ ਦੀ ਸ਼ਾਨ ਵਧਾਉਂਦੇ ਨੇ॥

ਈਨ ਕਦੇ ਨਹੀਂ ਮੰਨਦੇ ਉਹ ਜ਼ਾਲਿਮ ਜਰਵਾਣਿਆਂ ਦੀ।
ਲੇਕਿਨ ਫੜਦੇ ਪਿਆਰ ਨਾਲ ਬਾਂਹ ਨੀਚ ਨਿਤਾਣਿਆਂ ਦੀ॥
"ਬ੍ਰਹਮਦੇਵ" ਉਹ ਗੁਰਮੁਖ ਗਾਡੀ ਰਾਹ ਚਲਾਉਂਦੇ ਨੇ।
ਇਹੋ ਜਿਹੇ ਇਨਸਾਨ ਜਗਤ ਦੀ ਸ਼ਾਨ ਵਧਾਉਂਦੇ ਨੇ॥

o

ਡੂਢਾ ਕੋਰੜਾ ਛੰਦ :-
ਚਿਹਰਿਆਂ ਤੇ ਰੌਸ਼ਨੀ ਮਹਾਨ ਹੁੰਦੀ ਹੈ ਦੱਗ ਦੱਗ ਦੱਗਦੀ।
ਜਿਨ੍ਹਾਂ ਦੇ ਲਈ ਤਿਨਕੇ ਸਮਾਨ ਹੁੰਦੀ ਹੈ ਮਾਇਆ ਸਾਰੇ ਜੱਗ ਦੀ॥
ਸਾਊ ਮਿੱਠ ਬੋਲੇ ਦਿਲਦਾਰ ਹੁੰਦੇ ਨੇ ਉਹ ਨੂਰਾਨੀ ਆਦਮੀ।
ਇਹੋ ਜਿਹੇ ਗੁਣਾਂ ਦੇ ਭੰਡਾਰ ਹੁੰਦੇ ਨੇ ਬ੍ਰਹਮ ਗਿਆਨੀ ਆਦਮੀ॥

ਸੱਜਣਾਂ ਲਈ ਹੁੰਦੇ ਕਲੀਆਂ ਦੇ ਫੁੱਲ ਜੋ ਖ਼ੁਸ਼ਬੋਈਆਂ ਵੰਡਦੇ।
ਨੀਚਾਂ ਲਈ ਕਠੋਰ ਬੱਜਰਾਂ ਦੇ ਤੁੱਲ ਜੋ ਦੰਡ ਦੇ ਕੇ ਦੰਡਦੇ॥
ਦੇਸ਼ ਭਗਤਾਂ ਦੇ ਸ਼ਾਹਸਵਾਰ ਹੁੰਦੇ ਨੇ ਉਹ ਮੈਦਾਨੀ ਆਦਮੀ।
ਇਹੋ ਜਿਹੇ ਗੁਣਾਂ ਦੇ ਭੰਡਾਰ ਹੁੰਦੇ ਨੇ ਬ੍ਰਹਮ ਗਿਆਨੀ ਆਦਮੀ॥

ਕਸ਼ਟ ਕਲੇਸ਼ ਪਾਪ ਤਾਪ ਦੀਨਤਾ ਓਨ੍ਹਾਂ ਨੂੰ ਨਹੀਂ ਵਿਆਪਦੇ।
ਚੜ੍ਹਦੀ ਕਲਾ 'ਚ ਰੱਖਦੇ ਨਵੀਨਤਾ ਪੁੰਜ ਪ੍ਰਤਾਪ ਦੇ॥

ਦੁਨੀਆਂ ਦੇ ਬਾਗ਼ ਦੀ ਬਹਾਰ ਹੁੰਦੇ ਨੇ ਸ਼ਾਦਮਾਨੀ ਆਦਮੀ।
ਇਹੋ ਜਿਹੇ ਗੁਣਾਂ ਦੇ ਭੰਡਾਰ ਹੁੰਦੇ ਨੇ ਬ੍ਰਹਮ ਗਿਆਨੀ ਆਦਮੀ॥

ਕਲਾ ਦੇ ਉਪਾਸਕ ਪੁਜਾਰੀ ਗੁਣ ਦੇ ਬੜੇ ਦਿਆਲੂ ਹੁੰਦੇ ਨੇ।
ਕਹਿੰਦੇ ਬਹੁਤ ਘੱਟ ਤੇ ਜ਼ਿਆਦਾ ਸੁਣਦੇ ਉਹ ਸੰਗਾਲੂ ਹੁੰਦੇ ਨੇ॥
ਦੋਸਤ ਨਿਵਾਜ਼ ਵਫ਼ਾਦਾਰ ਹੁੰਦੇ ਨੇ ਨਿਰਮਾਨੀ ਆਦਮੀ।
ਇਹੋ ਜਿਹੇ ਗੁਣਾਂ ਦੇ ਭੰਡਾਰ ਹੁੰਦੇ ਨੇ ਬ੍ਰਹਮ ਗਿਆਨੀ ਆਦਮੀ॥

ਸ੍ਰਿਸ਼ਟੀ ਦੇ ਸਾਂਝੇ ਚਾਂਦਨੀ ਜਿਉਂ ਚੰਦ ਦੀ ਉਹ ਅਭੇਦ ਹੁੰਦੇ ਨੇ।
ਸਾਰਿਆਂ ਨੂੰ ਦਾਤ ਦੇਂਵਦੇ ਅਨੰਦ ਦੀ ਤੇ ਅਖੇਦ ਹੁੰਦੇ ਨੇ॥
ਰੱਬ ਦੇ ਪਿਆਰੇ ਨਿਰਾ ਪਿਆਰ ਹੁੰਦੇ ਨੇ ਦਿਲਜਾਨੀ ਆਦਮੀ।
ਇਹੋ ਜਿਹੇ ਗੁਣਾਂ ਦੇ ਭੰਡਾਰ ਹੁੰਦੇ ਨੇ ਬ੍ਰਹਮ ਗਿਆਨੀ ਆਦਮੀ॥

ਕਾਮ ਕ੍ਰੋਧ ਅਦਿਕਾਂ ਤੋਂ ਦੂਰ ਰਹਿੰਦੇ ਉਹ ਨੇੜੇ ਭਗਵਾਨ ਦੇ।
ਖ਼ੁਦ ਮਸਤੀ 'ਚ ਮਖਮੂਰ ਰਹਿੰਦੇ ਉਹ ਉੱਚੇ ਰਸ ਮਾਣਦੇ॥
ਜੱਗ ਦੇ ਭਲੇ ਲਈ ਸਦਾ ਤਿਆਰ ਹੁੰਦੇ ਨੇ ਮਹਾਂ ਦਾਨੀ ਆਦਮੀ।
ਇਹੋ ਜਿਹੇ ਗੁਣਾਂ ਦੇ ਭੰਡਾਰ ਹੁੰਦੇ ਨੇ ਬ੍ਰਹਮ ਗਿਆਨੀ ਆਦਮੀ॥

ਸਾਗਰਾਂ ਸਮਾਨ ਗਹਿਰ ਗੰਭੀਰਤਾ ਉਨ੍ਹਾਂ ਵਿੱਚ ਹੁੰਦੀ ਏ।
ਅਜਰ ਜਰਨ ਵਾਲੀ ਸੂਰਬੀਰਤਾ ਦਿਲ ਖਿੱਚ ਹੁੰਦੀ ਏ॥
ਧੀਰਜ ਖਿਮਾ ਦੇ ਅਵਤਾਰ ਹੁੰਦੇ ਨੇ ਉਹ ਲਾਸਾਨੀ ਆਦਮੀ।
ਇਹੋ ਜਿਹੇ ਗੁਣਾਂ ਦੇ ਭੰਡਾਰ ਹੁੰਦੇ ਨੇ ਬ੍ਰਹਮ ਗਿਆਨੀ ਆਦਮੀ॥

ਉੱਚੇ ਉੱਠੇ ਹੁੰਦੇ ਮਾਨ ਵਡਿਆਈ ਤੋਂ ਇਨ੍ਹਾਂ 'ਚ ਨਹੀਂ ਫੱਸਦੇ।
ਸਾਰਾ ਸਰਬੰਸ ਵਾਰਦੇ ਲੁਕਾਈ ਤੋਂ ਧਰਮੋਂ ਨਹੀਂ ਨੱਸਦੇ॥
"ਬ੍ਰਹਮਦੇਵ" ਨੀਵਿਆਂ ਦੇ ਯਾਰ ਹੁੰਦੇ ਨੇ ਸੱਚੇ ਬਾਨੀ ਆਦਮੀ।
ਇਹੋ ਜਿਹੇ ਗੁਣਾਂ ਦੇ ਭੰਡਾਰ ਹੁੰਦੇ ਨੇ ਬ੍ਰਹਮ ਗਿਆਨੀ ਆਦਮੀ॥

੦

ਕੋਰੜਾ ਛੰਦ:-

## ਮਨਮੁੱਖ

ਜਾਣਾ ਤਾਂ ਸੀ ਅੱਗੇ ਪਰ ਬਹਿਣਾ ਪੈ ਗਿਆ।
ਕਹਿਣਾ ਤਾਂ ਨਹੀਂ ਸੀ ਤੈਨੂੰ ਕਹਿਣਾ ਪੈ ਗਿਆ॥
ਪ੍ਰੇਮ ਭਾਵ ਭਗਤੀ ਤੋਂ ਹੀਣੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਵੇਖਣ 'ਚ ਜਿਹੜੇ ਸੌ ਸੁਹਾਗ ਹੁੰਦੇ ਨੇ।
ਅਸਲ 'ਚ ਫਨੀਅਰ ਨਾਗ ਹੁੰਦੇ ਨੇ॥
ਡੰਗ ਮਾਰ ਜਾਂਦੇ ਬੇ-ਯਕੀਨੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਜਾਣ ਬੁੱਝ ਕੇ ਵੀ ਜੋ ਕਰਨ ਬਦੀਆਂ।
ਸਿੰਧੂ ਵਾਂਗੂੰ ਖਾਰੇ ਰਹਿੰਦੇ ਪੀ ਕੇ ਨਦੀਆਂ॥
ਚੁਗਲ ਚਲਾਕ ਮਿੱਸੇ ਮੀਣੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਜੀਹਦੇ ਨਾਲ ਖਾਂਦੇ ਜੜ੍ਹ ਉਹਦੀ ਪੱਟਦੇ।
ਕੁੱਤੇ ਵਾਂਗੂੰ ਘਰ ਘਰ ਚੱਕੀ ਚੱਟਦੇ
ਪਾਪ ਦੇ ਪੁਜਾਰੀ ਤੇ ਬੇ-ਦੀਨੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਜਿਹੜੇ ਹਰ ਵੇਲੇ ਤੇਰੇ ਗੁਣ ਗਾਂਵਦੇ।
ਉਹਨਾਂ ਨੂੰ ਵੀ ਮਿੱਥਿਆ ਕਲੰਕ ਲਾਂਵਦੇ॥
ਕਾਜਲ ਦੇ ਕੋਠੇ ਇਹ ਮਲੀਨੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਤਨੋਂ ਮਨੋਂ ਧਨੋਂ ਜੋ ਪਲੀਤ ਰਹਿੰਦੇ ਨੇ।
ਮਰ ਕੇ ਵੀ ਜਿਹੜੇ ਵਿਪਰੀਤ ਰਹਿੰਦੇ ਨੇ॥

ਮਨਹੂਸ ਚਿਹਰੇ ਗ਼ਮਗੀਨੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਪਹਿਲਾਂ ਪਾਸ ਆਉਂਦੇ ਪ੍ਰਣਾਮ ਕਰਕੇ।
ਫੇਰ ਤੁਰ ਜਾਂਦੇ ਬਦਨਾਮ ਕਰਕੇ॥
ਬੰਦੇ ਖਾਣੇ ਬੰਦੇ ਸੜੇ ਸੀਨੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਸਭ ਦੇ ਅਕਾਰਣ ਵਿਰੋਧੀ ਹਨ ਜੋ।
ਕਾਲੇ ਮਨ ਕਪਟੀ ਕਿਰਤਘਣ ਜੋ॥
ਵਿੱਚੋਂ ਠੱਗ ਉੱਤੋਂ ਮਸਕੀਨੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਬਿਨਾਂ ਗੁਣ ਗੰਧ ਫੁੱਲ ਜਿਉਂ ਪਲਾਸ ਦੇ।
ਗੱਲੀਂ ਬਾਤੀਂ ਗੁਰੂ ਬਣਦੇ ਵਿਆਸ ਦੇ॥
ਮਦਰਾ ਤਮਾਖੂ ਸੁਆਹ ਖੇਹ ਪੀਨੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਉਂਗਲਾਂ ਉਠਾਉਂਦੇ ਪੂਨਮ ਦਿਆਂ ਚੰਦਾਂ ਨੂੰ।
ਗਿੱਠ ਗਿੱਠ ਆਪਣੇ ਕਰੇੜਾ ਦੰਦਾਂ ਨੂੰ॥
ਧੋਂਵਦੇ ਨਹੀਂ ਹੋਣੇ ਕਈ ਮਹੀਨੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਆਤਮਾ ਦੁਖੌਂਦੇ ਬੰਦੇ ਬੇ-ਕਸੂਰਾਂ ਦੀ।
ਚੂਸ ਚੂਸ ਪੀਂਦੇ ਰੱਤ ਮਜ਼ਦੂਰਾਂ ਦੀ॥
ਕੂੜ ਦੀ ਕਮਾਈ ਖਾ ਕੇ ਜੀਣੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਦੱਸ ਕਿਉਂ ਤੂੰ ਬੀਜ ਇਹਨਾਂ ਦੇ ਖਿੰਡਾ ਗਿਆ।
"ਬ੍ਰਹਮਦੇਵ" ਦੁਸ਼ਟਾਂ ਤੋਂ ਤੰਗ ਆ ਗਿਆ॥
ਭੇਜਦੈ ਤਾਂ ਭੇਜ ਖਾਂ ਨਗੀਨੇ ਆਦਮੀ।
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

○

ਡੂਢਾ ਕੋਰੜਾ ਛੰਦ:-

ਨੀਚ ਨਰ ਨਹੀਂ ਨਿੰਦਿਆ ਤਿਆਗਦਾ ਰਾਜ ਭਾਗ ਪਾ ਕੇ ਵੀ।
ਗੰਦਗੀ ਬਗੈਰ ਸਰਦਾ ਨਹੀਂ ਕਾਗ ਦਾ ਅਮੀਂ ਫਲ ਖਾ ਕੇ ਵੀ॥
ਬਹੁਤ ਵੱਡਾ ਫ਼ਾਇਦਾ ਮੂਰਖਾਂ ਤੋਂ ਹਰ ਕੇ ਨੁਕਸਾਨ ਜੰਗ ਤੋਂ।
ਰਹਿਓ ਭਰਾਵੋ ਹਰ ਵੇਲੇ ਡਰ ਕੇ ਦੁਸ਼ਟਾਂ ਦੇ ਸੰਗ ਤੋਂ॥

ਮੱਖੀਆਂ ਦੇ ਸਿਰੀਂ ਦੰਦਾਂ 'ਚ ਭੁਜੰਗਾਂ ਦੇ ਪੂਛ ਵਿੱਚ ਠੂਹਿਆਂ ਦੇ।
ਹੋਂਵਦੀ ਹੈ ਵਿੱਸ ਵਿੱਚ ਸਾਰੇ ਅੰਗਾਂ ਦੇ ਦੁਸ਼ਟਾਂ ਦੁਮੂਹਿਆਂ ਦੇ॥
ਗਤੀ ਵੀ ਨਹੀਂ ਹੋਣੀ ਇਹਨਾਂ ਕੋਲੋਂ ਮਰ ਕੇ ਬਚ ਜਾਇਓ ਡੰਗ ਤੋਂ।
ਰਹਿਓ ਭਰਾਵੋ ਹਰ ਵੇਲੇ ਡਰ ਕੇ ਦੁਸ਼ਟਾਂ ਦੇ ਸੰਗ ਤੋਂ॥

ਚੰਗੇ ਬੰਦੇ ਡਰਦੇ ਲੜਾਈ ਹੱਲਿਓਂ ਕੋਲੋਂ ਦੇਈਏ ਧਨ ਵੀ।
ਲੜਦੇ ਦੁਸ਼ਟ ਪੈਸੇ ਦੇ ਕੇ ਪੱਲਿਓਂ ਵੇਚ ਦਿੰਦੇ ਤਨ ਵੀ॥
ਤਾਹੀਂ ਸਿਆਣੇ ਕਹਿੰਦੇ ਲੰਘ ਜਾਓ ਜਰਕੇ ਘੱਟਾਂਗੇ ਕੀ ਨੰਗ ਤੋਂ।
ਰਹਿਓ ਭਰਾਵੋ ਹਰ ਵੇਲੇ ਡਰ ਕੇ ਦੁਸ਼ਟਾਂ ਦੇ ਸੰਗ ਤੋਂ॥

ਹੰਸਾਂ ਵਾਲੀ ਚੰਗਿਆਂ ਦੀ ਰੀਤ ਹੁੰਦੀ ਹੈ ਸੁੱਚੇ ਮੋਤੀ ਟੋਲ ਦੇ।
ਮਾੜਿਆਂ ਦੀ ਸੂਰਾਂ ਵਾਲੀ ਨੀਤ ਹੁੰਦੀ ਹੈ ਵਿਸ਼ਟਾ ਫ਼ਰੋਲ ਦੇ॥
ਵੇਖ ਕੇ ਪਰਾਈਆਂ ਸਦਾ ਰਹਿਣ ਠਰਕੇ ਮੰਗਦੇ ਅਨੰਗ ਤੋਂ।
ਰਹਿਓ ਭਰਾਵੋ ਹਰ ਵੇਲੇ ਡਰ ਕੇ ਦੁਸ਼ਟਾਂ ਦੇ ਸੰਗ ਤੋਂ॥

ਦੁਸ਼ਟ ਮਨੁੱਖ ਉਹੀ ਘਰ ਪੱਟਦੈ ਜਿਹੜੇ ਘਰ ਬਹਿੰਦਾ ਹੈ।
ਜਿਵੇਂ ਘੁਣ ਕੀੜਾ ਲੱਕੜੀ ਨੂੰ ਕੱਟਦੈ ਲੱਕੜੀ 'ਚ ਰਹਿੰਦਾ ਹੈ॥
ਮਿਲੂਗਾ ਕੀ-ਦੁੱਧ ਨਾਲ ਪੇਟ ਭਰਕੇ ਸੋਚ ਲਿਓ ਭੁਜੰਗ ਤੋਂ।
ਰਹਿਓ ਭਰਾਵੋ ਹਰ ਵੇਲੇ ਡਰ ਕੇ ਦੁਸ਼ਟਾਂ ਦੇ ਸੰਗ ਤੋਂ॥

ਮਨ ਵਿੱਚ ਹੋਰ ਆਖਦੇ ਨੇ ਹੋਰ ਹੀ ਅਤੇ ਹੋਰ ਕਰਦੇ।
ਚਲਦੇ ਨੇ ਜੱਗ ਤੋਂ ਅਲੱਗ ਟੋਰ ਹੀ ਪਾਪਾਂ ਤੋਂ ਨਹੀਂ ਡਰਦੇ॥
ਆਪਣੇ ਗੁਨਾਹ ਦੂਜਿਆਂ ਤੇ ਧਰ ਕੇ ਸੁੱਚੇ ਰਹਿੰਦੇ ਗੰਗ ਤੋਂ।
ਰਹਿਓ ਭਰਾਵੋ ਹਰ ਵੇਲੇ ਡਰ ਕੇ ਦੁਸ਼ਟਾਂ ਦੇ ਸੰਗ ਤੋਂ॥

ਬਣਦੇ ਨਹੀਂ ਆਪਣੇ ਬਣਾ ਕੇ ਵੇਖ ਲਉ ਇਹ ਬਿਗਾਨੇ ਰਹਿੰਦੇ ਨੇ।
ਨਹੀਂ ਇਤਬਾਰ ਅਜ਼ਮਾ ਕੇ ਵੇਖ ਲਉ ਫਸੇ ਫਾਨੇ ਰਹਿੰਦੇ ਨੇ॥
ਧੋਬੀਆਂ ਦੇ ਗਧੇ ਘਾਟ ਦੇ ਨਾ ਘਰ ਕੇ ਚੰਚਲ ਕੁਰੰਗ ਤੋਂ।
ਰਹਿਓ ਭਰਾਵੋ ਹਰ ਵੇਲੇ ਡਰ ਕੇ ਦੁਸ਼ਟਾਂ ਦੇ ਸੰਗ ਤੋਂ॥

ਜਿਹੜੇ ਸੰਗ ਇਹਨਾਂ ਪਾਮਰਾਂ ਦਾ ਕਰਦੇ ਲੁਟਵਾਉਂਦੇ ਰਾਸੀਆਂ।
ਉਹੀ ਜੱਗ ਵਿੱਚ ਜੰਮਦੇ ਤੇ ਮਰਦੇ ਭੋਗਦੇ ਚੁਰਾਸੀਆਂ॥
"ਬ੍ਰਹਮਦੇਵ" ਮੇਰਾ ਇਤਬਾਰ ਕਰਕੇ ਬਚਿਓ ਕਾਲੇ ਰੰਗ ਤੋਂ।
ਰਹਿਓ ਭਰਾਵੋ ਹਰ ਵੇਲੇ ਡਰ ਕੇ ਦੁਸ਼ਟਾਂ ਦੇ ਸੰਗ ਤੋਂ॥

O

ਬਰਨਕ ਛੰਦ :-

ਪੰਸਾਰੀ ਦੀ ਹੱਟ 'ਚ ਜਿਹੜੇ ਕੂੜ ਕਸੌਦੇ ਨੇ।
ਜਗਤ ਚਮਨ ਵਿੱਚ ਜਿਹੜੇ ਤਿੱਖੀ ਵਿਉਹ ਦੇ ਪੌਦੇ ਨੇ॥
ਭਰ ਨਾ ਬੈਠਿਓ ਘੁੱਟ ਕਿਤੇ ਇਹਨਾਂ ਦੇ ਕਾੜ੍ਹਿਆਂ ਦੀ।
ਭੁੱਲ ਕੇ ਵੀ ਨਾ ਕਰਿਓ ਭਾਈ ਸੰਗਤ ਮਾੜਿਆਂ ਦੀ॥

ਕਾਮੀ ਕੀਰ ਕੁਚੀਲ ਕਠਿਨ ਵਿਸ਼ਟਾ ਤੋਂ ਗੰਦੇ ਜੋ।
ਖ਼ੂਨ ਖੰਵਾਰ ਹਰਾਮੀ ਕਪਟੀ ਖੋਟੇ ਬੰਦੇ ਜੋ॥
ਜੋ ਜ਼ੁਲਮੀ ਜੜ੍ਹ ਹੁੰਦੇ ਸਾਰੇ ਪਾਪ ਪੁਆੜਿਆਂ ਦੀ।
ਭੁੱਲ ਕੇ ਵੀ ਨਾ ਕਰਿਓ ਭਾਈ ਸੰਗਤ ਮਾੜਿਆਂ ਦੀ॥

ਜੋ ਹੁੰਦੇ ਵਿਦਵਾਨ ਚਲਾਕੀ ਚੁਗਲੀ ਠੱਗੀ ਦੇ।
ਸੌ ਸੌ ਸ਼ਗਨ ਮਨਾਉਂਦੇ ਦੂਜੇ ਦੇ ਘਰ ਲੱਗੀ ਦੇ॥
ਜੋ ਨਰ ਖੱਟੀ ਖਾਦੇ ਸੂ ਨਿੱਤ ਦੋ ਦਿਲ ਪਾੜਿਆਂ ਦੀ।
ਭੁੱਲ ਕੇ ਵੀ ਨਾ ਕਰਿਓ ਭਾਈ ਸੰਗਤ ਮਾੜਿਆਂ ਦੀ॥

ਨਹੀਂ ਕਿਸੇ ਦੇ ਸਕੇ,ਸਕੇ ਜੋ ਕੁਰਸੀ ਚੌਧਰ ਦੇ।
ਪਹਿਲਾਂ ਖਾ ਕੇ ਐਧਰ ਤੇ ਫਿਰ ਹਾਮੀ ਔਧਰ ਦੇ॥
ਸਭ ਦੀ ਜੜ੍ਹ ਨੂੰ ਪੈਂਦੇ ਹੁੰਦੇ ਸ਼ਕਲ ਕੁਹਾੜਿਆਂ ਦੀ।
ਭੁੱਲ ਕੇ ਵੀ ਨਾ ਕਰਿਓ ਭਾਈ ਸੰਗਤ ਮਾੜਿਆਂ ਦੀ॥

ਝੂਠਾ ਲੈਂਦੇ ਦਿੰਦੇ ਝੂਠਾ ਖਾਂਦੇ ਪੀਂਦੇ ਜੋ।
ਝੂਠਾ ਕਹਿੰਦੇ ਸੁਣਦੇ ਝੂਠੇ ਮਰਦੇ ਜੀਂਦੇ ਜੋ॥
ਠੇਕੇਦਾਰੀ ਕਰਦੇ ਝੂਠੇ ਕੇਸ ਕਬਾੜਿਆਂ ਦੀ।
ਭੁੱਲ ਕੇ ਵੀ ਨਾ ਕਰਿਓ ਭਾਈ ਸੰਗਤ ਮਾੜਿਆਂ ਦੀ॥

ਕਾਰਨ ਬਿਨਾਂ ਕਰੋਧੀ ਧਰਮ ਦਇਆ ਤੋਂ ਹੀਣੇ ਜੋ।
ਪਰ ਨਾਰੀ ਦੇ ਲੰਪਟ ਪਰ ਧਨ ਚੋਰ ਕਮੀਨੇ ਜੋ॥
ਜਿਨ੍ਹਾਂ ਦੇ ਦਿਲ ਰਹਿੰਦੀ ਸਦਾ ਤਮੰਨਾ ਧਾੜਿਆਂ ਦੀ।
ਭੁੱਲ ਕੇ ਵੀ ਨਾ ਕਰਿਓ ਭਾਈ ਸੰਗਤ ਮਾੜਿਆਂ ਦੀ॥

ਮਾਤਾ ਪਿਤਾ ਵਿਰੋਧੀ ਨਿੰਦਕ ਗੁਰੂ ਸਵਾਮੀ ਦੇ।
ਆਦਮਖੋਰ ਦਰਿੰਦੇ ਜੋ ਸਾਗਰ ਬਦਨਾਮੀ ਦੇ॥
ਨਹੀਂ ਦੁਆਈ ਦੁਨੀਆਂ ਵਿੱਚ ਦੁਸ਼ਟਾਂ ਦੇ ਦਾੜ੍ਹਿਆਂ ਦੀ।
ਭੁੱਲ ਕੇ ਵੀ ਨਾ ਕਰਿਓ ਭਾਈ ਸੰਗਤ ਮਾੜਿਆਂ ਦੀ॥

ਪਰਮ ਦੁੱਖ ਦਾ ਕਾਰਣ ਨਰ ਨੀਚਾਂ ਦੀ ਪ੍ਰੀਤੀ ਹੈ।
"ਬ੍ਰਹਮਦੇਵ" ਦੇ ਨਾਲ ਆਪ ਕਈ ਵਾਰੀ ਬੀਤੀ ਹੈ॥
ਐਵੇਂ ਤਾਂ ਨਹੀਂ ਬਣ ਗਈ ਬੰਦਿਸ਼ ਅੱਠਾਂ ਆੜਿਆਂ ਦੀ।
ਭੁੱਲ ਕੇ ਵੀ ਨਾ ਕਰਿਓ ਭਾਈ ਸੰਗਤ ਮਾੜਿਆਂ ਦੀ॥

o

ਦੋਤਾਰਾ ਛੰਦ:-

## ਬੰਦਗੀ

ਦਾਤੇ ਦੀ ਦੁਨੀਆਂ ਦੀ ਲੀਲ੍ਹਾ ਦੇਖੀ ਰੰਗ ਬਰੰਗੀ।
ਮਾੜਿਆਂ ਨੂੰ ਮਾੜੀ ਹੈ ਤੇ ਫਿਰ ਹੈ ਚੰਗਿਆਂ ਨੂੰ ਚੰਗੀ॥
ਲੰਮੀ ਗੱਲ ਕਰਕੇ ਕੀ ਪਾਉਣੀ ਪਾਣੀ ਵਿੱਚ ਮਧਾਣੀ।
ਜਪ ਜੈ ਜਗਦੀਸ਼ ਮਨਾ ਜਗਤ ਵਿੱਚ ਮੌਜ ਬਥੇਰੀ ਮਾਣੀ॥

ਤਜ ਪ੍ਰੀਤ ਜ਼ਮਾਨੇ ਦੀ ਪ੍ਰੀਤੀ ਪਾਰ ਬ੍ਰਹਮ ਸੰਗ ਪਾ ਲੈ।
ਜ਼ਿਆਦਾ ਵਿੱਚ ਲਾਂਹਾ ਕੀ ਸਬਰ ਕਰ ਲੋੜ ਮੁਤਾਬਿਕ ਖਾ ਲੈ॥
ਉੱਠ ਤਿਆਗ ਨੀਂਦਰਾਂ ਨੂੰ ਉੱਦਮ ਕਰਕੇ ਪਾ ਸਿਰ ਪਾਣੀ।
ਜਪ ਜੈ ਜਗਦੀਸ਼ ਮਨਾ ਜਗਤ ਵਿੱਚ ਮੌਜ ਬਥੇਰੀ ਮਾਣੀ॥

ਫਿਰ ਸਾਵਧਾਨ ਹੋ ਕੇ ਸਿੱਧਾ ਬੈਠ ਲਗਾ ਕੇ ਤਾੜੀ।
ਕਰ ਧਿਆਨ ਮੁਰਾਰੀ ਦਾ ਮਨ 'ਚੋਂ ਮਾਰ ਵਾਸ਼ਨਾ ਮਾੜੀ॥
ਖ਼ੁਦ ਸ਼ਬਦ ਰੂਪ ਹੋ ਜਾ ਬਣਾ ਲੈ ਸੁਰਤੀ ਨੂੰ ਪਟਰਾਣੀ।
ਜਪ ਜੈ ਜਗਦੀਸ਼ ਮਨਾ ਜਗਤ ਵਿੱਚ ਮੌਜ ਬਥੇਰੀ ਮਾਣੀ॥

ਸਾਹ ਲੰਮਾ ਕਰ ਕਰ ਕੇ ਕਰੀ ਜਾ ਓਮਕਾਰ ਦਾ ਜਾਪ।
ਓਅੰਮ ਧੋ ਦੇਵੇਗਾ ਤੇਰੇ ਜਨਮ ਜਨਮ ਦੇ ਪਾਪ॥
ਇਉਂ ਗੀਤਾ ਕਹਿੰਦੀ ਹੈ ਨਾਲੇ ਗੁਰੂ ਨਾਨਕ ਦੀ ਬਾਣੀ।
ਜਪ ਜੈ ਜਗਦੀਸ਼ ਮਨਾ ਜਗਤ ਵਿੱਚ ਮੌਜ ਬਥੇਰੀ ਮਾਣੀ॥

ਚਿੰਤਨ ਵਿੱਚ ਬੈਠੇ ਦੇ ਪਾਉਣਗੀਆਂ ਵਿਘਨ ਬੀਤੀਆਂ ਯਾਦਾਂ।
ਉਹਨਾਂ ਤੋਂ ਬਚਣ ਦੀਆਂ ਮਾਲਕ ਮੂਹਰੇ ਕਰ ਫਰਿਆਦਾਂ॥
ਓਹੀ ਸੁਲਝਾਵਣਗੇ ਤੇਰੀ ਉਲਝ ਗਈ ਜੋ ਤਾਣੀ।
ਜਪ ਜੈ ਜਗਦੀਸ਼ ਮਨਾ ਜਗਤ ਵਿੱਚ ਮੌਜ ਬਥੇਰੀ ਮਾਣੀ॥

ਸੁੱਖ ਸਾਗਰ ਸੁਣਦੇ ਨੇ ਆਪਣੇ ਸੇਵਕ ਦੀ ਅਰਦਾਸ।
ਸੇਵਕ ਵਿੱਚ ਚਾਹੀਦੇ ਭਾਵਨਾ ਸ਼ਰਧਾ ਤੇ ਵਿਸ਼ਵਾਸ॥

ਉਹ ਭਗਤ ਵੱਛਲ ਸੁਆਮੀ ਇਉਂ ਮੈਂ ਪੜ੍ਹਿਆ ਵੇਦ ਪੁਰਾਣੀਂ।
ਜਪ ਜੈ ਜਗਦੀਸ਼ ਮਨਾ ਜਗਤ ਵਿੱਚ ਮੌਜ ਬਥੇਰੀ ਮਾਣੀ॥
ਮੰਗਤਿਆਂ ਤੋਂ ਮੰਗਣਾ ਕੀ ਬਣਜਾ ਸ਼ਾਮ ਸੁੰਦਰ ਦਾ ਸੁਆਲੀ।
ਜਿਸ ਦੇ ਦਰਵਾਜ਼ੇ ਤੋਂ ਮੁੜਿਆ ਨਹੀਂ ਕਦੇ ਕੋਈ ਖਾਲੀ॥
ਤੂੰ ਵੀ ਕਿਉਂ ਸੰਗਦਾ ਏਂ ਬਣਜਾ ਧਰੂੰ ਵਰਗਿਆਂ ਦਾ ਹਾਣੀ।
ਜਪ ਜੈ ਜਗਦੀਸ਼ ਮਨਾ ਜਗਤ ਵਿੱਚ ਮੌਜ ਬਥੇਰੀ ਮਾਣੀ॥

ਉਹ ਵੀ ਦਿਨ ਦੂਰ ਨਹੀਂ ਦਿਸਣਗੇ ਕਣ ਕਣ ਵਿੱਚ ਸ਼ਿਆਮ।
ਬਾਕੀ ਕੁਝ ਬਚਣਾ ਨਹੀਂ ਸੁਣੂੰਗਾ ਰੋਮ ਰੋਮ 'ਚੋਂ' ਰਾਮ॥
ਫਿਰ "ਬ੍ਰਹਮਦੇਵ" ਤੈਥੋਂ ਮਿਲਣ ਦੀ ਖ਼ੁਸ਼ੀ ਸਹੀ ਨਹੀਂ ਜਾਣੀ।
ਜਪ ਜੈ ਜਗਦੀਸ਼ ਮਨਾ ਜਗਤ ਵਿੱਚ ਮੌਜ ਬਥੇਰੀ ਮਾਣੀ॥

ੲ

ਕਰ ਲਿਆ ਵਾਸਨਾ ਨੇ ਤੈਨੂੰ ਬਾਂਦਰ ਵਾਂਗ ਅਧੀਨ।
ਉਸ ਦੇ ਵੱਸ ਹੋ ਕੇ ਤੂੰ ਕਰ ਲਿਆ ਅੰਤ੍ਹ ਕਰਨ ਮਲੀਨ॥
ਲਗ ਚਰਨੀ ਸਤਿਗੁਰ ਦੇ ਕਰਕੇ ਅਰਜ਼ ਸ਼ੁੱਧ ਕਰਵਾ ਲੈ।
ਦੁਨੀਆ ਤਾਂ ਫਾਨੀ ਹੈ ਦਿਲਾ ਦੋ ਰੋਜ ਰਾਮ ਗੁਣ ਗਾ ਲੈ॥

ਫਿਰ ਕਰੂ ਵਾਸਨਾ ਕੀ ਅੰਤ੍ਰਾ ਕਰਨ ਸ਼ੁੱਧ ਜਦੋਂ ਹੋ ਗਿਆ।
ਸਭ ਮਿੱਥਿਆ ਭਾਸੂਗਾ ਮੂੜ੍ਹਤਾ ਵੱਸ ਭੋਗ ਜੋ ਭੋਗਿਆ॥
ਖ਼ੁਦ ਰੌਸ਼ਨ ਰੂਹ ਹੈਂ ਤੂੰ ਆਪਣੇ ਆਪ ਚਰਾਗ ਜਗਾ ਲੈ।
ਦੁਨੀਆ ਤਾਂ ਫਾਨੀ ਹੈ ਦਿਲਾ ਦੋ ਰੋਜ ਰਾਮ ਗੁਣ ਗਾ ਲੈ॥

ਮਾਂ ਪਿਉ ਤੇ ਭੈਣ ਭਰਾ ਧੀ ਪੁੱਤ ਨਾਰ ਸਕੇ ਸੰਸਾਰੀ।
ਸਭ ਕੂੜ ਕਲਪਣਾ ਹੈ ਖੇਡਾ ਪਾਉਂਦੈ ਮੋਹ ਮਦਾਰੀ॥
ਕਰ ਤਿਆਗ ਤਮਾਸ਼ੇ ਦਾ ਕਾਬੂ ਹਵਸ ਨਫ਼ਸ ਤੇ ਪਾ ਲੈ।
ਦੁਨੀਆ ਤਾਂ ਫਾਨੀ ਹੈ ਦਿਲਾ ਦੋ ਰੋਜ ਰਾਮ ਗੁਣ ਗਾ ਲੈ॥

ਹੋ ਸਾਵਧਾਨ ਹੰਸਾ ਮਾਇਆ ਚੱਲ ਰਹੀ ਹੈ ਚਾਲ।
ਮੋਤੀ ਤਾਂ ਉੱਪਰੋਂ ਨੇ ਹੇਠਾਂ ਕਾਲ ਬਲੀ ਦਾ ਜਾਲ॥
ਜੇ ਸਿਆਣਾ ਪੰਛੀ ਏਂ ਤਾਂ ਫਿਰ ਤ੍ਰਿਸ਼ਨਾ ਨੂੰ ਸਮਝਾ ਲੈ।
ਦੁਨੀਆ ਤਾਂ ਫਾਨੀ ਹੈ ਦਿਲਾ ਦੋ ਰੋਜ ਰਾਮ ਗੁਣ ਗਾ ਲੈ॥

ਇਹ ਚਮਕ ਸਿੱਪ ਦੀ ਹੈ ਸਮਝਦੈਂ ਤੂੰ ਜਿਸ ਨੂੰ ਸ਼ੁੱਧ ਚਾਂਦੀ।
ਬੱਸ ਪਲ ਦੋ ਪਲ ਦੀ ਏ ਲੰਬੀ ਆਸ ਕਰੇਂ ਜਿਸ ਛਾਂ ਦੀ॥
ਢਾਹ ਕੇ ਘਰ ਬਾਲੂ ਦਾ ਬੰਗਲਾ ਗਗਨ ਮੰਡਲ ਵਿੱਚ ਪਾ ਲੈ।
ਦੂਨੀਆ ਤਾਂ ਫਾਨੀ ਹੈ ਦਿਲਾ ਦੋ ਰੋਜ ਰਾਮ ਗੁਣ ਗਾ ਲੈ॥

ਦਸਵੇਂ ਵਿੱਚ ਦਾਖ਼ਲ ਹੋ ਬਾਕੀ ਬੰਦ ਕਰਕੇ ਦਰਵਾਜ਼ੇ।
ਜਿਸ ਥਾਂ ਪੁਰ ਵੱਜਦੇ ਨੇ ਪੰਜੇ ਸ਼ਬਦ ਅਨਾਹਦ ਵਾਜੇ॥
ਲੰਘ ਕੇ ਛੀ ਚੱਕਰਾਂ ਨੂੰ ਸੱਤਵੇਂ ਸੁੰਨ ਸਰੋਵਰ ਨ੍ਹਾ ਲੈ।
ਦੂਨੀਆ ਤਾਂ ਫਾਨੀ ਹੈ ਦਿਲਾ ਦੋ ਰੋਜ ਰਾਮ ਗੁਣ ਗਾ ਲੈ॥

ਦਿਸਦੇ ਤੋਂ ਉੱਪਰ ਹੋ ਬਣਜਾ ਅਣਦਿਸਦੇ ਦਾ ਵਾਸੀ।
ਸੰਤਾਂ ਨੇ ਆਖਿਆ ਹੈ ਜਿਸ ਨੂੰ ਚੌਥਾ ਪਦ ਅਬਿਨਾਸੀ॥
ਉਸ਼ ਪਰਮ ਲੋਕ ਜਾ ਕੇ ਅਮਰ ਫਲ ਓਸ ਚਮਨ ਦੇ ਖਾ ਲੈ।
ਦੂਨੀਆ ਤਾਂ ਫਾਨੀ ਹੈ ਦਿਲਾ ਦੋ ਰੋਜ ਰਾਮ ਗੁਣ ਗਾ ਲੈ॥

ਇਹ ਹਮਲਾ ਤ੍ਰਿਗੁਣ ਦਾ ਫੜ ਕੇ ਢਾਲ ਗਿਆਨ ਦੀ ਸਹਿ ਜਾ।
ਕਰ ਫ਼ਤਿਹ ਦੁਸ਼ਮਨਾਂ ਨੂੰ ਰੌਲਾ ਪਾ ਨਾ ਚੁੱਪ ਕਰ ਬਹਿ ਜਾ॥
ਭੁੱਲ ਕੇ ਨਾਂ ਪਹਿਲੇ ਨੂੰ ਨਵਾਂ ਨਾਂ "ਬ੍ਰਹਮਦੇਵ" ਰਖਵਾ ਲੈ।
ਦੂਨੀਆ ਤਾਂ ਫਾਨੀ ਹੈ ਦਿਲਾ ਦੋ ਰੋਜ ਰਾਮ ਗੁਣ ਗਾ ਲੈ॥

ο

ਝੋਕ ਛੰਦ:-

ਜਾਗ ਉੱਠ ਬੈਠ ਮੁਸਾਫ਼ਿਰ ਗਾਫ਼ਿਲ ਹੋ ਸੌਂਦਾ ਕਿਉਂ।
ਵਿਸ਼ਿਆਂ ਦੇ ਵੱਟੇ ਹੀਰਾ ਜਨਮ ਲੁਟਾਉਂਦਾ ਕਿਉਂ ॥
ਮਾਇਆ ਦੇ ਪਿੱਛੇ ਲੱਗਕੇ ਸੁਰਤੀ ਭਟਕਾਉਂਦਾ ਕਿਉਂ।
ਤੇਰੇ ਵਿੱਚ ਪਰਮਜੋਤ ਹੈ ਓਸ ਪਰਮਾਤਮ ਦੀ ॥
ਆਪਣੇ ਵਿੱਚ ਸ਼ਕਤੀ ਪ੍ਰਗਟ ਕਰ ਤੂੰ ਅਧਿਆਤਮ ਦੀ।
ਜਾਗ ਉੱਠ ਬੈਠ ਮੁਸਾਫ਼ਿਰ॥

ਧਰਤੀ ਪਹਾੜ ਸਮੁੰਦਰ ਤੇਰੇ ਵਿੱਚ ਵੱਸਦੇ ਨੇ।
ਸੂਰਜ ਤੇ ਚੰਦ ਸਿਤਾਰੇ ਤੇਰੇ ਵਿੱਚ ਹੱਸਦੇ ਨੇ॥
ਸਾਰਾ ਬ੍ਰਹਿਮੰਡ ਸਿਆਣੇ ਤੇਰੇ ਵਿੱਚ ਦੱਸਦੇ ਨੇ।
ਤੈਨੂੰ ਹੈ ਲੋੜ ਸਿਰਫ਼ ਇੱਕ ਤੇਰੀ ਪਹਿਚਾਣ ਦੀ॥

ਕਰਿਆ ਕਰ ਹਰ ਦਮ ਬੰਦਿਆ ਬੰਦਗੀ ਭਗਵਾਨ ਦੀ॥
ਤੇਰਾ ਹੈ ਧਰਮ ਬੰਦਗੀ॥

ਜਿਨ੍ਹਾਂ ਦੇ ਨਾਲ ਪਿਆਰ ਤੂੰ ਹੱਸ ਹੱਸ ਕੇ ਕਰਦਾ ਏਂ।
ਜਿਨ੍ਹਾਂ ਦੇ ਕਾਰਣ ਬੇੜੀ ਪਾਪਾਂ ਦੀ ਭਰਦਾ ਏਂ॥
ਜਿਨ੍ਹਾਂ ਦੀ ਖ਼ਾਤਿਰ ਤੂੰ ਦਿਨ ਰਾਤਾਂ ਨੂੰ ਮਰਦਾ ਏ।
ਇਹਨਾਂ ਨੇ ਤੇਰੀ ਥਾਂ ਤੇ ਲੇਖਾ ਭੁਗਤਾਉਣਾ ਨਹੀਂ॥
ਤੇਰੇ ਕੰਮ ਇਹਨਾਂ ਧੀਆਂ ਪੁੱਤਾਂ ਨੇ ਆਉਣਾ ਨਹੀਂ॥
ਇਹਨਾਂ ਦਾ ਖਹਿੜਾ ਛੱਡ ਦੇ॥

ਫਿਰਦੈਂ ਤੂੰ ਫਸਿਆ ਬੰਦਿਆ ਜਿਨ੍ਹਾਂ ਵਿੱਚ ਸਵਾਦਾਂ ਦੇ।
ਇਹੋ ਬਣ ਜਾਂਦੇ ਪਿੱਛੋਂ ਕਾਰਣ ਫਸਾਦਾਂ ਦੇ॥
ਘੇਰੇ ਵਿੱਚ ਘਿਰਿਆਂ ਹੈਂ ਤੂੰ ਪੰਜਾਂ ਜ਼ੱਲਾਦਾਂ ਦੇ।
ਸਿਮਰਣ ਹੈ ਜੁਗਤੀ ਇਹਨਾਂ ਕੋਲੋਂ ਬਚ ਜਾਣ ਦੀ॥
ਕਰਿਆ ਕਰ ਹਰ ਦਮ ਬੰਦਿਆ ਬੰਦਗੀ ਭਗਵਾਨ ਦੀ॥
ਤੇਰਾ ਹੈ ਧਰਮ ਬੰਦਗੀ॥

ਪਹਿਲਾਂ ਤਾਂ ਲੱਗ ਜਾਹ ਪੂਰਨ ਸਤਿਗੁਰ ਦੇ ਚਰਨੀਂ ਤੂੰ।
ਚਰਨੀਂ ਲੱਗ ਸਤਿਗੁਰ ਦੇ ਫਿਰ ਕਰ ਉੱਤਮ ਕਰਨੀ ਤੂੰ॥
ਕਰਨੀ ਕਰ ਤਰ ਜਾਵੇਂਗਾ ਨਦੀ ਬੈਤਰਨੀ ਤੂੰ।
ਜਾਵੇਂਗਾ ਚੜ੍ਹ ਕੇ ਉੱਪਰ ਨਾਮ ਜਹਾਜ਼ ਦੇ॥
ਝੂਠਾ ਨਹੀਂ ਹੋਵੇਂਗਾ ਤੂੰ ਮੂਹਰੇ ਯਮਰਾਜ ਦੇ।
ਸੁਰਗਾਂ ਵਿੱਚ ਹੋਊ ਸਵਾਗਤ॥

ਕਰਿਆ ਕਰ ਮੱਦਦ ਡਟ ਕੇ ਦੁਖੀਆਂ ਨਿਤਾਣਿਆਂ ਦੀ।
ਹਾਮੀ ਨਾ ਭਰਿਆ ਕਰ ਤੂੰ ਜ਼ਾਲਿਮ ਜ਼ਰਵਾਣਿਆਂ ਦੀ॥
ਸੇਵਾ ਵੀ ਕਰਿਆ ਕਰ ਸਤਿਪੁਰਖਾਂ ਸਿਆਣਿਆਂ ਦੀ।
ਤੇਰੇ ਹੱਥ ਡੋਰ ਭਰਾਵਾ ਤੇਰੇ ਕਲਿਆਣ ਦੀ
ਕਰਿਆ ਕਰ ਹਰ ਦਮ ਬੰਦਿਆ ਬੰਦਗੀ ਭਗਵਾਨ ਦੀ॥
ਤੇਰਾ ਹੈ ਧਰਮ ਬੰਦਗੀ॥

ਬੋਲਿਆ ਕਰ ਬਚਨ ਹਮੇਸ਼ਾ ਮਿੱਠੇ ਜ਼ੁਬਾਨ ਤੋਂ।
ਰਹਿਆ ਕਰ ਬਚ ਕੇ ਕਾਮ ਕ੍ਰੋਧ ਅਭਿਮਾਨ ਤੋਂ॥
ਪਾਸਾ ਨਾ ਵੱਟਿਆ ਕਰ ਤੂੰ ਦਾਨ ਇਸ਼ਨਾਨ ਤੋਂ।
ਕਰ ਲੈ ਸ਼ੁੱਭ ਰਾਸ ਇਕੱਠੀ ਹੇ ਨਰ ਸਤਿ ਕਰਮਾਂ ਦੀ॥
ਇਹੋ ਹੈ ਸਿੱਖਿਆ ਤੈਨੂੰ ਸਾਰਿਆਂ ਧਰਮਾਂ ਦੀ।
ਵੇਖ ਲੈ ਪੜ੍ਹ ਪੜ੍ਹ ਭਾਵੇਂ॥

ਜਿਸ ਪ੍ਰਭ ਨੇ ਤੈਨੂੰ ਜੋਨੀ ਮਾਨਸ ਦੀ ਪਾਇਆ ਹੈ।
ਤੈਨੂੰ ਸਰਦਾਰ ਚੁਰਾਸੀ ਲੱਖ ਦਾ ਬਣਾਇਆ ਹੈ॥
ਉਸ ਨੂੰ ਕਿਉਂ "ਬ੍ਰਹਮਦੇਵ" ਤੂੰ ਦਿਲ 'ਚੋਂ ਭੁਲਾਇਆ ਹੈ।
ਮੰਗਿਆ ਕਰ ਮਿਹਰ ਸਦਾ ਉਸ ਕ੍ਰਿਪਾ ਨਿਧਾਨ ਦੀ॥
ਕਰਿਆ ਕਰ ਹਰ ਦਮ ਬੰਦਿਆ ਬੰਦਗੀ ਭਗਵਾਨ ਦੀ।
ਤੇਰਾ ਹੈ ਧਰਮ ਬੰਦਗੀ॥

○

ਬਰਨਕ ਛੰਦ:-
ਐ ਮੇਰੇ ਮਨ ਦੁਨੀਆਂ ਵਿੱਚ ਬਥੇਰਾ ਪਰਚ ਲਿਆ।
ਮੇਰੀ ਸਮਝ ਮੁਤਾਬਿਕ ਤੂੰ ਧਨ ਜ਼ਿਆਦਾ ਖ਼ਰਚ ਲਿਆ॥
ਬਾਕੀ ਬਚਿਆ ਸ਼ਾਮ ਸੁੰਦਰ ਦੇ ਲੇਖੇ ਲਾਈ ਜਾ।
ਉੱਠ ਮੁਸਾਫ਼ਿਰ ਬੈਠ, ਬੈਠ ਕੇ ਹਰ ਗੁਣ ਗਾਈ ਜਾ॥

ਕਿੰਨੀਆਂ ਲੰਘੀਆਂ ਰਾਤਾਂ ਤੇ ਦਿਨ ਕਿਤਨ ਚੜ੍ਹੇ ਮਨਾਂ।
ਬੀਤੇ ਬਹੁਤ ਬਸੰਤ ਬਹੁਤ ਬਣ ਪੱਤਰ ਝੜੇ ਮਨਾਂ॥
ਹੁਣ ਤੱਕ ਜਿਸ ਨੂੰ ਭੁੱਲਿਐਂ ਉਸ ਤੋਂ ਭੁੱਲ ਬਖਸ਼ਾਈ ਜਾ।
ਉੱਠ ਮੁਸਾਫ਼ਿਰ ਬੈਠ, ਬੈਠ ਕੇ ਹਰ ਗੁਣ ਗਾਈ ਜਾ॥

ਕਈ ਕਿਸਮਾਂ ਦੇ ਪਿਆਰ ਜਗਤ ਵਿੱਚ ਪਾ ਕੇ ਵੇਖ ਲਏ।
ਨਹੀਂ ਕਿਸੇ ਦਾ ਕੋਈ ਸਭ ਅਜ਼ਮਾ ਕੇ ਵੇਖ ਲਏ॥
ਤਿਆਗ ਜਗਤ ਦੀ ਪ੍ਰੀਤ,ਪ੍ਰੀਤ ਪ੍ਰਭੂ ਸੰਗ ਪਾਈ ਜਾ।
ਉੱਠ ਮੁਸਾਫ਼ਿਰ ਬੈਠ, ਬੈਠ ਕੇ ਹਰ ਗੁਣ ਗਾਈ ਜਾ॥

ਬਹੁਤ ਗਾ ਲਈਆਂ ਗਜ਼ਲਾਂ ਹੁਣ ਹੱਥ ਗੁਟਕਾ ਫੜ੍ਹ ਲੈ ਤੂੰ।
ਕੋਕ ਕਬਿੱਤ ਤਿਆਗ ਭਾਗਵਤ ਗੀਤਾ ਪੜ੍ਹ ਲੈ ਤੂੰ॥

ਝੂਠੇ ਗਿਆਨ ਭੁਲਾ ਦੇ ਸੱਚਾ ਗਿਆਨ ਪਕਾਈ ਜਾ।
ਉੱਠ ਮੁਸਾਫ਼ਿਰ ਬੈਠ, ਬੈਠ ਕੇ ਹਰ ਗੁਣ ਗਾਈ ਜਾ॥

ਹੰਗਤਾ ਮਮਤਾ ਆਸ਼ਾ ਤ੍ਰਿਸ਼ਨਾ ਤਿਆਗ ਤਿਆਗੀ ਹੋ।
ਨਾਮ ਰੂਪ ਜੱਗ ਮਿੱਥਿਆ ਮੰਨ ਕੇ ਪਰਮ ਵਿਰਾਗੀ ਹੋ॥
ਬਾਹਰੋਂ ਸੁਰਤੀ ਮੋੜ ਤੇ ਮੁੜ ਕੇ ਅੰਦਰ ਆਈ ਜਾ।
ਉੱਠ ਮੁਸਾਫ਼ਿਰ ਬੈਠ, ਬੈਠ ਕੇ ਹਰ ਗੁਣ ਗਾਈ ਜਾ॥

ਜਿਸ ਨੂੰ ਸਤਿ ਸਰੂਪ ਸਮਝ ਕੇ ਤੂੰ ਅਪਣਾਇਆ ਹੈ।
ਇਹ ਮਾਇਆ ਦੀ ਝਲਕ ਜਿਵੇਂ ਬੱਦਲਾਂ ਦੀ ਛਾਇਆ ਹੈ॥
ਸੋਚ ਸਿਆਣਾ ਬਣ ਕੇ ਗਲਤੀ ਨਾ ਦੁਹਰਾਈ ਜਾ।
ਉੱਠ ਮੁਸਾਫ਼ਿਰ ਬੈਠ, ਬੈਠ ਕੇ ਹਰ ਗੁਣ ਗਾਈ ਜਾ॥

ਬਹੁਤ ਵਾਰ ਤੂੰ ਜਨਮਿਆ ਤੇ ਕਈ ਵਾਰੀ ਮਰਿਆ ਤੂੰ।
ਲੱਖ ਚੁਰਾਸੀ ਵਾਰ ਖੇਡ ਕੇ ਫਿਰ ਵੀ ਹਰਿਆ ਤੂੰ॥
ਇਸ ਵਾਰੀ ਤਾਂ ਜਿੱਤ, ਜਿੱਤ ਕੇ ਖੇਡ ਮੁਕਾਈ ਜਾ।
ਉੱਠ ਮੁਸਾਫ਼ਿਰ ਬੈਠ, ਬੈਠ ਕੇ ਹਰ ਗੁਣ ਗਾਈ ਜਾ॥
ਨਾ ਕਰ ਝੂਠੀ ਮੇਰ ਇਹ ਜਗਤ ਮੁਸਾਫ਼ਿਰਖਾਨਾ ਹੈ।
ਰੈਣ ਬਸੇਰਾ ਕਰਕੇ ਉੱਠ ਸਵੇਰੇ ਜਾਣਾ ਹੈ॥
"ਬ੍ਰਹਮਦੇਵ" ਤੂੰ ਸਗੋਂ ਸਰਾਂ ਦੀ ਸ਼ਾਨ ਵਧਾਈ ਜਾ।
ਉੱਠ ਮੁਸਾਫ਼ਿਰ ਬੈਠ, ਬੈਠ ਕੇ ਹਰ ਗੁਣ ਗਾਈ ਜਾ॥

O

ਕੋਰੜਾ ਛੰਦ:-
ਵੇਖ ਕਦੇ ਪਿੱਛੇ ਝਾਤੀ ਮਾਰ ਕੇ ਮਨਾਂ।
ਖੱਟਿਆ ਕੀ ਨਰ ਤਨ ਧਾਰ ਕੇ ਮਨਾਂ॥
ਕੱਲਾ ਬਹਿ ਕੇ ਸੋਚ ਲੈ ਕਿਸੇ ਨੂੰ ਦੱਸ ਨਾ।
ਰੋਇਆ ਕਰ ਮੂਰਖਾ ਖ਼ੁਦੀ 'ਚ ਹੱਸ ਨਾ॥

ਬਾਲਪਣ ਖੇਡ ਕੇ ਗੰਵਾ ਲਿਆ ਪਾਗਲਾ।
ਵਿਸ਼ਿਆਂ 'ਚ ਜੋਬਨ ਹੰਡਾ ਲਿਆ ਪਾਗਲਾ॥

ਕਾਮਨਾ ਨੇ ਕੀਤੀ ਕਾਮਨਾ ਤੋਂ ਬੱਸ ਨਾ।
ਰੋਇਆ ਕਰ ਮੂਰਖਾ ਖ਼ੁਦੀ 'ਚ ਹੱਸ ਨਾ॥

ਅੱਖੀਆਂ 'ਚ ਕਜਲਾ ਸਜਾ ਕੇ ਵੇਖ ਲਿਆ।
ਪਹਿਨ ਕੇ ਪੁਸ਼ਾਕਾਂ ਮੁਸਕ੍ਰਾ ਕੇ ਵੇਖ ਲਿਆ॥
ਤੌਬਾ ਕਰ ਜ਼ਿਆਦਾ ਗੰਦਗੀ 'ਚ ਧੱਸ ਨਾ।
ਰੋਇਆ ਕਰ ਮੂਰਖਾ ਖ਼ੁਦੀ 'ਚ ਹੱਸ ਨਾ॥

ਔਗੁਣਾਂ ਦੇ ਵਿੱਚ ਹੱਥ ਪੈਰ ਰੰਗ ਲਏ।
ਪਾਪਾਂ ਨਾਲ ਜੋੜ ਕੇ ਬਣਾ ਲਏ ਬੰਗਲੇ॥
ਪੁੰਨ ਦਾਨ ਕਰਕੇ ਕਮਾਇਆ ਜਸ ਨਾ।
ਰੋਇਆ ਕਰ ਮੂਰਖਾ ਖ਼ੁਦੀ 'ਚ ਹੱਸ ਨਾ॥

ਹੱਡ ਮਾਸ ਮਿੱਝ ਕੱਫ ਖ਼ੂਨ ਨਾੜੀਆਂ।
ਜਿਸ ਨਾਲ ਕਰਦੈਂ ਪ੍ਰੀਤਾਂ ਗਾੜ੍ਹੀਆਂ॥
ਸੱਚੀਆਂ ਗੱਲਾਂ ਤੋਂ ਮੁੱਖ ਮੋੜ ਨੱਸ ਨਾ।
ਰੋਇਆ ਕਰ ਮੂਰਖਾ ਖ਼ੁਦੀ 'ਚ ਹੱਸ ਨਾ॥

ਜਿਨ੍ਹਾਂ ਨੂੰ ਤੂੰ ਆਪਣੇ ਬਣਾਈ ਫਿਰਦੈਂ।
ਸੱਚ ਪੁੱਛੇਂ ਗਲ ਫਾਹੀ ਪਾਈ ਫਿਰਦੈਂ॥
ਕੂੜ ਦੇ ਪਿਆਰ ਇਹ ਸਥਾਈ ਰਸ ਨਾ।
ਰੋਇਆ ਕਰ ਮੂਰਖਾ ਖ਼ੁਦੀ 'ਚ ਹੱਸ ਨਾ॥

ਮੰਨਦੈਂ ਤੂੰ ਘੁੱਟਾਂ ਜਿਨ੍ਹਾਂ ਨੂੰ ਘਿਉ ਦੀਆਂ।
ਆਖਦੇ ਸਿਆਣੇ ਗੰਦਲਾਂ ਨੇ ਵਿਉਹ ਦੀਆਂ॥
ਮਿਸ਼ਰੀ ਸਮਝ ਸੰਖੀਆਂ ਗ੍ਰੱਸ ਨਾ।
ਰੋਇਆ ਕਰ ਮੂਰਖਾ ਖ਼ੁਦੀ 'ਚ ਹੱਸ ਨਾ॥

ਜਿਹੜੇ ਤੇਰੇ ਜੀਅ ਨੂੰ ਸੁੱਚੇ ਮੋਤੀ ਜੱਚਦੇ।
ਸਹੀ ਮਾਅਨਿਆਂ 'ਚ ਮਣਕੇ ਨੇ ਕੱਚ ਦੇ॥
ਪੰਛੀਆ ਇੰਦ੍ਰਜਾਲ ਵਿਚ ਫੱਸ ਨਾ।
ਰੋਇਆ ਕਰ ਮੂਰਖਾ ਖ਼ੁਦੀ 'ਚ ਹੱਸ ਨਾ॥

"ਬ੍ਰਹਮਦੇਵ" ਮਾਰ ਮਨਸਾ ਦੀ ਵਾਸਨਾ।
ਕਰ ਸਤਿ ਰੂਪ ਰਾਮ ਦੀ ਉਪਾਸਨਾ॥
ਏਦੂੰ ਵੱਧ ਹੋਰ ਵੇਦਾਂ ਦਾ ਰਹੱਸ ਨਾ।
ਰੋਇਆ ਕਰ ਮੂਰਖਾ ਖ਼ੁਦੀ 'ਚ ਹੱਸ ਨਾ ॥

O

ਡੂਢਾ ਕੋਰੜਾ ਛੰਦ:-
ਹੁਣ ਤੇਰਾ ਬੰਦੇ ਬੰਦਗੀ ਦਾ ਪੱਖ ਹੈ ਛੱਡ ਦੇ ਸ਼ੈਤਾਨੀਆਂ।
ਕਾਲਿਆਂ 'ਚ ਜਿਹੜੀ ਧੌਲਿਆਂ ਦੀ ਦੱਖ ਹੈ ਪੱਕੀਆਂ ਨਿਸ਼ਾਨੀਆਂ॥
ਅੱਧ ਨਾਲੋਂ ਜ਼ਿਆਦਾ ਵਿੱਚ ਰੰਗ ਰਾਗ ਦੇ ਆਰਜਾ ਵਿਹਾ ਗਈ।
ਪੰਛੀਆ ਪ੍ਰੀਤ ਬਾਗ ਦੀ ਤਿਆਗ ਦੇ ਪੱਤਝੜ ਆ ਗਈ॥

ਮਾਇਆ ਦਾ ਸਰੋਵਰ ਜਗਤ ਸਾਥੀਆ ਤੂੰ ਇਹਦੇ ਵਿੱਚ ਧੱਸ ਗਿਆ।
ਗ੍ਰੱਸ ਲਿਆ ਗ੍ਰਾਹ ਨੇ ਗਜਿੰਦ ਹਾਥੀਆ ਭੁੱਲ ਕੀਤੀ ਫੱਸ ਗਿਆ॥
ਹੁਣ ਗੁਣ ਗਾ ਲੈ ਲੱਛਮੀ ਸੁਹਾਗ ਦੇ ਹੋਣੀ ਤਾਂ ਫਸਾ ਗਈ।
ਪੰਛੀਆ ਪ੍ਰੀਤ ਬਾਗ ਦੀ ਤਿਆਗ ਦੇ ਪੱਤਝੜ ਆ ਗਈ॥

ਜਿੱਥੇ ਕੱਲ ਹੁੰਦੇ ਸੀ ਤਮਾਸ਼ੇ ਰੰਗਲੇ ਅੱਜ ਪੈਂਦੇ ਕੀਰਨੇ।
ਸੱਜਦੇ ਸੀ ਜਿਸ ਥਾਂ ਮਹਿਲ ਬੰਗਲੇ ਓਸ ਥਾਂ ਕਰੀਰ ਨੇ॥
ਭਾਵੀ ਸੁਰ ਬੰਦ ਕਰਕੇ ਬਿਹਾਗ ਦੇ ਮਾਰੂਆਂ ਦੇ ਲਾ ਗਈ।
ਪੰਛੀਆ ਪ੍ਰੀਤ ਬਾਗ ਦੀ ਤਿਆਗ ਦੇ ਪੱਤਝੜ ਆ ਗਈ॥

ਮਨੂ ਮਾਨਧਾਤਾ ਇੰਦਰ ਫਨੇਂਦਰ ਧਰਮ ਧੁਰੰਦਰ।
ਬਾਲੀ ਬਲੀ ਬਾਣ ਵਰਗੇ ਨਰੇਂਦਰ ਬਲਾਂ ਦੇ ਸਮੁੰਦਰ॥
ਦੱਸ ਕਿੱਥੇ ਮਾਲਕ ਅਸ਼ੋਕ ਬਾਗ ਦੇ ਲੰਕਾ ਕਿਹੜੇ ਦਾ ਗਈ।
ਪੰਛੀਆ ਪ੍ਰੀਤ ਬਾਗ ਦੀ ਤਿਆਗ ਦੇ ਪੱਤਝੜ ਆ ਗਈ॥

ਕਿੱਧਰ ਗਏ ਕਾਰੂੰ ਹਾਰੂੰ ਸ਼ਾਹ ਸਿਕੰਦਰੇ ਪੁੱਛ ਖਾਂ ਔਰੰਗੇ ਨੂੰ।
ਲਾ ਗਿਆ ਚਿਤੌੜ ਦੇ ਕਿਲੇ ਨੂੰ ਜੰਦਰੇ ਲੱਭ ਰਾਣੇ ਚੰਗੇ ਨੂੰ॥
ਸ਼ੇਅਰ ਧਰੇ ਰਹਿ ਗਏ ਗ਼ਾਲਿਬ ਤੇ ਦਾਗ਼ ਦੇ ਮੌਤ ਮੁਸਕਰਾ ਗਈ।
ਪੰਛੀਆ ਪ੍ਰੀਤ ਬਾਗ ਦੀ ਤਿਆਗ ਦੇ ਪੱਤਝੜ ਆ ਗਈ॥

ਮਾਨਸ ਜਨਮ ਹੀਰਾ ਅਨਮੁੱਲੜਾ ਇਹਨੂੰ ਹੱਥੋਂ ਹਰ ਨਾ।
ਕੱਚ ਵਾਗੂੰ ਦੁਨੀਆਂ ਦੇ ਭੋਗ ਭੁੱਲੜਾ ਇਹ ਵਣਜ ਕਰ ਨਾ॥
ਲੱਗਦੈ ਕਿਉਂ ਪਿੱਛੇ ਕੁੱਤੇ ਕਾਮ ਕਾਗ ਦੇ ਵਿਸ਼ਟਾ ਕਿਉਂ ਭਾ ਗਈ।
ਪੰਛੀਆ ਪ੍ਰੀਤ ਬਾਗ ਦੀ ਤਿਆਗ ਦੇ ਪੱਤਝੜ ਆ ਗਈ॥

ਕਰਕੇ ਕ੍ਰਿਤ ਧਨ ਦਾਨ ਕਰਲੈ ਪੂਜ ਲੈ ਮਹਾਤਮਾ।
ਸ਼੍ਰੀ ਭਗਵਾਨ ਦਾ ਧਿਆਨ ਧਰ ਲੈ ਸ਼ੁੱਧ ਹੋ ਜਾਏ ਆਤਮਾ॥
ਕਰ ਲੈ ਸ਼ਨਾਨ ਗਗਨ ਤੜਾਗ ਦੇ ਤੈਨੂੰ ਤਮ੍ਹਾਂ ਤਾ ਗਈ।
ਪੰਛੀਆ ਪ੍ਰੀਤ ਬਾਗ ਦੀ ਤਿਆਗ ਦੇ ਪੱਤਝੜ ਆ ਗਈ॥

"ਬ੍ਰਹਮਦੇਵ" ਅਜੇ ਬਹੁਤਿਆਂ ਤੋਂ ਚੰਗਾ ਏਂ ਵੇਲੇ ਸਿਰ ਸੋਚ ਲਿਆ।
ਵੈਸੇ ਤਾਂ ਹਮਾਮ ਵਿੱਚ ਤੂੰ ਵੀ ਨੰਗਾ ਏ ਪਰ ਪੱਲਾ ਬੋਚ ਲਿਆ
ਜਿਹੜੀ ਬੰਸੀ ਵੱਜੀ ਸੀਸ ਕਾਲੀ ਨਾਗ ਦੇ ਤੈਨੂੰ ਉਹ ਬਚਾ ਗਈ।
ਪੰਛੀਆ ਪ੍ਰੀਤ ਬਾਗ ਦੀ ਤਿਆਗ ਦੇ ਪੱਤਝੜ ਆ ਗਈ॥

O

ਬਰਨਕ ਛੰਦ:-
ਮੋਖ ਪੰਥ ਵਿੱਚ ਸਭ ਤੋਂ ਵੱਡੀ ਕਾਮ ਰੁਕਾਵਟ ਹੈ।
ਸਿਆਣੇ ਕਹਿੰਦੇ ਇਸ ਦੀ ਸਾਗਰ ਵਾਂਗ ਬਨਾਵਟ ਹੈ॥
ਇਸ ਦਾ ਭਰਨਾ ਮੁਸ਼ਕਿਲ ਅਹਿਲਾ ਜਨਮ ਗਵਾਉਂਦਾ ਹੈ।
ਜਾਣ ਬੁੱਝ ਕੇ ਬਾਂਵਰਿਆ ਗਲ ਬੇੜੀ ਪਾਉਂਦਾ ਕਿਉਂ॥

ਹੱਡ ਮਾਸ ਤੇ ਮਿੱਝ ਖ਼ੂਨ ਗੰਦਗੀ ਦਾ ਥੈਲਾ ਹੈ।
ਢਾਈ ਮਾਸ਼ੇ ਚੰਮ ਚਮਕ ਨਹਿਲੇ ਤੇ ਦਹਿਲਾ ਹੈ॥
ਕੰਮ ਕੁੱਤਿਆਂ ਵਾਲੇ ਕਰਕੇ ਨਰ ਸਦਵਾਉਂਦਾ ਕਿਉਂ।
ਜਾਣ ਬੁੱਝ ਕੇ ਬਾਂਵਰਿਆ ਗਲ ਬੇੜੀ ਪਾਉਂਦਾ ਕਿਉਂ॥

ਪਹਿਲਾਂ ਮਨ ਨੂੰ ਤੜਫਣ ਭੋਗਣ ਬਾਦ ਸਵਾਦ ਨਹੀਂ।
ਘਾਟੇ ਵਾਲਾ ਸੌਦਾ ਚੰਗਾ ਆਖ਼ਿਰ ਆਦਿ ਨਹੀਂ॥
ਬੇਵਕੂਫ਼ ਬਣਜਾਰਿਆ ਖੋਟਾ ਬਣਜ ਕਮਾਉਂਦਾ ਕਿਉਂ।
ਜਾਣ ਬੁੱਝ ਕੇ ਬਾਂਵਰਿਆ ਗਲ ਬੇੜੀ ਪਾਉਂਦਾ ਕਿਉਂ॥

ਵਿਉਹ ਦੀ ਵੇਲ ਦੇ ਉੱਤੇ ਮਿੱਠੀ ਮਿਸ਼ਰੀ ਛਿੜਕੀ ਹੈ।
ਇੱਕ ਨਾਟਕ ਵਿੱਚ ਲਿਖਿਆ ਇਹ ਨਰਕਾਂ ਦੀ ਖਿੜਕੀ ਹੈ॥
ਨੈਣ ਮੀਟ ਕੇ ਨਰਕ ਜਾਣ ਦੇ ਟਿਕਟ ਕਟਾਉਂਦਾ ਕਿਉਂ।
ਜਾਣ ਬੁੱਝ ਕੇ ਬਾਂਵਰਿਆ ਗਲ ਬੇੜੀ ਪਾਉਂਦਾ ਕਿਉਂ॥

ਕਹਿਣੇ ਕੰਵਲ ਅਨਾਰ ਸੇਬ ਕਵੀਆਂ ਦੀ ਸ਼ੈਲੀ ਹੈ।
ਸਹੀ ਮਾਅਨਿਆਂ ਵਿੱਚ ਤਾਂ ਦੇਹ ਵਿਸ਼ਟਾ ਤੋਂ ਮੈਲੀ ਹੈ॥
ਮੋਹ ਦੀ ਮਦਿਰਾ ਪੀ ਕੇ ਆਬੇ-ਹਿਯਾਤ ਬਤੌਂਦਾਂ ਕਿਉਂ।
ਜਾਣ ਬੁੱਝ ਕੇ ਬਾਂਵਰਿਆ ਗਲ ਬੇੜੀ ਪਾਉਂਦਾ ਕਿਉਂ॥

ਮਾਸ ਨਾਲ ਤੂੰ ਰੋਜ਼ ਮੂਰਖਾ ਮਲਦਾ ਮਾਸ ਰਿਹਾ।
ਏਸੇ ਵਹਿਸ਼ੀਪਣ ਨੂੰ ਕਹਿੰਦਾ ਭੋਗ ਵਿਲਾਸ ਰਿਹਾ॥
ਸ਼ਰਮ ਮੰਨ ਬੇਸ਼ਰਮਾ ਗਲਤੀ ਨੂੰ ਦੁਹਰਾਉਂਦਾ ਕਿਉਂ।
ਜਾਣ ਬੁੱਝ ਕੇ ਬਾਂਵਰਿਆ ਗਲ ਬੇੜੀ ਪਾਉਂਦਾ ਕਿਉਂ॥

ਨਹੀ ਭੋਗ ਤੂੰ ਭੋਗੇ ਭੋਗਾਂ ਤੈਨੂੰ ਭੋਗ ਲਿਆ।
ਲਾਲ ਅਮੋਲਕ ਬਦਲੇ ਤੂੰ ਜਨਮਾਂ ਦਾ ਰੋਗ ਲਿਆ॥
ਬੱਸ ਕਰ ਜਾ ਬੇ-ਸਬਰਿਆ ਜ਼ਿਆਦਾ ਰੋਗ ਵਧਾਉਂਦਾ ਕਿਉਂ।
ਜਾਣ ਬੁੱਝ ਕੇ ਬਾਂਵਰਿਆ ਗਲ ਬੇੜੀ ਪਾਉਂਦਾ ਕਿਉਂ॥

ਇੰਦਰ ਵਰਗੇ ਏਸ ਖੇਡ ਵਿੱਚ ਬਾਜ਼ੀ ਹਾਰੇ ਨੇ।
ਤੇਰੇ ਵਰਗੇ ਕੀੜੇ ਕਮਲਿਆ ਕੌਣ ਵਿਚਾਰੇ ਨੇ॥
"ਬ੍ਰਹਮਦੇਵ" ਬਣ ਬ੍ਰਹਮ ਤੂੰ ਮਨ ਮਰਕਟ ਅਖਵਾਉਂਦਾ ਕਿਉਂ।
ਜਾਣ ਬੁੱਝ ਕੇ ਬਾਂਵਰਿਆ ਗਲ ਬੇੜੀ ਪਾਉਂਦਾ ਕਿਉਂ॥

O

ਮਨੋਹਰ ਭਵਾਨੀ ਛੰਦ:-
ਸੋਹਣੀ ਜੋਬਨ ਦੀ ਰੁੱਤੇ,ਤੂੰ ਜਗਾਏ ਸਿਵੇ ਸੁੱਤੇ।
ਮੋਹਿਤ ਹੋ ਕੇ ਮਾਸ ਉੱਤੇ,ਗੰਦਾ ਹੋ ਗਿਆ ਗੰਦਿਆ॥
ਬੰਦਾ ਬਣ ਛੱਡ ਬੁਰਿਆਈਆਂ ਬੰਦਿਆ॥

ਆਇਆ ਦੂਸਰਾ ਪਹਿਰ,ਮਾਰੀ ਲੋਭ ਨੇ ਲਹਿਰ।
ਤੈਨੂੰ ਹੋਰ ਵੀ ਜ਼ਹਿਰ, ਚੜ੍ਹ ਗਈ ਭੁਜੰਗਿਆ।
ਆਪਣਾ ਪਰਾਇਆ ਤੂੰ ਹਰੇਕ ਡੰਗਿਆ॥

ਵੇਖ ਲੋਭ ਦੇ ਕਲੋਲ,ਮੋਹ ਗਵੱਈਆ ਆ ਗਿਆ ਕੋਲ
ਉਹਨੇ ਮਮਤਾ ਦੇ ਬੋਲ ਛੇੜ ਲਏ ਸਰੰਦਿਆ।
ਬੰਦਾ ਬਣ ਛੱਡ ਬੁਰਿਆਈਆਂ ਬੰਦਿਆ॥

ਪੈ ਗਈ ਭੋਗਾਂ 'ਚ ਅੜ੍ਹਕ, ਤਾਂ ਕ੍ਰੋਧ ਪਿਆ ਭੜਕ
ਬਾਕੀ ਬਚਦੀ ਰੜਕ ਉਹ ਚੰਡਾਲ ਕੱਢ ਗਿਆ।
ਪੁਲਸਾਂ ਅਦਾਲਤਾਂ ਲਈ ਤੈਨੂੰ ਛੱਡ ਗਿਆ॥

ਧੀਆਂ ਪੁੱਤ ਮੇਰੀ ਲਾੜੀ,ਵੱਡੇ ਸਾਕ ਪੱਕੇ ਆੜੀ
ਇਉਂ ਹੰਕਾਰ ਦੀ ਕੁਹਾੜੀ ਨੇ ਵੀ ਚੰਗਾ ਰੰਦਿਆ।
ਬੰਦਾ ਬਣ ਛੱਡ ਬੁਰਿਆਈਆਂ ਬੰਦਿਆ॥

ਇਹ ਤਾਂ ਗਿਣਤੀ ਦੀ ਗੱਲ,ਹੋਰ ਵੀ ਅਨੇਕਾਂ ਮੱਲ
ਜਿਹੜੇ ਖਾਂਦੇ ਤੇਰੀ ਖੱਲ ਮੈਂ ਗਿਣਾ ਨਹੀਂ ਸਕਦਾ।
ਪੜ੍ਹ ਗੁਰਬਾਣੀ ਜੇ ਖ਼ਿਆਲ ਸ਼ੱਕ ਦਾ॥

ਵੈਰੀ ਬਹੁਤੇ ਤੂੰ ਇਕੱਲਾ, ਲੁੱਟੀ ਜਾਂਦੇ ਤੇਰਾ ਗੱਲਾ
ਗੁਰੂ ਸੂਰਮੇ ਦਾ ਪੱਲਾ ਫੜ ਲੈ ਲੁਟੰਦਿਆ।
ਬੰਦਾ ਬਣ ਛੱਡ ਬੁਰਿਆਈਆਂ ਬੰਦਿਆ॥

ਜੱਗ ਨਾਲ ਨਾ ਉਲਝ, ਸਿਆਣਾ ਬਣ ਕੇ ਸੁਲਝ
ਤੇ ਰਮਜ਼ ਗੁੱਝੀ ਬੁੱਝ ਕਿਸੇ ਦਾ ਮੁਰੀਦ ਹੋ
ਝੂਠ ਨੂੰ ਤਿਆਗ ਸੱਚ ਲਈ ਸ਼ਹੀਦ ਹੋ॥

ਖੱਟੀ ਨੇਕੀਆਂ ਦੀ ਖੱਟ,ਤੇ ਨਿਉਂ ਕੇ ਦਿਨ ਕੱਟ
"ਬ੍ਰਹਮਦੇਵ" ਦੜ ਵੱਟ ਸਾਰਿਆਂ ਤੋਂ ਮੰਦਿਆ।
ਬੰਦਾ ਬਣ ਛੱਡ ਬੁਰਿਆਈਆਂ ਬੰਦਿਆ।

O

ਦੋਤਾਰਾ ਛੰਦ:-

ਦੁਨੀਆ ਰੰਗਸ਼ਾਲਾ ਹੈ ਸੂਤਰਧਾਰ ਹਰੀ ਨਟਰਾਜ।
ਇਹ ਜੀਵ ਜਮੂਰਾ ਹੈ ਜਿਸਦੇ ਬੜੇ ਅਨੋਖੇ ਨਾਜ਼॥
ਹੈ ਮਿਊਜ਼ਕ ਮਾਇਆ ਦਾ ਗਾਇਕ ਮੋਹ ਕਲਪਣਾ ਸਾਜ਼ੀ।
ਦਰਸ਼ਕ ਬਣ ਦੇਖ ਮਨਾਂ ਜਗਤ ਪਤਿ ਜਾਦੂਗਰ ਦੀ ਬਾਜ਼ੀ॥

ਔਹ ਬਾਲਕ ਵੇਖ ਜ਼ਰਾ ਹੱਸਦਾ ਰੁੱਸ ਗਿਆ ਲੈ ਰੋ ਪਿਆ।
ਅਰਸ਼ਾਂ ਵੱਲ ਵੇਂਹਦਾ ਏ ਅੱਖਾਂ ਭਰ ਕੇ ਖੜਾ ਕ੍ਰੋਪਿਆ॥

ਅਹੁ ਸੁਣ ਕੀ ਮੰਗਦਾ ਏ ਕਹਿੰਦਾ ਲਾਹ ਦਿਉ ਚੰਦ ਪਿਤਾ ਜੀ।
ਦਰਸ਼ਕ ਬਣ ਦੇਖ ਮਨਾਂ ਜਗਤ ਪਤਿ ਜਾਦੂਗਰ ਦੀ ਬਾਜ਼ੀ॥

ਖ਼ੁਸ਼ੀਆਂ ਵਿੱਚ ਖੇਡ ਰਿਹਾ ਵੇਖ ਲੈ ਨਾਲ ਧੂੜ ਦੇ ਭਰਿਆ।
ਹੁਣ ਭੱਜਿਆ ਜਾਂਦਾ ਹੈ ਅਹੁ ਅਧਿਆਪਕ ਕੋਲੋਂ ਡਰਿਆ॥
ਜੀਕੂੰ ਮੱਝ ਡਰਦੀ ਹੈ ਵੇਖ ਕੇ ਛੱਤਰੀ ਵਾਲੇ ਸ਼ਾਹ ਜੀ।
ਦਰਸ਼ਕ ਬਣ ਦੇਖ ਮਨਾਂ ਜਗਤ ਪਤਿ ਜਾਦੂਗਰ ਦੀ ਬਾਜ਼ੀ॥

ਹੁਣ ਜਵਾਨ ਹੋ ਗਿਆ ਇਹ ਚਮਕਿਆ ਹੁਸਨ ਮੁਸ਼ਕਿਆ ਕਾਮ।
ਰਾਂਝਾ ਬਣ ਝੂਮ ਰਿਹਾ ਗਲੀਆਂ ਵਿੱਚ ਸਵੇਰੇ ਸ਼ਾਮ॥
ਲੂੰ-ਲੂੰ ਨਸ਼ਿਆਇਆ ਹੈ ਹੱਸ ਹੱਸ ਕਹਿੰਦਾ ਭਾਬੀ ਭਾ ਜੀ।
ਦਰਸ਼ਕ ਬਣ ਦੇਖ ਮਨਾਂ ਜਗਤ ਪਤਿ ਜਾਦੂਗਰ ਦੀ ਬਾਜ਼ੀ॥

ਗੱਭਰੂ ਹੁਣ ਵਿਆਹੀਦੈ ਵੇਖ ਅਹੁ ਗੀਤ ਗਾਉਂਦੀਆਂ ਕੁੜੀਆਂ।
ਉੱਡਦੀ ਹੈ ਲਾਲ ਪਰੀ ਔਧਰ ਤੱਕ ਮਹਿਫ਼ਲਾਂ ਜੁੜੀਆਂ॥
ਗਲ ਬੇੜੀ ਪੈਂਦੀ ਹੈ ਪਾਉਂਦੇ ਪੰਡਤ ਭਾਈ ਕਾਜ਼ੀ।
ਦਰਸ਼ਕ ਬਣ ਦੇਖ ਮਨਾਂ ਜਗਤ ਪਤਿ ਜਾਦੂਗਰ ਦੀ ਬਾਜ਼ੀ॥

ਲਉ ਬਣ ਸੰਸਾਰੀ ਗਿਆ ਇਹ ਹੈ ਬਾਪੂ ਤੇ ਔਹ ਨਿਆਣੇ।
ਦੋ ਤਿੰਨ ਤਾਂ ਨਾਲ ਪਏ ਪੱਪੂ ਰੋਂਦਾ ਖੜਾ ਸਿਰ੍ਹਾਣੇ॥
ਔਧਰ ਔਹ ਕਹਿੰਦੀ ਹੈ, ਹੈ ਨਹੀਂ ਲੂਣ ਤੇਲ ਮਖਿਆ ਜੀ।
ਦਰਸ਼ਕ ਬਣ ਦੇਖ ਮਨਾਂ ਜਗਤ ਪਤਿ ਜਾਦੂਗਰ ਦੀ ਬਾਜ਼ੀ॥

ਲਉ ਬ੍ਰਿਧ ਹੋ ਗਿਆ ਇਹ ਇਸਦੀ ਕਮਰ ਵਿਚਾਲਿਉਂ ਮੁੜ ਗਈ।
ਅੜ੍ਹਕਿਆ ਤੇ ਡਿੱਗ ਪਿਆ ਸੋਟੀ ਛੁੱਟ ਗਈ ਪੱਗ ਰੁੜ ਗਈ॥
ਘਰ ਵਾਲੇ ਕਹਿੰਦੇ ਨੇ ਮਗਰੋ ਲਹਿੰਦਾ ਨਹੀਂ ਇਹ ਪਾਜ਼ੀ।
ਦਰਸ਼ਕ ਬਣ ਦੇਖ ਮਨਾਂ ਜਗਤ ਪਤਿ ਜਾਦੂਗਰ ਦੀ ਬਾਜ਼ੀ॥

ਲਉ ਸੰਖ ਪੂਰਿਆ ਗਿਆ ਨਬਜ਼ਾਂ ਠਹਿਰ ਗਈਆਂ ਇਹ ਮਰ ਗਿਆ।
ਮਾਰੂ ਧੁਨ ਵੱਜਦੀ ਏ ਆਏ ਅੰਗ ਸਾਕ ਘਰ ਭਰ ਗਿਆ॥
ਸਭ ਕਹਿੰਦੇ ਸੁਣਦੇ ਨੇ ਹੋ ਗਏ ਸੁਰਗਵਾਸ ਬਾਬਾ ਜੀ।
ਦਰਸ਼ਕ ਬਣ ਦੇਖ ਮਨਾਂ ਜਗਤ ਪਤਿ ਜਾਦੂਗਰ ਦੀ ਬਾਜ਼ੀ॥

ਹੈ ਗਰੁੜ ਬ੍ਰਾਹਮਣ ਲਈ ਖ਼ਾਲਸੇ ਲਈ ਗੁਰੂ ਦੀ ਬਾਣੀ।
ਬਾਈਬਲ ਹੈ ਗੋਰਿਆਂ ਦੀ ਮੋਮਿਨ ਦੇ ਲਈ ਰਸਮ ਕੁਰਾਨੀ॥
ਕੀਰਤਪੁਰ ਸਿੰਘ ਜਾਂਦੇ ਹਿੰਦੂ ਜਾਂਦੇ ਗੰਗ ਗਿਆ ਜੀ।
ਦਰਸ਼ਕ ਬਣ ਦੇਖ ਮਨਾਂ ਜਗਤ ਪਤਿ ਜਾਦੂਗਰ ਦੀ ਬਾਜ਼ੀ॥

ਬੱਸ ਡਰਾਪ ਸੀਨ ਹੋ ਗਿਆ ਸਮਝ ਲਉ ਹੋ ਗਿਆ ਖ਼ਤਮ ਤਮਾਸ਼ਾ।
ਪੰਡਿਤ ਵੀ ਚਲੇ ਗਏ ਸੋਧ ਗਏ ਗ੍ਰੰਥੀ ਵੀ ਅਰਦਾਸਾ॥
ਇੱਕ "ਬ੍ਰਹਮਦੇਵ" ਰਹਿ ਗਿਆ ਬੈਠਾ ਕਰਦਾ ਵਾਹ ਜੀ ਵਾਹ ਜੀ।
ਦਰਸ਼ਕ ਬਣ ਦੇਖ ਮਨਾਂ ਜਗਤ ਪਤਿ ਜਾਦੂਗਰ ਦੀ ਬਾਜ਼ੀ॥

o

ਬਰਨਕ ਛੰਦ:-
ਪਹਿਲਾਂ ਤਾਂ ਤੂੰ ਮੈਨੂੰ ਉਸ ਪ੍ਰੀਤਮ ਤੋਂ ਤੋੜ ਲਿਆ।
ਫੇਰ ਭੁਲੇਖਾ ਦੇ ਕੇ ਇਸ ਦੁਨੀਆਂ ਵੱਲ ਮੋੜ ਲਿਆ॥
ਮੈਂ ਸੀ ਸਹੀ ਸਫ਼ੈਦ ਤੂੰ ਕਰ ਲਿਆ ਕਾਲਾ ਰੰਗ ਮਨਾਂ।
ਹੁਣ ਕਿਰਪਾ ਕਰ ਬਖ਼ਸ਼ ਮੈ ਤੈਥੋਂ ਆ ਗਿਆ ਤੰਗ ਮਨਾਂ॥

ਝੂਠੇ ਤੇਰੇ ਭੋਗ ਪਦਾਰਥ ਤੂੰ ਵੀ ਝੂਠਾ ਏਂ।
ਕਾਲ ਕੂਟ ਵਿਹੁ ਭਰਿਆ ਤੂੰ ਮਾਇਆ ਦਾ ਠੂਠਾ ਏਂ॥
ਮੈਂ ਵੀ ਝੂਠਾ ਪੈ ਗਿਆ ਜੁੜ ਕੇ ਤੇਰੇ ਸੰਗ ਮਨਾਂ।
ਹੁਣ ਕਿਰਪਾ ਕਰ ਬਖ਼ਸ਼ ਮੈ ਤੈਥੋਂ ਆ ਗਿਆ ਤੰਗ ਮਨਾਂ॥

ਇੰਦਰੀਆਂ ਦਾ ਦਾਸ ਬਣ ਗਿਆ ਪਰਮ ਵਿਲਾਸੀ ਤੂੰ।
ਬਾਂਦਰ ਵਾਂਗੂ ਨੱਚ ਨੱਚ ਕਰਵਾਈ ਹਾਸੀ ਤੂੰ॥
ਮਾਰੂਥਲ 'ਚੋਂ ਨੀਰ ਭਾਲਦੈਂ ਮੂੜ੍ਹ ਕੁਰੰਗ ਮਨਾਂ।
ਹੁਣ ਕਿਰਪਾ ਕਰ ਬਖ਼ਸ਼ ਮੈ ਤੈਥੋਂ ਆ ਗਿਆ ਤੰਗ ਮਨਾਂ॥

ਮਿੱਥਿਆ ਨਾਲ ਮੁਹੱਬਤ ਕਰ ਕੇ ਬਣ ਸੰਸਾਰੀ ਗਿਆ।
ਲੱਖ ਚੁਰਾਸੀ ਵਾਰ ਖੇਡ ਕੇ ਫਿਰ ਵੀ ਹਾਰੀ ਗਿਆ॥
ਆਤਮ ਧਨ ਹਰਵਾ ਕੇ ਹੋ ਗਿਆ ਖ਼ਾਲਸ ਨੰਗ ਮਨਾਂ।
ਹੁਣ ਕਿਰਪਾ ਕਰ ਬਖ਼ਸ਼ ਮੈ ਤੈਥੋਂ ਆ ਗਿਆ ਤੰਗ ਮਨਾਂ॥

ਯਾਰ ਨਾਰ ਪਰਿਵਾਰ ਪਿਆਰ ਸਭ ਤੇਰੀ ਠੱਗੀ ਸੀ।
ਤੇਰੇ ਲਈ ਬਸੰਤਰ ਮੇਰੇ ਘਰ ਨੂੰ ਲੱਗੀ ਸੀ॥
ਦੱਸ ਤੇਰਾ ਵਿਸ਼ਵਾਸ ਕਰਾਂ ਮੈਂ ਕਿਹੜੇ ਢੰਗ ਮਨਾਂ।
ਹੁਣ ਕਿਰਪਾ ਕਰ ਬਖ਼ਸ਼ ਮੈ ਤੈਥੋਂ ਆ ਗਿਆ ਤੰਗ ਮਨਾਂ॥

ਸਿਆਣੇ ਕਹਿੰਦੇ ਕਾਮ ਭੋਗ ਜੜ੍ਹ ਸਾਰੇ ਝਗੜੇ ਦੀ।
ਤੂੰ ਅੱਜ ਤੀਕਰ ਮੰਨੀ ਗਿਆ ਗੱਲ ਓਸੇ ਧਗੜੇ ਦੀ॥
ਉਸ ਨੇ ਮੇਰੇ ਗਿਆਨ ਧਿਆਨ ਸਭ ਕੀਤੇ ਭੰਗ ਮਨਾਂ।
ਹੁਣ ਕਿਰਪਾ ਕਰ ਬਖ਼ਸ਼ ਮੈ ਤੈਥੋਂ ਆ ਗਿਆ ਤੰਗ ਮਨਾਂ॥

ਨਿਹੁੰ ਤੇਰੇ ਨਾਲ ਲਾ ਕੇ ਨਫ਼ਾ ਬਥੇਰਾ ਖੱਟ ਲਿਆ।
ਤੂੰ ਵੀ ਖਹਿੜਾ ਛੱਡ ਤੇ ਮੈਂ ਹੁਣ ਪਾਸਾ ਵੱਟ ਲਿਆ॥
ਲੈ ਸਾਡੀ ਅਲਵਿਦਾ ਮੁਆਫ਼ ਕਰ ਬਚਨ ਵਿਅੰਗ ਮਨਾਂ।
ਹੁਣ ਕਿਰਪਾ ਕਰ ਬਖ਼ਸ਼ ਮੈਂ ਤੈਥੋਂ ਆ ਗਿਆ ਤੰਗ ਮਨਾਂ॥

ਪਰਮ ਵਿਰਾਗ ਵਿਵੇਕ ਨਾਲ ਹੁਣ ਮੇਰੀ ਯਾਰੀ ਹੈ।
ਖਟ ਸੰਪਤ ਸੰਗ ਸਖੀਆਂ ਤੇ ਵਿੱਚ ਕ੍ਰਿਸ਼ਨ ਮੁਰਾਰੀ ਹੈ॥
"ਬ੍ਰਹਮਦੇਵ" ਧੁਨ ਸੁਣਦੈ ਮੁਰਲੀ ਤਾਨ ਤਰੰਗ ਮਨਾਂ।
ਹੁਣ ਕਿਰਪਾ ਕਰ ਬਖ਼ਸ਼ ਮੈ ਤੈਥੋਂ ਆ ਗਿਆ ਤੰਗ ਮਨਾਂ॥

o

ਢਾਈਆ ਡੂਢਾ ਕੋਰੜਾ ਛੰਦ :-

ਆਦਿ ਵਿੱਚ ਓਂਕਾਰ ਨੂੰ ਧਿਆ ਲਵੋ।
ਸੁਰਤੀ ਟਿਕਾ ਲਵੋ ਤੇ ਚਿੱਤ ਠਹਿਰਾ ਲਵੋ॥
ਸੱਚ ਦੇ ਚਿਰਾਗ ਅੰਦਰ ਜਗਾ ਲਵੋ।
ਹਵਾ ਤੋਂ ਬਚਾ ਲਵੋ ਸਾਰੇ ਬੂਹੇ ਲਾ ਲਵੋ॥

ਕੇਵਲ ਧਿਆਨ ਮਾਲਕ ਦਾ ਧਰ ਲਉ।
ਉਹਦੇ ਪਾਸ ਜਾਣ ਦਾ ਪੰਥ ਹੈ ਧਿਆਨ ਦਾ॥
ਆਓ ਬਣਜਾਰਿਓ ਬਣਜ ਕਰ ਲਉ।
ਬਣਜ ਗਿਆਨ ਦਾ ਗਿਆਨ ਭਗਵਾਨ ਦਾ॥

ਸਾਰੇ ਸੰਤ ਸਾਨੂੰ ਸਾਈਂ ਵੱਲ ਲਾਉਂਦੇ ਨੇ।
ਭਰਮ ਮਿਟਾਉਂਦੇ ਨੇ ਇੱਕੋ ਰਾਹ ਪਾਉਂਦੇ ਨੇ॥
ਆਤਮਾ ਦੀ ਖੋਜ ਖੋਜਣਾ ਸਿਖਾਉਂਦੇ ਨੇ।
ਮਾਇਆ ਤੋਂ ਛੁਡਾਉਂਦੇ ਨੇ ਏਸੇ ਕੰਮ ਆਉਂਦੇ ਨੇ॥

ਉਹਨਾਂ ਦੇ ਬਤਾਏ ਬੇੜੇ ਬਹਿ ਕੇ ਤਰ ਲਉ।
ਸਿੰਧੂ ਅਗਿਆਨ ਦਾ ਡਰ ਨਹੀਂ ਤੂਫ਼ਾਨ ਦਾ॥
ਆਉ ਬਣਜਾਰਿਉ ਬਣਜ ਕਰ ਲਉ।
ਬਣਜ ਗਿਆਨ ਦਾ ਗਿਆਨ ਭਗਵਾਨ ਦਾ॥

ਚਿੱਤ 'ਚ ਖ਼ਿਆਲ ਕਰਕੇ ਮਿਲਾਪ ਦਾ।
ਲਓ ਸਹਾਰਾ ਜਾਪ ਦਾ ਜੋ ਵੈਰੀ ਤਿੰਨ ਤਾਪ ਦਾ॥
ਅੰਦਰੇ ਅੰਦਰ ਰੂਪ ਖੋਜੋ ਆਪ ਦਾ।
ਤੇ ਪਸਾਰਾ ਪਾਪ ਦਾ ਫੇਰ ਨਹੀਂ ਵਿਆਪਦਾ॥

ਸੂਰਬੀਰ ਬਣ ਕੇ ਅਜਰ ਜਰ ਲਉ।
ਮੋਹ ਤਿਆਗੋ ਮਾਨ ਦਾ ਜੱਗ ਨੂੰ ਰਿਝਾਨ ਦਾ॥
ਆਉ ਬਣਜਾਰਿਉ ਬਣਜ ਕਰ ਲਉ।
ਬਣਜ ਗਿਆਨ ਦਾ ਗਿਆਨ ਭਗਵਾਨ ਦਾ॥

ਜਿਤਨੇ ਵੀ ਏਸ ਜੱਗ ਦੇ ਪਸਾਰੇ ਨੇ।
ਦਿਸਦੇ ਨਜ਼ਾਰੇ ਨੇ ਸੋਚਦੇ ਸਹਾਰੇ ਨੇ॥

ਸੋਚਾਂ ਦੇ ਉਸਾਰ ਮਨ ਦੇ ਉਸਾਰੇ ਨੇ।
ਝੂਠੇ ਝਲਕਾਰੇ ਨੇ ਰੇਤ ਦੇ ਚੁਬਾਰੇ ਨੇ॥

ਮਾਰਨੈਂ ਜੇ ਮਨ ਪਹਿਲਾਂ ਆਪ ਮਰ ਲਉ।
ਇਉਂ ਖ਼ਾਤਮਾ ਸ਼ੇਤਾਨ ਦਾ ਹੋ ਜਾਊ ਬੇਈਮਾਨ ਦਾ॥
ਆਉ ਬਣਜਾਰਿਉ ਬਣਜ ਕਰ ਲਉ।
ਬਣਜ ਗਿਆਨ ਦਾ ਗਿਆਨ ਭਗਵਾਨ ਦਾ॥

ਨਾਮ ਰੂਪ ਜਗਤ ਇੰਦਰ ਜਾਲ ਹੈ।
ਸ਼ਤਰੰਜੀ ਚਾਲ ਹੈ ਠੱਗੀ ਦਾ ਕਮਾਲ ਹੈ॥
ਅਲਜ਼ਬਰੇ ਤੋਂ ਸਖ਼ਤ ਸਵਾਲ ਹੈ।
ਕੌਡੀਆਂ ਦਾ ਥਾਲ ਹੈ ਮੋਤੀਆਂ ਦੀ ਝਾਲ ਹੈ॥

ਏਸ ਦੇ ਰਚਨਹਾਰ ਕੋਲੋਂ ਡਰ ਲਉ।
ਏਸ ਤੋਂ ਬਚਾਣ ਦਾ ਉਹ ਤਰੀਕਾ ਜਾਣ ਦਾ॥
ਆਉ ਬਣਜਾਰਿਉ ਬਣਜ ਕਰ ਲਉ।
ਬਣਜ ਗਿਆਨ ਦਾ ਗਿਆਨ ਭਗਵਾਨ ਦਾ॥

ਸੱਚੇ ਦਿਲੋਂ ਪੱਲਾ ਫੜੋ ਅਰਦਾਸ ਦਾ।
ਜੋ ਅਸੂਲ ਦਾਸ ਦਾ ਪੱਕੇ ਵਿਸ਼ਵਾਸ ਦਾ॥
ਰੱਬ ਨੂੰ ਪਛਾਣੋ ਸਵਾਮੀ ਸਾਰੀ ਰਾਸ ਦਾ।
ਫੇਰ ਜਮ ਫਾਸ ਦਾ ਖ਼ਤਰਾ ਨਹੀਂ ਭਾਸਦਾ॥

ਨੀਂਵੇ ਹੋ ਕੇ ਝੋਲੀ ਨੇਕੀਆਂ ਦੀ ਭਰ ਲਉ।
ਦਾਹਵਾ ਫੋਕੀ ਸ਼ਾਨ ਦਾ ਛੱਡੋ ਅਭਿਮਾਨ ਦਾ॥
ਆਉ ਬਣਜਾਰਿਉ ਬਣਜ ਕਰ ਲਉ।
ਬਣਜ ਗਿਆਨ ਦਾ ਗਿਆਨ ਭਗਵਾਨ ਦਾ॥

ਭਾਗਾਂ ਨਾਲ ਦੇਹਿ ਮਿਲ ਗਈ ਮਨੁੱਖ ਦੀ।
ਜੜ੍ਹ ਪੁੱਟੋ ਦੁੱਖ ਦੀ ਮਮਤਾ ਦੇ ਰੁੱਖ ਦੀ॥
ਰਾਮ ਦੀ ਸ਼ਰਨ ਕੁੰਜੀ ਸਦਾ ਸੁੱਖ ਦੀ।
ਸ਼ੋਭਾ ਹੋ ਜਾਏ ਮੁੱਖ ਦੀ ਜਨਨੀ ਦੀ ਕੁੱਖ ਦੀ॥

ਮਾਇਆ ਨੂੰ ਵਿਸਾਰ ਕੇ ਹਰੀ ਨੂੰ ਵਰ ਲਉ।
ਜੋ ਮਾਲਕ ਜਹਾਨ ਦਾ ਪ੍ਰੀਤਾਂ ਪਹਿਚਾਨ ਦਾ॥
ਆਉ ਬਣਜਾਰਿਉ ਬਣਜ ਕਰ ਲਉ।
ਬਣਜ ਗਿਆਨ ਦਾ ਗਿਆਨ ਭਗਵਾਨ ਦਾ॥

ਤਾਰਿਆਂ ਦੀ ਛਾਇਆ ਭਿੰਨੀ ਭਿੰਨੀ ਰੈਣ ਹੋ।
ਚਿੱਤ ਵਿੱਚ ਚੈਨ ਹੋ ਸਾਹਮਣੇ ਨਰੈਣ ਹੋ॥
ਸੋਹੰ ਅਨਾਹਦ ਧੁਨੀ ਦਾ ਗੈਣ ਹੋ।
ਮਖ਼ਮੂਰ ਨੈਣ ਹੋ ਤੇ ਮਧੁਰ ਬੈਣ ਹੋ॥

"ਬ੍ਰਹਮਦੇਵ" ਗਿਆਨ ਦੀ ਗੰਗਾ 'ਚ ਠਰ ਲਉ।
ਸਮਾਂ ਹੈ ਸ਼ਨਾਨ ਦਾ ਤਪਸ਼ਾਂ ਬੁਝਾਣ ਦਾ॥
ਆਉ ਬਣਜਾਰਿਉ ਬਣਜ ਕਰ ਲਉ।
ਬਣਜ ਗਿਆਨ ਦਾ ਗਿਆਨ ਭਗਵਾਨ ਦਾ॥

○

ਦੋਹਰਾ ਛੰਦ:-

## ਸੁਭਾਸ਼ਿਤ

ਸ਼ੁੱਭ ਚਿੰਤਨ ਪ੍ਰਤੀ ਦਿਨ ਕਰੋ ਤਿਆਗ ਅਸ਼ੁੱਭ ਵਿਚਾਰ।
ਪਰਮਾਤਮ ਫਲ ਦੇਂਵਦੈ ਚਿੰਤਨ ਦੇ ਅਨੁਸਾਰ॥
ਭਲਿਆਂ ਦੀ ਸੰਗਤ ਕਰੋ ਭਲਿਆਂ ਦੇ ਵਿੱਚ ਵਾਸ।
ਭਲਿਆਂ ਪਾਸੋਂ ਹੋਂਵਦੀ ਸਦਾ ਭਲੇ ਦੀ ਆਸ॥

ਸੁਕ੍ਰਿਤ,ਸਤਿ,ਸਰਸਵਤੀ,ਸੁੱਖ ਸੱਜਣ ਦਾ ਸੰਗ।
ਸਤਿ ਸੰਪਤ,ਸੰਤਾਨ ਸ਼ੁੱਭ,ਸੰਤਾਂ ਪਾਸੋਂ ਮੰਗ॥

ਹਰ ਇੱਕ ਗੱਲ ਸਤਿਪੁਰਖ ਦੀ ਹੁੰਦੀ ਧਾਰਨ ਯੋਗ।
ਜੋ ਇੱਕ ਅੱਧੀ ਮੰਨਦੇ ਉਹ ਵੀ ਉੱਤਮ ਲੋਗ॥

ਮਨ ਮੂੱਖ ਲਈ ਵਿਅਰਥ ਨੇ ਸੰਤ ਬਚਨ ਅਨਮੋਲ।
ਬਹਿਰੇ ਲਈ ਬੇਕਾਰ ਨੇ ਜਿਉਂ ਕੋਇਲ ਦੇ ਬੋਲ॥

ਵਿਦਵਾਨਾਂ ਦੇ ਮਿਲੇ ਤੋਂ ਜੋ ਨ ਹੋਣ ਅਨੰਦ।
ਉਹ ਨਰ ਬਿਨ ਸਿੰਗ ਪੂਛ ਤੋਂ,ਪਸ਼ੂ ਮੂੜ ਮਤਿਮੰਦ॥

ਨਾ ਦਾਤਾ ਨਾ ਸੂਰਮਾ ਨਾ ਸਾਧੂ ਵਿਦਵਾਨ।
ਇਹੋ ਜਿਹੇ ਗੁਣਹੀਨ ਦੀ ਮਾਤਾ ਬਾਂਝ ਸਮਾਨ॥

ਸੋਹਣੇ ਪਹਿਰੇ ਕੱਪੜੇ ਸੱਜਰਾ ਗੋਰਾ ਮੁੱਖ।
ਬਿਨ ਗੁਣ ਨਾ ਨਰ ਸ਼ੋਭਦਾ ਜਿਉਂ ਸਿੰਬਲ ਦਾ ਰੁੱਖ॥

ਹਰਿ ਪਦ ਨਹੀਂ ਪਾ ਸਕਦੇ ਕਾਇਰ, ਮੁਗਧ, ਅਧੀਰ।
ਟੁੱਟੇ ਫੁੱਟੇ ਘੜੇ ਵਿੱਚ ਕਿਵੇਂ ਰਹੇਗਾ ਨੀਰ॥

ਅੰਮ੍ਰਿਤ ਪਦਵੀ ਪਾਂਵਦੇ ਉੱਚੇ ਸੁੱਚੇ ਲੋਕ।
ਜੀਵਨ ਮੁਕਤ ਨ ਹੋਂਵਦੇ ਦੰਭੀ ਤੇ ਡਰਪੋਕ॥

ਆਦਿੱਤ ਮੰਡਲ ਤੋੜਦੇ ਦੋ ਕਿਸਮਾਂ ਦੇ ਵੀਰ।
ਬ੍ਰਹਮ ਗਿਆਨੀ ਸਾਧੂ ਜਨ ਜਾਂ ਧਰਮੀ ਰਣਧੀਰ॥

ਪਸ਼ੂ ਸਮਝਦੇ ਸੁੰਘ ਕੇ ਗਿਆਨ ਨਾਲ ਵਿਦਵਾਨ।
ਬਾਕੀ ਦੁਨੀਆਂ ਵੇਖਦੀ ਅੱਖਾਂ ਨਾਲ ਜਹਾਨ॥

ਦ੍ਰਿੜ ਲਗਨ ਤੇ ਚਾਉ ਮਨ ਉੱਦਮ ਅਤਿ ਵਿਸ਼ਵਾਸ।
ਹਰ ਇੱਕ ਵਿੱਦਿਆ ਮੰਗਦੀ ਪੁਨ੍ਹਾ ਪੁਨ੍ਹਾ ਅਭਿਆਸ॥

ਸ਼ੁਭ ਗੁਣ ਸਿੱਖਣ ਪਹੁੰਚੀਏ ਬਾਲਕ ਬ੍ਰਿਧ ਸਮੀਪ।
ਕਈ ਜਗ੍ਹਾ ਕੰਮ ਆਂਵਦਾ ਸੂਰਜ ਦੀ ਥਾਂ ਦੀਪ॥

ਜਪੁ ਜਪੁ ਹੁੰਦਾ ਸ਼ੁੱਧ ਮਨ ਪੜ੍ਹ ਪੜ੍ਹ ਕੇ ਸੁਗਿਆਨ।
ਚੋਟਾਂ ਸਹਿ ਸਹਿ ਚਮਕਦਾ ਦੁਨੀਆ ਵਿਚ ਇਨਸਾਨ॥

ਤੁਰੀਏ ਅੱਗਾ ਵੇਖ ਕੇ ਕਰੀਏ ਗੱਲ ਵਿਚਾਰ।
ਹਰ ਇੱਕ ਕਾਜ ਅਰੰਭੀਏ ਗੁਰ ਆਗਿਆ ਅਨੁਸਾਰ॥

ਅਤੀ ਨਾ ਬਣੀਏ ਸਖ਼ਤ ਦਿਲ ਅਤੀ ਨਾ ਕਰੀਏ ਪ੍ਰੀਤ।
ਬੁੱਧਵਾਨਾਂ ਦਾ ਕਥਨ ਹੈ ਸਭ ਕੁਝ ਅਤੀ ਅਨੀਤ॥

ਜੇ ਕਰ ਸੋਚ ਵਿਚਾਰ ਕੇ ਕਰੀਏ ਹਰ ਇੱਕ ਕਾਜ।
ਏਥੇ ਜੱਗ ਸ਼ੋਭਾ ਕਰੇ ਹਰਿ ਘਰ ਹਰ ਵਰ ਰਾਜ॥

ਪਰਮ ਧਰਮ ਉਪਕਾਰ ਹੈ ਪਰਮ ਕਰਮ ਹੈ ਦਾਨ।
ਪਰਮ ਅਨੰਦ ਵਿਰਾਗ ਹੈ ਪਰਮ ਪੰਥ ਕਲਿਆਨ॥

ਉੱਦਮ ਕਰ ਕੇ ਕਰ ਮਨਾ! ਇਹੋ ਜਿਹੇ ਸ਼ੁਭ ਕਰਮ।
ਏਥੇ ਜਸ ਇੱਜ਼ਤ ਮਿਲੇ ਅੱਗੇ ਪਦਵੀ ਪਰਮ॥

ਨਿੱਤ ਪ੍ਰਤੀ ਆਪਣੇ ਆਪ ਦੀ ਖੋਜ ਕਰੇ ਇਨਸਾਨ।
ਕੀ ਉਹ ਸਹੀ ਮਨੁੱਖ ਹੈ ਜਾਂ ਫਿਰ ਹੀਨ ਹੈਵਾਨ॥

ਪਰ ਧਨ ਤੇ ਪਰ ਨਾਰ ਦੇ ਗਿਆ ਨਾ ਜੋ ਨਜ਼ਦੀਕ।
ਓਸ ਪਵਿੱਤਰ ਪੁਰਖ ਦੀ ਗੰਗਾ ਕਰੇ ਉਡੀਕ॥

ਮਨ,ਮਧੁਕਰ,ਮਦ,ਮਾਨਿਨੀ,ਮਰਕਟ,ਮਦਨ ਸੁਭਾ।
ਮੀਨ,ਮਰੁਤ,ਮਾਂ ਲੱਛਮੀ ਚੰਚਲ ਰਹਿਣ ਸਦਾ॥

ਲੱਛਮੀ ਦਾ ਅਭਿਮਾਨ ਕੀ ਜੇ ਆ ਗਈ ਚੰਦ ਰੋਜ਼।
ਤੁਰਨਾ ਫਿਰਨਾ ਅਟਕਣਾ ਇਹ ਮਾਇਆ ਦੇ ਚੋਜ਼॥

ਪਾਪ ਅੰਨ ਤੋਂ ਸੌ ਗੁਣੀ ਚੰਗੀ ਸਹਿਣੀ ਭੁੱਖ।
ਉਸ ਖਾਧੇ ਦਾ ਲਾਭ ਕੀ ਜਿਸ ਤੋਂ ਉਪਜਣ ਦੁੱਖ॥

ਦੁੱਖ ਦੇ ਕੇ ਨਹੀਂ ਲੱਭਦੇ ਦੁਨੀਆਂ ਦੇ ਵਿੱਚ ਸੁੱਖ।
ਅੰਬ ਕਿਵੇਂ ਲੱਗ ਜਾਣਗੇ ਲਾ ਅੱਕਾਂ ਦੇ ਰੁੱਖ॥

ਖਿਮਾ ਕਰੇ ਸੋ ਬਲੀ ਹੈ ਗੁਣੀ ਕਹਿਣ ਸੋ ਰਾਹ।
ਭਜਨ ਕਰੇ ਸੋ ਸੰਤ ਹੈ ਦਾਨ ਕਰੇ ਸੋ ਸ਼ਾਹ॥

ਮਿੱਠੀ ਬਾਣੀ ਮਿੱਤਰਤਾ ਦਇਆ ਦਮਨ ਤੇ ਦਾਨ।
ਵਸ਼ੀਭੂਤ ਹੋ ਜਾਂਵਦਾ ਇਹਨਾਂ ਨਾਲ ਜਹਾਨ॥

ਜੀਹਵਾ ਉੱਪਰ ਵੱਸਦੈ ਇਹ ਸਾਰਾ ਸੰਸਾਰ।
ਜੰਮਣ,ਮਰਨਾ,ਲੱਛਮੀ,ਦੁਬਿਧਾ,ਦੁਸ਼ਮਣ ਯਾਰ॥

ਏਸੇ ਕਰਕੇ ਜੀਭ ਦੀ ਸਾਂਭੋ ਸਦਾ ਲਗਾਮ।
ਭਾਰਤ ਅਤੇ ਰਮੈਣ ਨੇ ਜੀਹਬਾ ਦਾ ਪਰਿਣਾਮ॥

ਸਤਿਪੁਰਖਾਂ ਦੇ ਸਾਹਮਣੇ ਕਦੇ ਨਾ ਕਰੋ ਜਵਾਬ।
ਉਹਨਾਂ ਦੇ ਦਿਲ ਵੱਸਦੈ ਮਾਲਕ ਰੱਬ ਜਨਾਬ॥

ਵੱਡਿਆਂ ਦਾ ਮਰ ਜਾਣ ਹੈ ਰੰਚਕ ਵੀ ਅਪਮਾਨ।
ਈਸ਼ਵਰ ਦੇ ਤੁਲ ਹੋਂਵਦੀ ਸਤਿਪੁਰਖਾਂ ਦੀ ਸ਼ਾਨ॥

ਹੋ ਚੁੱਕੇ ਦਾ ਕਰਨ ਕੀ ਮਰ ਚੁੱਕਿਆਂ ਦਾ ਮਰਨ।
ਗੁਜ਼ਰ ਗਏ ਦੀ ਸੋਚ ਕੀ ਭਰ ਚੁੱਕਿਆਂ ਦਾ ਭਰਨ॥

ਸਿਆਣੇ ਸੋਹਣੇ ਸੂਰਮੇ ਜਾ ਪਹੁੰਚਣ ਜਿਸ ਦੇਸ਼।
ਸ੍ਰਿਸ਼ਟੀ ਸੀਸ ਝੁਕਾਂਵਦੀ ਪੂਜਾ ਕਰਨ ਨਰੇਸ਼॥

ਕਲਾਵਾਨ ਦੀ ਮੌਤ ਹੈ ਭਿੱਖਿਆ ਤੇ ਝੁਕ ਜਾਣ।
ਸੀਸ ਝੁਕਾ ਕੇ ਜੋ ਲਿਆ ਸੁਰਗ ਵੀ ਨਰਕ ਸਮਾਨ॥

ਜਿਸ ਥਾਂ ਹੁਕਮ ਚਲਾਂਵਦੀ ਕਾਗ ਬਾਜ ਦੀ ਬੰਸ।
ਉਸ ਥਾਂ ਪੁਰ ਕਿਉਂ ਜਾਣਗੇ ਗਿਆਨ ਵਾਨ ਨਰ ਹੰਸ॥

ਜਿਸ ਥਾਂ ਮਾਨ ਨਾ ਪ੍ਰੀਤ ਹੈ ਨਾ ਵਿੱਦਿਆ ਅਭਿਆਸ।
ਉਸ ਥਾਂ ਪੁਰ ਨਹੀਂ ਸ਼ੋਭਦਾ ਇੱਕ ਦਿਨ ਦਾ ਵੀ ਵਾਸ॥

ਨਹੀਂ ਸਨੇਹ ਸੁਹਿਰਦਤਾ ਨਹੀਂ ਜਿਨ੍ਹਾਂ ਵਿੱਚ ਪਿਆਰ।
ਉਹ ਸਭ ਤਿਆਗਣ ਯੋਗ ਨੇ ਭਾਈ ਮਿੱਤਰ ਨਾਰ॥

ਜਿਸ ਤੋਂ ਹੋਵੇ ਪ੍ਰਾਣ ਭੈ ਸ਼ੋਕ ਸ਼ੂਲ ਮਨ ਭੰਗ।
ਉਹ ਵੀ ਤਿਆਗਣ ਯੋਗ ਹੈ ਭਾਂਵੇ ਹੋਵੇ ਅੰਗ॥

ਗੁਣੀ ਪੁਰਖ ਲਈ ਤੁੱਛ ਧਨ ਤੁੱਛ ਵੀਰ ਲਈ ਪ੍ਰਾਣ।
ਕਾਮ ਤੁੱਛ ਜਤਸ਼ੀਲ ਲਈ ਤੁੱਛ ਸੰਤ ਲਈ ਮਾਨ॥

ਧਨ,ਜੋਬਨ ਤੇ ਕਾਮ ਸੁੱਖ ਬੱਦਲ ਸੰਦੀ ਛਾਂ।
ਖਲ ਪੁਰਖਾਂ ਦੀ ਦੋਸਤੀ ਖਿਨ ਵਿੱਚ ਹਾਂ ਖਿਨ ਨ੍ਹਾਂ॥

ਦੁਰਜਨ ਦੀ ਪ੍ਰਤਿੱਗਿਆ ਸਮਝੋ ਝੂਠ ਚਹੇਡ।
ਸਾਗਰ ਤਾਰ ਨਹੀਂ ਸਕਦੀ ਪੂਛ ਫੜਾ ਕੇ ਭੇਡ॥

ਸਭ ਬੇ ਮਤਲਬ ਹੋਂਵਦਾ ਜੋ ਕੁਝ ਕਹਿਣ ਅਬੁੱਧ।
ਜਿਵੇਂ ਨਿਰਾਰਥਕ ਹੋਂਵਦਾ ਬੱਕਰੀਆਂ ਦਾ ਯੁੱਧ॥

ਸਤਿ ਪੁਰਖਾਂ ਦੀ ਨਿੰਦਿਆ, ਚੁਗਲੀ,ਮਦਿਰਾ ਪਾਨ।
ਨਾਰ ਬਾਲ ਦੀ ਹੱਤਿਆ ਪੰਜੇ ਪਾਪ ਮਹਾਨ॥

ਮੱਖੀ,ਮੱਛਰ,ਵੇਸਵਾ, ਚੋਰ, ਪੁਲਿਸ ਦੇ ਯਾਰ।
ਇਹ ਪੰਜੇ ਨਿੱਤ ਖਾਂਵਦੇ ਪਰ ਘਰ ਤੋਂ ਆਹਾਰ॥

ਲੋਭੀ,ਮੂਰਖ,ਆਲਸੀ,ਕਪਟੀ,ਕਾਮ ਅਧੀਨ।
ਧਰਤੀ ਉੱਪਰ ਇਹਨਾਂ ਦਾ ਬਿਰਥਾ ਜੰਮਣ ਜੀਨ॥

ਚੋਰੀ, ਯਾਰੀ,ਜਾਮਨੀ,ਦੁਖੀਏ ਨੂੰ ਸੰਤਾਪ।
ਗ੍ਰੰਥਾਂ ਦੇ ਵਿੱਚ ਆਖਿਆ ਇਹ ਅਤਿ ਉੱਗਰ ਪਾਪ॥

ਸੱਪ ਸਪਰਸ਼ੋਂ ਡੰਗਦਾ ਤਪਸੀ ਪਾ ਅਪਮਾਨ।
ਦੁਰਜਨ ਤਾਂ ਡੰਗ ਮਾਰਦੈ ਜੇ ਕਰੀਏ ਸਨਮਾਨ॥

ਅਧਮਾਂ ਦਾ ਬਲ ਨਾਨਕੇ,ਮੱਧਮ ਦਾ ਬਲ ਬਾਪ।
ਸਹੁਰੇ ਘਰ ਬਲ ਨੀਚ ਦਾ ਉੱਤਮ ਉੱਤਮ ਆਪ॥

ਹਿੱਤ ਚਿੰਤਕ ਸੋ ਆਪਣਾ ਅਨਹਿਤ ਕਰੇ ਸੋ ਗ਼ੈਰ।
ਉਹ ਆਪਣੇ ਕਿਸ ਅਰਥ ਨੇ ਜੋ ਨਹੀਂ ਪੁੱਛਦੇ ਖ਼ੈਰ॥

ਦੋਸਤ ਕਰਦੇ ਦੁਸ਼ਮਣੀ ਜਦੋਂ ਵਿਗੜਦੇ ਭਾਗ।
ਆਪਣਾ ਹੀ ਘਰ ਫੂਕਦਾ ਆਪਣਾ ਜਿਵੇਂ ਚਰਾਗ॥

ਗੁਣਵਾਨਾਂ ਨੂੰ ਹੋਂਵਦੀ ਗੁਣੀ ਜਨਾਂ ਦੀ ਸਾਰ।
ਜੀਕਣ ਪਰਬਤ ਜਾਣਦੇ ਧਰਤੀ ਮਾਂ ਦਾ ਭਾਰ॥

ਬ੍ਰਾਹਮਣ ਤਾਂ ਜੇ ਬ੍ਰਹਮਵਿਤ ਛੱਤਰੀ ਤਾਂ ਜੇ ਵੀਰ।
ਨਾਰੀ ਤਾਂ ਜੇ ਲੱਜਿਆ ਸਾਧੂ ਤਾਂ ਜੇ ਧੀਰ॥

ਰੂਪ ਸ਼ਤਰੂ ਨਾਰ ਦਾ ਸੇਵਕ ਦਾ ਅਭਿਮਾਨ।
ਆਲਸ ਸ਼ਤਰੂ ਵੀਰ ਦਾ ਸਾਧੂ ਦਾ ਸਨਮਾਨ॥

ਗ੍ਰਹਿਸਥ ਧਰਮ ਨੂੰ ਧਾਰ ਕੇ ਜੋ ਨਹੀਂ ਕਰਦੇ ਕੰਮ।
ਉਹਨਾਂ ਨੂੰ ਨਹੀਂ ਤਿਆਗਦੇ,ਝਗੜੇ ਝੰਝਟ ਗ਼ਮ॥

ਇਸ ਦੁਨੀਆਂ ਵਿੱਚ ਭੋਗਦੇ ਦੋਂਵੇ ਕਸ਼ਟ ਉਪਾਧਿ।
ਗ੍ਰਿਹੀ ਜਨ ਪੈਸੇ ਬਿਨਾਂ ਪੈਸੇ ਵਾਲੇ ਸਾਧੁ॥

ਸ਼ੀਲ ਵੰਤ ਕਾਮਣਿ ਭਲੀ ਪੁਸ਼ਪ ਵੰਤ ਭਲਿ ਵੇਲ।
ਅਰਥਵਾਨ ਗ੍ਰਿਹੀ ਭਲਾ ਅਥਵਾ ਸਭ ਅਨਮੇਲ॥

ਪੇਟ ਭਰੇ ਤੋਂ ਬਦਲਦਾ ਹਰ ਇੱਕ ਦਾ ਰੁੱਖ ਰੰਗ।
ਆਟਾ ਲੱਗਿਆਂ ਬੋਲਦੀ ਮਿੱਠੇ ਸੁਰ ਮਿਰਦੰਗ॥

ਸਾਕ, ਸੰਬੰਧੀ,ਪੁੱਤ,ਧੀ,ਧੀਰਜ,ਬੁੱਧੀ,ਯਾਰ।
ਬਿਪਤਾ ਵੇਲੇ ਪਰਖੀਏ ਬਲ,ਗੁਣ, ਨੀਤੀ,ਨਾਰ॥

ਬਿਪਤਾ ਵਿੱਚ ਵੀ ਰਾਮ ਨੂੰ! ਮੱਤ ਭੁੱਲ ਐ ਇਨਸਾਨ।
ਬਾਣਾਂ ਉੱਪਰ ਸਿਮਰਿਆ ਭੀਸ਼ਮ ਨੇ ਭਗਵਾਨ॥

ਜੋ ਨਹੀਂ ਭਾਣਾ ਮੰਨਦੇ ਉਹ ਸਾਹਿਬ ਦੇ ਚੋਰ।
ਸੁੱਖ ਦਾਤਾ ਜਦ ਰਾਮ ਹੈ ਦੁੱਖ ਦਾਤਾ ਕਿਉਂ ਹੋਰ॥

ਉਸ ਮਾਲਕ ਦੀ ਮਿਹਰ ਵਿੱਚ ਇਤਨਾ ਕਰ ਵਿਸ਼ਵਾਸ।
ਪਹਿਲਾਂ ਹੋਵੇ ਸਫ਼ਲਤਾ ਫਿਰ ਹੋਵੇ ਅਰਦਾਸ॥

ਮਿੱਥਿਆਵਾਦੀ ਲਾਲਚੀ ਫਿਰਦੇ ਲੋਕ ਹਜ਼ਾਰ।
ਵਕਤੇ ਸ਼੍ਰੋਤੇ ਸੱਚ ਦੇ ਥੋੜੇ ਨਰ ਸੰਸਾਰ॥

ਗੁਰਮੁਖ ਗਿਆਨ ਨਿਧਾਨ ਜਨ ਕਰਦੇ ਨਹੀਂ ਪਖੰਡ।
ਜਿਉਂ ਸਿਉਨਾ ਨਹੀਂ ਬੋਲਦਾ ਕਾਂਸੀ ਪਾਂਉਦੀ ਡੰਡ॥

ਅਨੁਰਾਗੀ ਹਰ ਨਾਮ ਦੇ ਜੱਗ ਤੋਂ ਬੇਪ੍ਰਵਾਹ।
"ਬ੍ਰਹਮਦੇਵ" ਉਹ ਤੱਤ ਵਿੱਤ ਸ਼ਾਹਾਂ ਦੇ ਸਿਰ ਸ਼ਾਹ॥

O

ਬੈਂਤ:-

## ਸੇਵਾ

ਧਰਮ ਸਾਰੇ ਬੇਸ਼ੱਕ ਸ੍ਰੇਸ਼ਟ ਹੁੰਦੇ।
ਫਿਰ ਵੀ ਸਾਰਿਆਂ ਤੋਂ ਉੱਤਮ ਧਰਮ ਸੇਵਾ।

ਯੱਗ,ਹੋਮ,ਪੂਜਾ,ਤਪ,ਤੀਰਥਾਂ ਤੋਂ।
ਵੇਦਾਂ ਵਿੱਚ ਲਿਖਿਆ ਸ਼ੁੱਭ ਕਰਮ ਸੇਵਾ॥

ਪ੍ਰੇਮ,ਸਾਧਨਾ,ਗਿਆਨ ਉਪਾਸਨਾ ਦਾ।
ਸਾਨੂੰ ਦੱਸਦੀ ਏ ਸੱਚਾ ਮਰਮ ਸੇਵਾ।

ਨਾਮ ਜਪਣਾ ਤੇ ਨਾਮ ਪਰਚਾਰ ਕਰਨਾ।
"ਬ੍ਰਹਮਦੇਵ" ਹੈ ਜੱਗ ਦੀ ਪਰਮ ਸੇਵਾ॥

○

ਮਾਤਾ ਪਿਤਾ ਤੇ ਗੁਰੂ ਦੀ ਟਹਿਲ ਕਰਨੀ।
ਹਰ ਇੱਕ ਬੰਦੇ ਦਾ ਮੁੱਢਲਾ ਫ਼ਰਜ ਹੁੰਦੈ।

ਦੇਸ਼ ਕੌਮ ਲਈ ਆਪਾ ਕੁਰਬਾਨ ਕਰ ਕੇ।
ਜਨਮ ਭੂਮ ਮਾਂ ਦਾ ਪੂਰਾ ਕਰਜ਼ ਹੁੰਦੈ॥

ਸਵਾਰਥ ਬਿਨਾਂ ਸੰਸਾਰ ਦੀ ਕਰ ਸੇਵਾ।
ਪੁੰਨ ਕਰਮ ਦਰਗਾਹ ਵਿੱਚ ਦਰਜ ਹੁੰਦੈ॥

"ਬ੍ਰਹਮਦੇਵ" ਭਗਵਾਨ ਦੇ ਸੇਵਿਆਂ ਤੋਂ।
ਸੱਚਾ ਸੁੱਖ ਬੇਥਾਹ ਅਸਚਰਜ ਹੁੰਦੈ॥

○

ਇਹ ਸੰਸਾਰ ਸਰਾਇ ਜਗਦੀਸ਼ ਦੀ ਹੈ।
ਏਥੇ ਹੱਸ ਕੇ ਸਮਾਂ ਲੰਘਾ ਜਾਈਏ॥

ਜਿਹੜੇ ਰੱਬ ਨੇ ਇਹ ਆਬਾਦ ਕੀਤੀ।
ਅਸੀਂ ਓਸ ਦਾ ਸ਼ੁਕਰ ਮਨਾ ਜਾਈਏ॥

ਵਾਤਾਵਰਣ ਪੈਦਾ ਕਰਕੇ ਨੇਕੀਆਂ ਦਾ।
ਮਹਿਕਾਂ ਨਾਲ ਮਾਹੌਲ ਮਹਿਕਾ ਜਾਈਏ॥

ਸ਼ੁਭ ਗੁਣਾਂ ਦੀ ਵੰਨਗੀ ਚਾੜ੍ਹ ਕੇ ਤੇ।
ਧਰਮਸ਼ਾਲਾ ਦੀ ਰੂਹ ਚਮਕਾ ਜਾਈਏ॥

ਕਰਕੇ ਕੋਈ ਅਜੀਬ ਮਹਾਨ ਕਾਰਜ।
ਚਾਰ ਚੰਨ ਸੰਸਾਰ ਨੂੰ ਲਾ ਜਾਈਏ॥

ਸ਼ੇਵਾ ਕਰਕੇ ਸਾਥੀ ਮੁਸਾਫ਼ਿਰਾਂ ਦੀ ।
ਅਸੀਂ ਸਾਰਿਆਂ ਦੇ ਦਿਲੀਂ ਭਾ ਜਾਈਏ॥

ਸ੍ਰਿਸ਼ਟੀ ਕਹੇ ਸਾਰੀ ਸਾਨੂੰ ਜੀ ਆਇਆਂ।
ਜੇ ਕਰ ਫੇਰ ਮੁੜਕੇ ਏਥੇ ਆ ਜਾਈਏ॥

ਜਿੱਥੇ ਨਾਮ ਚੜ੍ਹਦੈ ਪਰਮ ਸੇਵਕਾਂ ਦਾ।
"ਬ੍ਰਹਮ" ਓਸ ਥਾਂ ਨਾਮ ਲਿਖਵਾ ਜਾਈਏ॥

o

## ਦਾਨਵੀਰ ਤੇ ਧਰਮਵੀਰ

ਦੁਨੀਆਂ ਵਿੱਚ ਮਹਾਨ ਮਨੁੱਖ ਨੇ ਉਹ ।
ਸ਼ਰਧਾ ਸਹਿਤ ਜੋ ਕਿਸੇ ਨੂੰ ਦਾਨ ਦਿੰਦੇ।

ਜੀਮੁਤ ਸ਼ਿਬੀ ਤੇ ਰਿਸ਼ੀ ਦਧੀਚ ਵਾਂਗੂੰ।
ਧਰਮ ਹੇਤ ਜੋ ਦਾਨ ਪ੍ਰਾਣ ਦਿੰਦੇ॥

ਦਾਨ ਧਰਮ ਦੇ ਕਾਰਣ ਹੀ ਅੱਜ ਤੀਕਰ ।
ਪਹਿਰਾ ਬਲੀ ਦੇ ਬਾਰ ਭਗਵਾਨ ਦਿੰਦੇ॥

ਜਿੱਥੇ ਗੱਲ ਛਿੜਦੀ ਸੱਚੇ ਦਾਨੀਆਂ ਦੀ।
ਹਰੀ ਚੰਦ ਦਾ ਲੋਕ ਪ੍ਰਮਾਣ ਦਿੰਦੇ॥

ਪ੍ਰਭੂ ਕ੍ਰਿਸ਼ਨ ਮਹਾਤਮਾ ਕਰਣ ਜੀ ਨੂੰ।
ਰਹੇ ਦਾਨ ਦੇ ਕਾਰਣ ਸਨਮਾਨ ਦਿੰਦੇ॥

ਦਾਨ ਉੱਪਰ ਹੀ ਲਿਖੇ ਇਤਿਹਾਸ ਜਾਂਦੇ।
ਲੇਖਕ ਦਾਤਿਆਂ ਵੱਲ ਧਿਆਨ ਦਿੰਦੇ॥

ਜਿਨ੍ਹਾਂ ਲੋਕਾਂ ਨੇ ਦਾਨ ਤੇ ਪੁੰਨ ਕੀਤੇ।
ਗਵਾਹੀ ਉਨ੍ਹਾਂ ਦੀ ਵੇਦ ਪੁਰਾਣ ਦਿੰਦੇ॥

ਇੱਕ ਕਿਸਮ ਦਾ ਦਾਨ ਨਹੀਂ ਜੱਗ ਅੰਦਰ ।
ਕਈਆਂ ਕਿਸਮਾਂ ਦੇ ਦਾਨ ਇਨਸਾਨ ਦਿੰਦੇ॥

ਚਾਂਦੀ ਸਿਉਣਾ ਤੇ ਹੀਰਿਆਂ ਮੋਤੀਆਂ ਦਾ।
ਰਤਨਾਂ ਮਣੀਆਂ ਦਾ ਦਾਨ ਧਨਵਾਨ ਦਿੰਦੇ॥

ਰਾਜ ਭਾਗ ਜ਼ਮੀਨ ਕਈ ਦਾਨ ਦਿੰਦੇ।
ਧਰਮੀ ਸੂਰਮੇ ਸੀਸ ਮੈਦਾਨ ਦਿੰਦੇ॥

"ਬ੍ਰਹਮਦੇਵ" ਮਹਾਤਮਾ ਬ੍ਰਹਮਵੇਤਾ।
ਬ੍ਰਹਮ ਗਿਆਨ ਦਾ ਦਾਨ ਮਹਾਨ ਦਿੰਦੇ॥

O

ਸ਼ਾਹ ਸਵਾਰ ਦਾਨੀ ਸਾਰੇ ਦਾਨੀਆਂ ਦਾ।
ਜਿਸ ਨੇ ਦਾਨ ਵਿੱਚ ਸਾਰਾ ਪਰਿਵਾਰ ਦਿੱਤਾ॥

ਜਿਸ ਦੀ ਤੇਗ਼ ਨੇ ਇਨਕਲਾਬ ਦਿੱਤਾ।
ਜਿਸ ਦੀ ਕਲਮ ਨੇ ਗਿਆਨ ਭੰਡਾਰ ਦਿੱਤਾ॥

ਜਿਸ ਨੇ ਧਰਮ ਸਿਧਾਂਤ ਨੂੰ ਸੋਧ ਦਿੱਤੀ।
ਜਿਸ ਨੇ ਰੱਬ ਨੂੰ "ਇੱਕ"ਕਰਾਰ ਦਿੱਤਾ॥

ਜਿਸ ਨੇ ਜਾਤ ਤੇ ਪਾਤ ਨੂੰ ਤਰਕ ਕੀਤਾ।
ਛੂਤ ਛਾਤ ਨੂੰ ਜਿਹਨੇ ਧਿਰਕਾਰ ਦਿੱਤਾ॥

ਜਿਸ ਨੇ ਮਾੜਿਆਂ ਨੂੰ ਛਾਤੀ ਨਾਲ ਲਾਇਆ।
ਜਿਸ ਨੇ ਤਕੜਿਆਂ ਨੂੰ ਫਿਟਕਾਰ ਦਿੱਤਾ॥

ਜਿਸ ਨੇ ਗੱਲ ਤੋਰੀ ਸਾਂਝੀਵਾਲਤਾ ਦੀ।
ਜਿਸ ਨੇ ਵਿਸ਼ਵ ਨੂੰ ਸਾਂਝਾ ਵਿਚਾਰ ਦਿੱਤਾ॥

ਜਿਸ ਨੇ ਕਲਪਿਆ ਇੱਕ ਅਖੰਡ ਭਾਰਤ।
ਸੂਬੇ ਬੰਦੀ ਨੂੰ ਜਿਹਨੇ ਵਿਸਾਰ ਦਿੱਤਾ॥

ਪੰਜਾਂ ਸੂਬਿਆਂ 'ਚੋਂ ਲੈ ਕੇ ਪੰਜ ਪਿਆਰੇ।
ਜਿਸ ਨੇ ਪੰਜਾਂ ਨੂੰ ਇੱਕੋ ਜਿਹਾ ਪਿਆਰ ਦਿੱਤਾ॥

ਜਿਸ ਨੇ ਟੋਕਿਆ ਧਰਮ ਦਿਆਂ ਪਿੱਠੂਆਂ ਨੂੰ।
ਰਾਜਾ ਸ਼ਾਹੀ ਨੂੰ ਜਿਹਨੇ ਦੁਤਕਾਰ ਦਿੱਤਾ॥

ਜਿਸ ਨੇ ਪੱਖ ਲੈ ਕੇ ਕ੍ਰਿਤੀ ਕਾਮਿਆਂ ਦਾ।
ਦੁਨੀਆਂ ਸਾਹਮਣੇ ਸੱਚ ਨਿਖਾਰ ਦਿੱਤਾ॥

ਜਿਸ ਨੇ ਤੋੜੇ ਜੰਜ਼ੀਰ ਗੁਲਾਮੀਆਂ ਦੇ।
ਜਿਸ ਨੇ ਸਭ ਨੂੰ ਸਮ ਅਧਿਕਾਰ ਦਿੱਤਾ॥

ਜਿਸ ਨੇ ਪਾਪ ਦੇ ਬੁਰਜ ਦੀ ਨੀਂਹ ਖਾਰੀ।
ਜਿਸ ਨੇ ਪੁੰਨਾਂ ਦਾ ਮਹਿਲ ਉਸਾਰ ਦਿੱਤਾ॥

ਜਿਸ ਦੀ ਗੱਲ ਨੇ ਕੌਮ ਨੂੰ ਸੇਧ ਦਿੱਤੀ।
ਜਿਸ ਦੀ ਸੋਚ ਨੇ ਠੋਸ ਸੁਧਾਰ ਦਿੱਤਾ॥

ਜਿਸ ਦੇ ਪੰਥ ਨੇ ਧਰਮ ਹਿਤ ਸੀਸ ਦਿੱਤੇ।
ਜਿਸ ਦੇ ਕਰਮ ਨੇ ਨਵਾਂ ਹੁਲਾਰ ਦਿੱਤਾ॥

ਜਿਸ ਨੇ ਮੁਰਦਿਆਂ ਦਿਲਾਂ ਵਿੱਚ ਰੂਹ ਫੂਕੀ।
ਜਿਸ ਨੇ ਤਪਦਿਆਂ ਦਿਲਾਂ ਨੂੰ ਠਾਰ ਦਿੱਤਾ॥

ਜਿਸ ਨੇ ਦੂਰ ਕੀਤੇ ਦਰਦ ਦਰਦੀਆਂ ਦੇ।
ਜਿਸ ਨੇ ਮਿਹਰ ਦਾ ਨੂਰ ਅਪਾਰ ਦਿੱਤਾ॥

ਜਿਸ ਨੇ ਮਹਿਰਮਾਂ ਨੂੰ ਗੁੱਝੀ ਗੱਲ ਦੱਸੀ।
ਲੋੜਵੰਦਾਂ ਨੂੰ ਰਾਜ ਦਰਬਾਰ ਦਿੱਤਾ॥

ਕਈਆਂ ਕਲਪਾਂ ਵਿੱਚ ਬ੍ਰਹਮ ਨਹੀਂ ਲਿਖ ਸਕਦਾ।
ਜਿਤਨਾ "ਬ੍ਰਹਮ" ਨੂੰ ਪਿਆਰ ਮਲਹਾਰ ਦਿੱਤਾ॥

O

ਅੱਜ ਤੁਰੀ ਜਾਂ ਵਾਰਤਾ ਦਾਨੀਆਂ ਦੀ।
ਲੱਖਾਂ ਵੀਰਾਂ ਦੇ ਦਾਨ ਇਤਹਾਸ ਤੁਰ ਪਏ॥

ਸ਼੍ਰੀ ਚੰਦ ਜੀ ਬਾਨੀ ਉਦਾਸੀਆਂ ਦੇ।
ਦੇਸ ਧਰਮ ਲਈ ਛੱਡ ਉਦਾਸ ਤੁਰ ਪਏ॥

ਛੱਤਰਪਤੀ ਤੇ ਰਾਣਾ ਪ੍ਰਤਾਪ ਤੁਰ ਪਏ।
ਰਾਜਪੂਤ ਲੈ ਕੇ ਚੰਦਰਹਾਸ ਤੁਰ ਪਏ॥

ਕੰਬੀ ਪ੍ਰਿਥਵੀ ਅਤੇ ਪਹਾੜ ਹਿੱਲੇ।
ਰਾਣੀ ਝਾਂਸੀ ਦੇ ਯੁੱਧ ਵਿਲਾਸ ਤੁਰ ਪਏ॥

ਤੁਰ ਪਏ ਜੌਹਰ ਜਦ ਰਾਜਪੂਤਾਣੀਆਂ ਦੇ।
ਸੂਰਜ,ਚੰਦ,ਗ੍ਰਹਿ,ਤਾਰੇ,ਆਕਾਸ਼ ਤੁਰ ਪਏ॥

ਤੁਰ ਪਏ ਸਮੇਂ ਜਦ ਕਾਲੇ ਸਿਆਹ ਹੋ ਕੇ।
ਲੈ ਕੇ ਸੂਰਮੇਂ ਨਵੇਂ ਪ੍ਰਕਾਸ਼ ਤੁਰ ਪਏ॥

ਰਾਮ ਸਿੰਘ ਸਤਿਗੁਰ ਗਾਜ਼ੀ ਮਰਦ ਤੁਰ ਪਏ।
ਧਰਮ ਯੁੱਧ ਦੇ ਹੋਣ ਅਭਿਆਸ ਤੁਰ ਪਏ॥

ਤਿਲਕ,ਗੋਖਲੇ,ਗਾਂਧੀ ਹਰਦਿਆਲ ਤੁਰ ਪਏ।
ਸੂਰਬੀਰਾਂ ਦੇ ਮੋਢੀ ਸੁਭਾਸ਼ ਤੁਰ ਪਏ॥

ਲਾੜੀ ਮੌਤ ਪਰਨਾਉਣ ਕਰਤਾਰ ਤੁਰ ਪਏ।
ਪਰਮਾਨੰਦ ਪੰਡਿਤ ਮਥਰਾ ਦਾਸ ਤੁਰ ਪਏ॥

ਚੰਦਰ ਸ਼ੇਖਰ ਤੇ ਊਧਮ ਸਿੰਘ ਵੀਰ ਤੁਰ ਪਏ।
ਲਾਜ ਪੱਤ ਲੈ ਕੇ ਨਾਗ ਫਾਸ ਤੁਰ ਪਏ॥

ਭਗਤ ਸਿੰਘ ਸੁਖਦੇਵ ਬਣ ਕਾਲ ਤੁਰ ਪਏ।
ਰਾਜ ਗੁਰੂ ਵਰਗੇ ਯੋਧੇ ਖ਼ਾਸ ਤੁਰ ਪਏ॥

ਪੰਡਿਤ ਨਹਿਰੂ ਮੌਲਾਨਾ ਆਜ਼ਾਦ ਤੁਰ ਪਏ।
ਇਨਕਲਾਬ ਦੇ ਹੋਰ ਵਿਕਾਸ ਤੁਰ ਪਏ॥

ਨੀਤੀਵਾਨ ਅੰਬੇਦ ਪਟੇਲ ਤੁਰ ਪਏ।
ਪੰਡਿਤ ਮਦਨ ਮੋਹਨ ਪਾਸ ਪਾਸ ਤੁਰ ਪਏ॥

ਤੁਰ ਪਏ ਜਦੋਂ ਬੰਗਾਲ,ਪੰਜਾਬ ਮਿਲ ਕੇ।
ਸਾਰੇ ਭਾਰਤ ਦੇ ਖ਼ੂਨ ਤੇ ਮਾਸ ਤੁਰ ਪਏ॥

ਗੋਲੇ ਗੋਲੀਆਂ ਬੰਬ ਬਾਰੂਦ ਤੁਰ ਪਏ।
ਤੁਰੀਆਂ ਵਾਰਾਂ ਤੇ ਜਲਸੇ ਇਜਲਾਸ ਤੁਰ ਪਏ॥

ਪੰਜੇ ਪਾਣੀ ਪੰਜਾਬ ਦੇ ਮੱਚ ਉੱਠੇ।
ਰਾਵੀ,ਜਿਹਲਮ,ਚਨ੍ਹਾਬ,ਬਿਆਸ ਤੁਰ ਪਏ॥

ਸਤਲੁਜ ਨੇ ਸੱਤ ਅਸਮਾਨ ਪਾੜੇ।
ਮਹਾਂਦੇਵ ਜੀ ਛੱਡ ਕੈਲਾਸ਼ ਤੁਰ ਪਏ॥

ਤੁਰੀਆਂ ਲੋਕ ਲਹਿਰਾਂ ਛਿੜੀਆਂ ਲੇਖ ਲੜੀਆਂ।
ਲਹੂ ਲਿਬੜੇ ਬਿਰਖ ਤੇ ਘਾਸ ਤੁਰ ਪਏ॥

ਤੁਰ ਪਈ ਫ਼ੌਜ ਜਦ ਦਾਤਿਆਂ ਯੋਧਿਆਂ ਦੀ ।
ਮਾਰੂ-ਵੱਜਿਆਂ ਕਵੀ ਕਿਆਸ ਤੁਰ ਪਏ॥

ਅੱਗ ਉਗਲਦੀ ਬ੍ਰਹਮ ਦੀ ਕਲਮ ਤੁਰ ਪਈ।
ਭਿੱਜੇ ਕ੍ਰਾਂਤੀਆਂ ਵਿੱਚ ਸਵਾਸ ਤੁਰ ਪਏ॥

ਤੈਥੋਂ ਸੁਣੇ ਨਹੀਂ ਜਾਣੇ ਦਰਬਾਰ ਸਿੰਘਾ !
ਬਣ ਕੇ ਕਵੀ ਜੇ ਵੇਦ ਵਿਆਸ ਤੁਰ ਪਏ॥

o

# ਮਿੱਤਰਤਾ

ਕਰਦੇ ਪਲਕ ਰਾਖੀ ਜੀਕਣ ਨੇਤਰਾਂ ਦੀਂ।
ਏਂਵੇ ਮਿੱਤਰਾਂ ਦੀ ਰਾਖੀ ਕਰਨ ਮਿੱਤਰ॥

ਮਿੱਤਰ ਹੱਥ ਹੁੰਦੇ ਸੱਚੇ ਮਿੱਤਰਾਂ ਦੇ।
ਅਤੇ ਮਿੱਤਰਾਂ ਤੋਂ ਪਹਿਲਾਂ ਮਰਨ ਮਿੱਤਰ॥

ਮੱਛੀ ਤੜਪਦੀ ਨੂੰ ਜੀਕਣ ਮਿਲੇ ਪਾਣੀ।
ਏਂਵੇ ਮਿੱਤਰ ਦੇ ਮਿਲਣ ਤੇ ਠਰ੍ਹਨ ਮਿੱਤਰ॥

"ਬ੍ਰਹਮਦੇਵ" ਜੋ ਕੋਈ ਨਹੀਂ ਜਰ ਸਕਦਾ।
ਉਹ ਕੁਝ ਮਿੱਤਰਾਂ ਦੀ ਖਾਤਰ ਜਰਨ ਮਿੱਤਰ॥

○

ਪੁੰਨਾਂ ਵਾਲਿਆਂ ਤਾਂਈ ਨਸੀਬ ਹੁੰਦੈ।
ਉੱਤਮ ਸੰਗ ਸੁਹਾਵਣਾ ਮਿੱਤਰਾਂ ਦਾ॥

ਰਲਕੇ ਬੈਠਣਾ ਬੋਲਣਾ ਮਿੱਤਰਾਂ ਦਾ।
ਮਿਲ ਕੇ ਹੱਸਣਾ ਖਾਵਣਾ ਮਿੱਤਰਾਂ ਦਾ॥

ਸ਼ਾਦੀ ਗਮੀ ਦੇ ਵਿੱਚ ਸ਼ਰੀਕ ਹੋਣਾ।
ਦੁੱਖ ਸੁੱਖ ਵੰਡਾਵਣਾ ਮਿੱਤਰਾਂ ਦਾ॥

ਬ੍ਰਹਮ ਮਿੱਤਰਾਂ ਨੂੰ ਅੰਮ੍ਰਿਤ ਜਾਪਦਾ ਏ।
ਕਿਸੇ ਸਮੇਂ ਵੀ ਆਵਣਾਂ ਮਿੱਤਰਾਂ ਦਾ॥

○

ਜਿਹੜੇ ਬੰਦੇ ਨੂੰ ਤੁਸੀਂ ਦਿਲਦਾਰ ਸਮਝੋ।
ਉਸ ਦੇ ਵਿੱਚ ਆਦਰਸ਼ ਤਿਆਗ ਹੋਵੇ॥

ਸਹਿਨਸ਼ੀਲਤਾ ਅਤੇ ਵਿਸ਼ਵਾਸ ਹੋਵੇ।
ਉਸ ਦਾ ਜੀਵਨ ਬੇ-ਲਾਗ ਬੇ-ਦਾਗ ਹੋਵੇ॥

ਸੂਰਵੀਰ ਦਾਤਾ ਗੁਣਸ਼ੀਲ ਹੋਵੇ।
ਉਸ ਦਾ ਸੁੱਚਾ ਤੇ ਗੂੜਾ ਅਨੁਰਾਗ ਹੋਵੇ॥

"ਬ੍ਰਹਮਦੇਵ" ਦਿਲਸਾਫ਼, ਪੁਰਸੋਜ਼ ਹੋਵੇ।
ਉੱਤਮ ਬੰਸ ਪਵਿੱਤਰ ਪ੍ਰਯਾਗ ਹੋਵੇ॥

○

ਬੁਰੇ ਪਾਸਿਓਂ ਮੋੜ ਕੇ ਮਿੱਤਰਾਂ ਨੂੰ।
ਚੰਗੇ ਰਾਹ ਦੇ ਉੱਪਰ ਚਲਾਉਣ ਮਿੱਤਰ॥

ਲੈਣ ਦੇਣ ਦੇ ਵਿੱਚ ਨਾ ਫਰਕ ਨਾ ਰੱਖਣ।
ਸਭ ਕੁਝ ਮਿੱਤਰਾਂ ਲਈ ਲੁਟਾਉਣ ਮਿੱਤਰ॥

ਔਗੁਣ ਮਿੱਤਰ ਦੇ ਮਿੱਤਰ ਛੁਪਾ ਜਾਂਦੇ।
ਅਤੇ ਗੁਣਾਂ ਨੂੰ ਖ਼ੂਬ ਚਮਕਾਉਣ ਮਿੱਤਰ॥

ਵਿਪਤਾ ਸਮੇਂ,ਪ੍ਰਦੇਸ ਪ੍ਰਵਾਸ ਵੇਲੇ।
ਹਰ ਥਾਂ ਮਿੱਤਰ ਦਾ ਸਾਥ ਨਿਭਾਉਣ ਮਿੱਤਰ॥

ਰਾਜ ਸਭਾ, ਸ਼ਮਸ਼ਾਨ ਮਦਾਨ ਅੰਦਰ।
ਨਾਲ ਮਿੱਤਰਾਂ ਦੇ ਮੋਢਾ ਲਾਉਣ ਮਿੱਤਰ॥

"ਬ੍ਰਹਮਦੇਵ" ਜਹਾਨ ਦੀ ਖੇਡ ਵਿੱਚੋਂ।
ਸਦਾ ਮਿੱਤਰਾਂ ਤਾਂਈ ਜਿਤਾਉਣ ਮਿੱਤਰ॥

○

ਬੈਂਤ ਛੰਦ :-

## ਗ੍ਰਹਿਸਥ ਬਨਾਮ ਸਵਰਗ

ਜੱਗ ਵਿੱਚ ਗ੍ਰਹਿਸਥ ਹੈ ਉਹ ਅਸਲੀ,
ਜਿਸ ਦਾ ਧਰਮ ਦੇ ਵੱਲ ਖ਼ਿਆਲ ਹੋਵੇ।

ਸਤਿਵਾਦੀ,ਗੁਣਸ਼ੀਲ,ਵਿਦਵਾਨ ਹੋਵੇ,
ਸੂਰਬੀਰ,ਦਾਤਾ,ਪ੍ਰਣਪਾਲ ਹੋਵੇ।

ਅਰਥ ਕਲਾ ਦੇ ਵਿੱਚ ਪ੍ਰਬੀਣ ਹੋਵੇ,
ਉਸਦਾ ਸੱਚਾ ਤੇ ਸੁੱਚਾ ਧਨ ਮਾਲ ਹੋਵੇ।

ਕਰਮਲੀਨ,ਬਲਵਾਨ,ਬੇ-ਕਰਜ਼ ਹੋਵੇ,
ਇੱਜ਼ਤਦਾਰ ਇਨਸਾਨ ਖ਼ੁਸ਼ਹਾਲ ਹੋਵੇ।

ਮਾਤਾ ਪਿਤਾ ਗੁਰਦੇਵ ਦਾ ਭਗਤ ਹੋਵੇ,
ਸੋਮਾਂ ਪਿਆਰ ਦਾ ਚੇਹਰਿਉਂ ਲਾਲ ਹੋਵੇ।

ਤੱਤਵ ਨਿਸ਼ਠ ਤੇ ਇੰਦਰੇ ਜਿੱਤ ਹੋਵੇ,
ਭਾਗਵਾਨ ਤੇ ਸਾਹਿਬਿ -ਇਕਬਾਲ ਹੋਵੇ।

ਸੱਚਾ ਮਿੱਤਰ,ਦਿਲ ਨਰਮ,ਦਿਲਦਾਰ ਹੋਵੇ,
ਕਰਦਾ ਸਾਰਿਆਂ ਦੇ ਪੂਰੇ ਸਵਾਲ ਹੋਵੇ।

"ਬ੍ਰਹਮਦੇਵ" ਪ੍ਰਵਾਨ ਗ੍ਰਹਿਸਥ ਹੈ ਉਹ,
ਜਿਸ ਦੀ ਪ੍ਰੀਤ ਪਰਮਾਤਮਾ ਨਾਲ ਹੋਵੇ।

O

ਸੁਰਗ ਤੁੱਲ ਹੈ ਓਸ ਗ੍ਰਹਿਸਥ ਦਾ ਘਰ,
ਸਦਾ ਹੋਂਵਦੀ ਬ੍ਰਹਮ ਵਿਚਾਰ ਜਿੱਥੇ।

ਸੁੰਦਰ,ਸੁਘੜ,ਪ੍ਰਬੀਣ ਤੇ ਪਤੀ ਵਰਤਾ,
ਰੂਪ ਲੱਛਮੀ ਦਾ ਉੱਤਮ ਨਾਰ ਜਿੱਥੇ।

ਇੱਕ ਜੋਤ ਦੋ ਮੂਰਤੀ ਪਤੀ ਪਤਨੀ,
ਛਿੜਦੀ ਨਿੱਤ ਪਿਆਰ ਦੀ ਵਾਰ ਜਿੱਥੇ।

ਆਉਣ ਜਾਣ ਰਹਿੰਦਾ ਜਿੱਥੇ ਸਾਧੂਆਂ ਦਾ,
ਵਹਿੰਦੀ ਗਿਆਨ ਦੀ ਗੰਗਾ ਦੀ ਧਾਰ ਜਿੱਥੇ।

ਜਿੱਥੇ ਗੀਤਾ ਗੁਰਬਾਣੀ ਦਾ ਪਾਠ ਹੁੰਦਾ,
ਵੈਦਿਕ ਧੁਨੀ ਸੁਣਦੀ ਸਵਾਹਕਾਰ ਜਿੱਥੇ।

ਬੁੱਧੀਮਾਨ ਤੇ ਸ਼ੁਭ ਸੰਤਾਨ ਜਿੱਥੇ,
ਮਹਿਕੇ ਪ੍ਰੀਤ ਗੁਲਜ਼ਾਰ ਬਹਾਰ ਜਿੱਥੇ।

ਬੇਟੇ ਬਾਪ ਦੀ ਆਗਿਆ ਵਿੱਚ ਚੱਲਣ,
ਅਤੇ ਪੋਤੇ ਵੀ ਤਾਬਿਆਦਾਰ ਜਿੱਥੇ।

ਉੱਚੀ ਸੁੱਚੀ ਤੇ ਸ਼ੁੱਧ ਰਸੋਈ ਹੋਵੇ,
ਖਾਣਾ ਨਿੱਤ ਵਰਤੇ ਸ਼ਾਨਦਾਰ ਜਿੱਥੇ।

ਦਾਨ ਪੁੰਨ ਹੋਵੇ ਜਿੱਥੇ ਹਰੀ ਪੂਜਨ,
ਹੋਵਣ ਧਰਮ ਅਨੁਕੂਲ ਵਿਹਾਰ ਜਿੱਥੇ।

"ਬ੍ਰਹਮਦੇਵ" ਉਹ ਘਰ ਬੈਕੁੰਠ ਹੀ ਹੈ,
ਹੋਵੇ ਇਹੋ ਜਿਹਾ ਨੇਕ ਪਰਿਵਾਰ ਜਿੱਥੇ।

o

# ਗ੍ਰਹਿਸਥ ਬਨਾਮ ਨਰਕ

ਪ੍ਰਭੂ ਭਗਤੀ ਨਾ ਦੀਨ ਈਮਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਸੇਵਾ ਸੰਜਮ ਨਾ ਪੁੰਨ ਨਾ ਦਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਕਲੀਕਾਲ ਹੋਵੇ ਹੁਕਮਰਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਕਾਮ, ਕਰੋਧ, ਮੋਹ, ਲੋਭ, ਅਭਿਮਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਭਖਦਾ ਨਿੱਤ ਕਲੇਸ਼ ਮੈਦਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਭਲੇ ਲੋਕਾਂ ਦਾ ਨਹੀਂ ਸਨਮਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਪੂਜਾ ਪਾਠ ਨਾ ਧਰਮ ਧਿਆਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਭਾਉ ਭਗਤੀ ਨਾ ਬ੍ਰਹਮ ਗਿਆਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਚਹਿਕੇ ਪ੍ਰੀਤ ਨਾ ਚਮਕੇ ਮੁਸਕਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਘਰ ਦੇ ਆਗੂ ਨਾ ਫ਼ਰਜ ਨਿਭਾਣ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਕਾਇਰ,ਆਲਸੀ ਵੱਸਣ ਇਨਸਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਗੱਲ ਕੋਈ ਨਾ ਚੜ੍ਹੇ ਪ੍ਰਵਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਕੰਮ ਕਰਨ ਤੋਂ ਸਾਰੇ ਕਤਰਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਪਿਤਾ ਪਾਸੋਂ ਨਾ ਪੁੱਤ ਸ਼ਰਮਾਣ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਘਰ ਦੀ ਔਰਤ ਹੀ ਕਰੇ ਅਪਮਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਬੋਲਣ ਸਾਰੇ ਹੀ ਬਦ-ਜ਼ੁਬਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਹੋਵੇ ਵੰਡ ਨਾ ਇੱਕ ਸਮਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਜਾਲ ਸਾਜ਼ੀ ਦੇ ਬਣਨ ਪਲਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਛਿੜਦੀ ਸ਼ੰਕਿਆ ਦੀ ਦਾਸਤਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਸਭ ਦੇ ਵੱਖਰੇ ਵੱਖਰੇ ਬਿਆਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਜ਼ਿੱਦ ਆਪਣੀ ਸਾਰੇ ਪੁਗਾਣ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਹਿਸਥ ਕੇਹਾ।

ਹੋਵੇ ਸਭ ਨੂੰ ਚੋਰੀ ਦੀ ਬਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਿਹਸਥ ਕੇਹਾ।

ਵੱਡੇ ਛੋਟਿਆਂ ਦਾ ਹੱਕ ਖਾਣ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਿਹਸਥ ਕੇਹਾ।

ਰਹਿੰਦਾ ਨਿੱਤ ਹੀ ਰੋਣ ਕੁਰਲਾਣ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਿਹਸਥ ਕੇਹਾ।

ਹੱਸਣ ਖੇਡਣ ਨਾ ਬਾਲ ਭਗਵਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਿਹਸਥ ਕੇਹਾ।

ਰਿੜਕੇ ਦੁੱਧ ਨਾ ਕੋਈ ਰਕਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਿਹਸਥ ਕੇਹਾ।

ਰੋਟੀ ਸਾਰੇ ਅਨਚੋਪੜੀ ਖਾਣ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਿਹਸਥ ਕੇਹਾ।

ਭਰਿਆ ਧੂੰਏ ਦੇ ਨਾਲ ਮਕਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਿਹਸਥ ਕੇਹਾ।

ਘਿਰਿਆ ਚਿੱਕੜ ਦੇ ਵਿੱਚ ਦਲਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਿਹਸਥ ਕੇਹਾ।

"ਬ੍ਰਹਮ" ਵੱਸਦੇ ਭੂਤ ਸ਼ੈਤਾਨ ਜਿੱਥੇ,
ਕੁੰਭੀ ਨਰਕ ਹੈ ਉਹ ਗ੍ਰਿਹਸਥ ਕੇਹਾ।

O

ਬੈਂਤ ਛੰਦ :-

## ਵਿਸ਼ਵਾਸ ਤੇ ਅਵਿਸ਼ਵਾਸ

ਉਸ ਕੌਮ ਦਾ ਨਹੀਂ ਸਤਿਕਾਰ ਹੁੰਦਾ,
ਉੱਚਾ ਸੁੱਚਾ ਨਾ ਹੋਵੇ ਇਤਿਹਾਸ ਜਿਸ ਦਾ।

ਉਹ ਨਹੀਂ ਉੱਚਿਆਂ ਖੰਡਾਂ ਨੂੰ ਛੂਹ ਸਕਦਾ
ਦਾਗ਼ੀ ਹੋ ਗਿਆ ਧਰਮ ਲਿਬਾਸ ਜਿਸਦਾ।

ਕਲਾਕਾਰ ਸਰਾਪਿਆ ਜਾਂਵਦਾ ਉਹ,
ਕਲਾ ਵਿੱਚ ਨਾ ਰਹੇ ਅਭਿਆਸ ਜਿਸਦਾ।

ਉਸ ਨੂੰ ਉਮਰ ਲੰਘਾਵਣੀ ਬਹੁਤ ਔਖੀ,
ਏਥੇ ਇੱਕ ਵੀ ਮਿੱਤਰ ਨਹੀਂ ਖ਼ਾਸ ਜਿਸ ਦਾ।

ਉਸ ਦੇ ਹੋਰ ਵਿਕਾਸ ਵਿਅਰਥ ਸਮਝੋ,
ਹੋਇਆ ਨਹੀਂ ਜੇ ਗਿਆਨ ਵਿਕਾਸ ਜਿਸ ਦਾ।

ਜਿਉਣਾ ਉਹਦਾ ਵੀ ਨਰਕ ਸਮਾਨ ਹੁੰਦੈ,
ਪਾਪੀ ਲੋਕਾਂ ਦੇ ਵਿੱਚ ਨਿਵਾਸ ਜਿਸਦਾ।

ਉਸ ਦੀ ਜਿੰਦਗੀ ਦੀ ਰਾਸ ਮੁੱਕ ਜਾਂਦੀ,
ਰਹਿੰਦਾ ਸਹਿਮਿਆ ਹਾਸ ਵਿਲਾਸ ਜਿਸ ਦਾ।

"ਬ੍ਰਹਮਦੇਵ" ਵਿਅਰਥ ਹੀ ਜਨਮਿਆ ਉਹ,
ਨਹੀਂ ਗੁਰੂ ਦੇ ਵਿੱਚ ਵਿਸ਼ਵਾਸ ਜਿਸ ਦਾ।

○

ਚੰਚਲ ਚਿੱਤ ਤੇ ਲਾਲਚੀ ਧਨ ਦਾ ਜੋ,
ਦੁਨੀਆਂ ਵਿੱਚ ਬੰਦਾ ਬੇ-ਯਕੀਨ ਉਹ ਵੀ।

ਲਾਈ ਲੱਗ ਅਤੇ ਕੱਚਾ ਕੰਨ ਦਾ ਜੋ,
ਦੁਨੀਆਂ ਵਿੱਚ ਬੰਦਾ ਬੇ-ਯਕੀਨ ਉਹ ਵੀ।

ਗੁਰੂ ਧਾਰਦਾ ਵੰਨ ਸੁਵੰਨ ਦਾ ਜੋ,
ਦੁਨੀਆਂ ਵਿੱਚ ਬੰਦਾ ਬੇ-ਯਕੀਨ ਉਹ ਵੀ।

ਹੱਦ ਧਰਮ ਮਰਿਯਾਦਾ ਦੀ ਭੰਨਦਾ ਜੋ,
ਦੁਨੀਆਂ ਵਿੱਚ ਬੰਦਾ ਬੇ-ਯਕੀਨ ਉਹ ਵੀ।

ਨੌਸਰਬਾਜ਼,ਬੇ-ਦੋਸ਼ਾਂ ਨੂੰ ਡੰਨਦਾ ਜੋ,
ਦੁਨੀਆਂ ਵਿੱਚ ਬੰਦਾ ਬੇ-ਯਕੀਨ ਉਹ ਵੀ।

ਚੋਰ, ਜੁਆਰੀਆ ਤੇ ਮੈਲਾ ਤਨ ਦਾ ਜੋ,
ਦੁਨੀਆਂ ਵਿੱਚ ਬੰਦਾ ਬੇ-ਯਕੀਨ ਉਹ ਵੀ।

ਦਾਹਵਾ ਖ਼ੁਦੀ ਹੰਕਾਰ ਦਾ ਬੰਨ੍ਹਦਾ ਜੋ,
ਦੁਨੀਆਂ ਵਿੱਚ ਬੰਦਾ ਬੇ-ਯਕੀਨ ਉਹ ਵੀ।

"ਬ੍ਰਹਮਦੇਵ" ਨਹੀਂ ਰੱਬ ਨੂੰ ਮੰਨਦਾ ਜੋ,
ਦੁਨੀਆਂ ਵਿੱਚ ਬੰਦਾ ਬੇ-ਯਕੀਨ ਉਹ ਵੀ ।

ਜਾਣ ਬੁੱਝ ਕੇ ਪਾਪ ਪਰਚਾਰਦਾ ਜੋ,
ਓਸ ਬੰਦੇ ਦਾ ਦੱਸੋ ਇਤਬਾਰ ਕੀ ਹੈ।

ਨਹੀਂ ਆਪਣਾ ਆਪ ਸੰਵਾਰਦਾ ਜੋ,
ਓਸ ਬੰਦੇ ਦਾ ਦੱਸੋ ਇਤਬਾਰ ਕੀ ਹੈ।

ਫਿਰਦਾ ਲੱਦਿਆ ਗਰਬ ਹੰਕਾਰ ਦਾ ਜੋ,
ਓਸ ਬੰਦੇ ਦਾ ਦੱਸੋ ਇਤਬਾਰ ਕੀ ਹੈ।

ਡੰਗ ਯਾਰ ਦਿਲਦਾਰ ਦੇ ਮਾਰਦਾ ਜੋ,
ਓਸ ਬੰਦੇ ਦਾ ਦੱਸੋ ਇਤਬਾਰ ਕੀ ਹੈ।

ਝੂਠ ਨਿੰਦਿਆ ਬਿਨਾਂ ਨਹੀਂ ਸਾਰਦਾ ਜੋ,
ਓਸ ਬੰਦੇ ਦਾ ਦੱਸੋ ਇਤਬਾਰ ਕੀ ਹੈ।

ਚੰਗਾ ਨਹੀਂ ਆਚਾਰ ਵਿਚਾਰ ਦਾ ਜੋ,
ਓਸ ਬੰਦੇ ਦਾ ਦੱਸੋ ਇਤਬਾਰ ਕੀ ਹੈ।

ਗੁਰੂਜਨਾਂ ਨੂੰ ਨਹੀਂ ਸਤਿਕਾਰਦਾ ਜੋ,
ਓਸ ਬੰਦੇ ਦਾ ਦੱਸੋ ਇਤਬਾਰ ਕੀ ਹੈ।

"ਬ੍ਰਹਮਦੇਵ" ਨਹੀਂ ਭਗਤ ਕਰਤਾਰ ਦਾ ਜੋ,
ਓਸ ਬੰਦੇ ਦਾ ਦੱਸੋ ਇਤਬਾਰ ਕੀ ਹੈ।

○

ਬੈਂਤ ਛੰਦ:-

## ਲੋਭੀ ਤੇ ਪਾਪੀ

ਸਵਾਰਥ ਸਾਰ ਕੇ ਦੋਸਤੀ ਤੋੜ ਦੇਣੀ,
ਲੋਭੀ ਲੋਕਾਂ ਦੀ ਮੁੱਢ ਤੋਂ ਰੀਤ ਹੁੰਦੀ।

ਸਦਾ ਸੱਜਣਾਂ ਨਾਲ ਵਿਰੋਧ ਹੁੰਦੈ,
ਅਤੇ ਦੁਰਜਨਾਂ ਨਾਲ ਪਰੀਤ ਹੁੰਦੀ ।

ਮਿੱਠੇ ਮੀਸਣੇ ਬੇ ਯਕੀਨ ਹੁੰਦੇ,
ਗੱਲ ਗੋਲ ਤੇ ਬੁੱਧ ਵਿਪਰੀਤ ਹੁੰਦੀ।

ਧਰਮਥਾਨ ਮੈਦਾਨ ਸ਼ਮਸ਼ਾਨ ਅੰਦਰ,
ਹਰ ਥਾਂ ਲੋਭੀ ਦੀ ਲਾਭ ਦੀ ਨੀਤ ਹੁੰਦੀ ।

ਲੋਭੀ ਉੱਪਰੋਂ ਲੱਖ ਸ਼ਰੀਫ਼ ਹੋਵੇ,
ਉਸ ਦੇ ਅੰਦਰਲੇ ਅੰਦਰ ਅਨੀਤ ਹੁੰਦੀ।

"ਬ੍ਰਹਮਦੇਵ" ਪਾਪੀ ਲੋਭੀ ਬੰਦਿਆਂ ਦੀ,
ਸਾਰੀ ਉਮਰ ਵਿਅਰਥ ਬਤੀਤ ਹੁੰਦੀ।

o

ਚੰਗੇ ਪਾਸਿਓਂ ਲੋਭੀ ਪਰਹੇਜ਼ ਕਰਦੇ,
ਮਾੜੇ ਪਾਸੇ ਨੂੰ ਭੱਜ ਕੇ ਜਾਂਵਦੇ ਨੇ।

ਕਦੇ ਲੱਭਦੇ ਲੱਛਮੀ ਜੰਗਲਾਂ 'ਚੋਂ,
ਕਦੇ ਪਰਬਤਾਂ ਦੀ ਤਰਫ਼ ਧਾਵਦੇ ਨੇ।

ਨੱਠੇ ਜਾਂਵਦੇ ਕਦੇ ਪਰਦੇਸ ਦੇ ਲਈ,
ਕਦੇ ਓਧਰੋਂ ਏਧਰ ਨੂੰ ਆਵਦੇ ਨੇ।

ਪੈਸੇ ਵਾਸਤੇ ਜ਼ਿੰਦਗੀ ਤਿਆਗ ਦਿੰਦੇ,
ਪੈਸੇ ਵਾਸਤੇ ਧਰਮ ਗਵਾਂਵਦੇ ਨੇ।

ਪੈਸੇ ਵਾਸਤੇ ਭੁੱਖ ਪਿਆਸ ਸਹਿੰਦੇ,
ਰਾਤਾਂ ਜਾਗਦੇ ਕਸ਼ਟ ਉਠਾਂਵਦੇ ਨੇ।

ਵਰਤ ਰੱਖਦੇ ਪੂਜਦੇ ਦਿਉਤਿਆਂ ਨੂੰ,
ਪੈਸੇ ਵਾਸਤੇ ਪੈਸਾ ਲੁਟਾਂਵਦੇ ਨੇ।

ਕਦੇ ਪਹੁੰਚ ਕੇ ਰਾਜ ਦਰਬਾਰ ਅੰਦਰ,
ਲੋਕ ਸੇਵਾ ਦਾ ਰਾਗ ਪਏ ਗਾਂਵਦੇ ਨੇ।

ਖ਼ੈਰ ਵੋਟਾਂ ਦੀ ਮੰਗਦੇ ਵੋਟਰਾਂ ਤੋਂ,
ਚਰਨੀ ਹੱਥ ਗ਼ਰੀਬਾਂ ਦੇ ਲਾਂਵਦੇ ਨੇ।

ਕਹਿ ਕੇ ਦਾਸ ਹੈ ਲੋਕਾਂ ਦਾ ਤੁੱਛ ਸੇਵਕ,
ਭੋਲੀ ਜਨਤਾ ਦਾ ਚਿੱਤ ਭਰਮਾਂਵਦੇ ਨੇ ।

ਪੂਜ ਪਿਤਾ ਜੀ ਗਧੇ ਨੂੰ ਆਖ ਦਿੰਦੇ,
ਹਾਰ ਫੁੱਲਾਂ ਦਾ ਓਸ ਗਲ ਪਾਂਵਦੇ ਨੇ।

ਐਪਰ ਜਿੱਤ ਜਾਂਦੇ ਜਦ ਚੌਧਰੀ ਜੀ,
ਤਾਂ ਫਿਰ ਬਾਪ ਨੂੰ ਗਧਾ ਫ਼ੁਰਮਾਂਵਦੇ ਨੇ।

ਇਹ ਨਾਚੀਜ਼ ਸੇਵਕ ਪੁੱਤਰ ਲੱਛਮੀ ਦੇ,
"ਬ੍ਰਹਮ" ਸੱਚ ਤੋਂ ਬਹੁਤ ਕਤਰਾਂਵਦੇ ਨੇ।

O

ਜਿਹੜੀ ਲੱਛਮੀ ਵੈਰਣ ਹੈ ਸੱਜਣਾਂ ਦੀ,
ਉਸ ਦਾ ਲੋਭੀ ਦੇ ਨਾਲ ਪਿਆਰ ਹੁੰਦੈ।

ਮਗਰਮੱਛ ਤੇ ਬਾਜ,ਬਘਿਆੜ ਵਾਂਗੂੰ,
ਲੋਭੀ ਪੁਰਖ ਦਾ ਸਦਾ ਵਿਹਾਰ ਹੁੰਦੈ।

ਜੀਕਣ ਉਹ ਖਾਂਦੇ ਛੋਟੇ ਜੰਤੂਆਂ ਨੂੰ,
ਏਵੇਂ ਧਨੀ ਦਾ ਮਾੜੇ ਆਹਾਰ ਹੁੰਦੈ।

ਜਿੱਥੇ ਗੱਲ ਛਿੜਦੀ ਦਾਨ ਧਰਮ ਵਾਲੀ,
ਉਥੋਂ ਹਿਰਨ ਦੇ ਵਾਂਗੂੰ ਫਰਾਰ ਹੁੰਦੈ।

ਉਸ ਨੂੰ ਸਾਰਾ ਸੰਸਾਰ ਹੀ ਠੱਗ ਦਿਸਦੈ,
ਕਿਉਂਕਿ ਆਪ ਉਹ ਮਹਾਂ ਮੱਕਾਰ ਹੁੰਦੈ।

ਮੱਥੇ ਤਿਉੜੀਆਂ ਰਹਿੰਦੀਆਂ ਹਰ ਵੇਲੇ,
ਹਉਮੈ ਰੋਗ ਦਾ ਸਖ਼ਤ ਬੀਮਾਰ ਹੁੰਦੈ।

ਤਪਦਾ ਜਿਸਮ ਰਹਿੰਦਾ ਉਸ ਦਾ ਭੱਠ ਵਾਂਗੂੰ,
ਚੜ੍ਹਿਆ ਲੋਭ ਦਾ ਕਠਿਨ ਬੁਖ਼ਾਰ ਹੁੰਦੈ।

ਧੋਖਾ ਚੋਰੀ ਫ਼ਰੇਬ ਪਖੰਡ ਬਾਜ਼ੀ,
ਦੰਭ ਕਪਟ ਦਾ ਲੋਭੀ ਭੰਡਾਰ ਹੁੰਦੈ।

ਮੱਖੀ ਚੂਸ ਕੰਜੂਸ ਮਨਹੂਸ ਹੁੰਦੈ,
ਉੱਤੋਂ ਜਿਉਂਦਾ ਤੇ ਵਿੱਚੋਂ ਮੁਰਦਾਰ ਹੁੰਦੈ।

"ਬ੍ਰਹਮਦੇਵ" ਬੰਦਾ ਲੋਭ ਲਹਿਰ ਵਾਲਾ,
ਹਲਕਿਆ ਕੁੱਤਾ ਗੁਰਬਾਣੀ ਅਨੁਸਾਰ ਹੁੰਦੈ।

O

ਕਬਿੱਤ ਛੰਦ:-

ਸਵਾਰਥ ਦੇ ਸਮੇਂ ਮੁੱਖ ਹੋਰ ਹੁੰਦੈ ਲੋਭੀਆ ਦਾ,
ਸਵਾਰਥ ਸਰੇ ਦੇ ਪਿਛੋਂ ਹੁੰਦਾ ਮੁੱਖ ਹੋਰ ਹੋਰ।

ਸਵਾਰਥ ਦੇ ਸਮੇਂ ਜੀਹਨੂੰ ਆਖਦੇ ਧਰਮ ਪੁੱਤ,
ਸਵਾਰਥ ਸਰੇ ਦੇ ਪਿੱਛੋਂ ਕਹਿੰਦੇ ਠੱਗ ਚੋਰ ਚੋਰ।

ਸਵਾਰਥ ਦੇ ਸਮੇਂ ਬਣ ਬਗਲੇ ਭਗਤ ਜਾਂਦੇ,
ਸਵਾਰਥ ਸਰੇ ਦੇ ਪਿੱਛੋਂ ਹੁੰਦੇ ਜਾਨ ਖੋਰ ਖੋਰ।

ਲੋਭੀਆਂ ਦੇ ਜਾਲ ਵਿੱਚੋਂ ਬਚਿਓ "ਬ੍ਰਹਮਦੇਵ",
ਸੱਪ ਵੀ ਖਾ ਜਾਂਦੇ ਹੁੰਦੇ ਵੇਖਣ 'ਚ ਮੋਰ ਮੋਰ।
ਕੁਚਿਲਾ,ਧਤੂਰਾ,ਗਾਂਜਾ,ਸੰਖੀਆ ਬੇ-ਸ਼ੱਕ ਖਾ ਲਉ,
ਸਿਰ ਉੱਤੇ ਪੈਰ ਭਾਂਵੇ ਰੱਖ ਦਿਉ ਫਨੀ ਦੇ ।

ਖੂਹ 'ਚ ਡਿੱਗ ਪਵੋ ਜਾਂ ਪਹਾੜ ਉੱਤੋਂ ਛਾਲ ਮਾਰੋ,
ਕਰ ਲਵੋ ਵਾਸਾ ਵਿੱਚ ਜਾ ਕੇ ਘੋਰ ਬਨੀ ਦੇ।

ਤੇਗ ਤਲਵਾਰ ਸੂਲ ਸਾਂਗ ਗੋਲੀ ਨਾਲ ਭਾਂਵੇ,
ਦੇ ਦਿਉ ਪ੍ਰਾਣ ਖਾਕੇ ਤੀਰ ਤਿੱਖੇ ਅਨੀ ਦੇ।

"ਬ੍ਰਹਮਦੇਵ", ਹੋਰ ਭਾਂਵੇ ਕਿਵੇਂ ਮਰ ਜਾਓ,ਪਰ,
ਜਾਲ 'ਚ ਫਸੋ ਨਾ ਕਦੇ ਪਾਪੀ ਲੋਭੀ ਧਨੀ ਦੇ।

o

ਕੋਰੜਾ ਛੰਦ {ਟੇਕ ਰਹਿਤ} :-

## ਵਿਅਕਤੀਗਤ ਚਿੱਠੀ {ਹਾਸ ਵਿਅੰਗ}

ਇੱਕ ਮਹਾਰਾਜ ਹੋਰ ਵੀ ਅਰਜ਼ ਹੈ।
ਦੱਸਣੀ ਜ਼ਰੂਰ ਦੱਸਣਾ ਫ਼ਰਜ਼ ਹੈ॥

ਅੱਜ ਕੱਲ੍ਹ ਇੱਥੇ ਮਨਮੁੱਖ ਬਹੁਤੇ ਨੇ।
ਇਹ ਨਹੀਂ ਪਤਾ ਸੁੱਖ ਕਿ ਜਾਂ ਦੁੱਖ ਬਹੁਤੇ ਨੇ॥

ਭੋਗਾਂ ਵੱਲ ਲੱਗੀ ਸ੍ਰਿਸ਼ਟੀ ਦੀ ਦੌੜ ਹੈ।
ਸਤਿ ਸੰਤੋਖ ਵਾਲਾ ਝੁੱਗਾ ਚੌੜ ਹੈ॥

ਹਰ ਇੱਕ ਬੰਦਾ ਦਿਸਦਾ ਸਵਾਰਥੀ।
ਟਾਂਵਾ ਟੱਲਾ ਹੋਊ ਕੋਈ ਪਰਮਾਰਥੀ॥

ਵੱਡਾ ਛੋਟਾ ਜੇਬ ਵਿੱਚ ਕੈਂਚੀ ਰੱਖਦੈ।
ਸਾਰਾ ਜੱਗ ਚੋਰ ਕੱਖ ਦਾ ਜਾਂ ਲੱਖ ਦੈ॥

ਧਰਮ ਸਥਾਨ ਇੱਥੋਂ ਤੱਕ ਗਿਰ ਪਏ।
ਨਿੱਤਨੇਮ ਜਾਰੀ ਗੁੰਥੀ ਮੰਜੇ ਉੱਤੇ ਪਏ॥

ਪੰਡਿਤਾਂ ਨੇ ਢੰਗ ਤਬਦੀਲ ਕਰ ਲਿਆ।
ਕਲਿਯੁਗ ਸੰਨ੍ਹ 'ਚ ਵਕੀਲ ਕਰ ਲਿਆ॥

ਸਾਧੂਆਂ ਦੀ ਗੱਲ ਸਰਿਆਂ ਤੋਂ ਅੱਗੇ ਹੈ।
ਦਿਲੋਂ ਸ਼ਾਹ ਕਾਲੇ ਤੇ ਲਿਬਾਸ ਬੱਗੇ ਹੈ॥

ਰਾਜਿਆਂ ਦੀ ਨੀਤੀ ਅੱਜ ਏਨੀ ਗਿਰ ਗਈ।
ਚਾਰੇ ਪਾਸੇ ਪਾਪ ਦੀ ਦੁਹਾਈ ਫਿਰ ਗਈ॥

ਮੌਕਾ ਵੇਖ ਲੈਣਾ ਵੈਸੇ ਆ ਕੇ ਆਪ ਨੇ।
ਉਂਝ ਇਹ ਔਰੰਗਜੇਬ ਦੇ ਵੀ ਬਾਪ ਨੇ॥

ਜਤ ਸਤ ਵਿੱਚ ਵੀ ਅਥਾਹ ਪਾੜੇ ਨੇ।
ਪਸ਼ੂਆਂ ਤੋਂ ਅੱਜ ਦੇ ਮਨੁੱਖ ਮਾੜੇ ਨੇ॥

ਪਤੀ ਵਰਤਾ ਦੀ ਗੱਲ ਬਾਤ ਜਿਹੜੀ ਹੈ।
ਏਥੇ ਇਹ ਨਹੀਂ ਪਤਾ ਕਿ ਸ਼ਰੀਫ ਕਿਹੜੀ ਹੈ॥

ਘਰ ਘਰ ਵਿੱਚ ਵੱਸ ਪਾਪ ਭੂਤ ਗਿਆ।
ਮੈਨੂੰ ਤਾਂ ਇਉਂ ਜਾਪਦੈ ਕਿ ਆਵਾ ਊਤ ਗਿਆ॥

ਏਥੇ ਹੁਣ ਕੋਈ ਕਿਸੇ ਦੇ ਅਧੀਨ ਨਹੀਂ।
ਧਰਮ 'ਚ ਕਿੱਥੇ,ਤੇਰੇ 'ਚ ਯਕੀਨ ਨਹੀਂ॥

ਜੇ ਕੋਈ ਅੱਜ ਗੱਲ ਨੇਕੀਆਂ ਦੀ ਦੱਸਦੈ।
ਹੀਂ ਹੀਂ ਹੀਂ ਹੀਂ ਕਰਕੇ ਹਜ਼ੂਮ ਹੱਸਦੈ॥

ਚੰਗੇ ਰਾਹ ਤੇ ਜੇ ਕੋਈ ਬੰਦਾ ਚੰਗਾ ਜਾਂਦਾ ਹੈ।
ਪਾਸੀਂ ਖੜੇ ਆਖਦੇ ਲਫੰਗਾ ਜਾਂਦਾ ਹੈ॥

ਸਤਿਪੁਰਖਾਂ ਤੋਂ ਸਾਰੇ ਬਾਗੀ ਹੋ ਗਏ।
ਆਪ ਗੁਣੀ ਗਿਆਨੀ ਆਪ ਰਾਗੀ ਹੋ ਗਏ॥

ਬਾਣੀ ਵਿੱਚ ਕਹਿੰਦੇ ਗੁਰੂ ਪਰਮੇਸ਼ਰ।
ਬ੍ਰਹਮ ਗਿਆਨੀਆਂ ਨੂੰ ਖੋਜਦੇ ਮਹੇਸੁਰ॥

ਹੁਣ ਤੂੰ ਬੇਸ਼ੱਕ ਸ਼ਿਵਜੀ ਨੂੰ ਦੱਸਦੇ।
ਏਥੇ ਬ੍ਰਹਮ ਗਿਆਨੀਆ ਦੇ ਜੱਥੇ ਵੱਸਦੇ॥

ਲੈ ਜਾਉ ਮਹਾਰਾਜ ਜਿਤਨੀ ਕੁ ਲੋੜ ਹੈ।
ਸਾਡੇ ਦੇਸ਼ ਵਿੱਚ ਤਾਂ ਕਈ ਕਰੋੜ ਹੈ॥

ਜਿਸ ਕੋਲੋਂ ਪੁਛੋਂ ਬੱਸ ਪੂਰੇ ਮਣ ਦੈ।
ਹਰ ਕੋਈ ਨਾਨਕ ਦਾ ਹਾਣੀ ਬਣਦੈ॥

ਸਭ ਕੋਲ ਗਿਆਨ ਦੀਆਂ ਪੰਡਾਂ ਲੱਦੀਆਂ।
ਘਟ ਗਏ ਮੁਰੀਦ ਵੱਧ ਗਈਆਂ ਗੱਦੀਆਂ॥

ਬਾਬੇ,ਬਾਲ ਯੋਗੀ,ਰਿਸ਼ੀ ਭਗਤ ਗੁਰੂ।
ਪਿਤਾ,ਭਗਵਾਨ,ਸਵਾਮੀ,ਜਗਤ ਗੁਰੂ॥

ਜਪਦੇ ਜਪਾਉਂਦੇ ਉਂਝ ਤੇਰਾ ਨਾਮ ਨੇ।
ਸੱਚੇ ਦਿਲੋਂ ਤੇਰੀ ਬਹੂ ਦੇ ਗੁਲਾਮ ਨੇ॥

ਲੁੱਚਿਆਂ ਦੇ ਪੀਰ ਤੇ ਲਿਖਾਉਂਦੇ ਸੰਤ ਜੀ।
ਕਈ ਰਿਜੀਨਲ ਜੰਮਦੇ ਮਹੰਤ ਜੀ॥

ਬਹੁਤੀ ਕੀ ਸੁਣਾਵਾਂ ਤੈਨੂੰ ਪਾਪ ਦੀ ਕਥਾ।
ਆਪ ਆ ਕੇ ਵੇਖ ਤੂੰ ਮੈਂ ਲਿਖਿਆ ਯਥਾ॥

ਮੇਰੀ ਚਿੱਠੀ ਦਾ ਤਾਂ ਏਨਾ ਕੁ ਨਿਚੋੜ ਹੈ।
ਹੁਣ ਤੇਰੀ ਪਾਤਸ਼ਾਹ ਸਖ਼ਤ ਲੋੜ ਹੈ॥

ਪਤਾ ਨਹੀਂ ਤੂੰ ਕਿਤੇ ਸੌਂ ਗਿਆ ਕਿ ਰੁੱਠ ਗਿਆ।
ਤੇਰੇ ਉੱਤੋਂ ਲੋਕਾਂ ਦਾ ਯਕੀਨ ਉੱਠ ਗਿਆ॥

ਆਪ ਏਥੇ ਇੱਕ ਵਾਰ ਆ ਕੇ ਵੇਖ ਜਾ।
ਸੱਚ ਝੂਠ ਮੇਰਾ ਅਜ਼ਮਾ ਕੇ ਵੇਖ ਜਾ॥

ਮੇਰੀ ਤਾਂ ਅਰਜ਼ ਹੈ ਤੂੰ ਆ ਜਾ ਸੋਹਣਿਆਂ।
ਔਖਾ ਸੌਖਾ ਇੱਕ ਰਾਊਂਡ ਲਾ ਜਾ ਸੋਹਣਿਆਂ॥

ਮੈਨੂੰ ਭਾਂਵੇ ਯਾਰ ਘਬਰਾ ਕੇ ਮਿਲ ਜਾ।
ਲੋਕਾਂ ਨੂੰ ਪ੍ਰੇਮ ਨਾਲ ਆ ਕੇ ਮਿਲ ਜਾ॥

ਵਾਰ ਵਾਰ "ਬ੍ਰਹਮ" ਬੇਨਤੀ ਗੁਜ਼ਾਰਦਾ।
ਸਵਾਮੀ ਜੀ ਸਮਾਂ ਹੈ ਹੁਣ ਅਵਤਾਰ ਦਾ॥

○

ਦਵੈਯਾ ਛੰਦ:-

## ਈਸ਼ਵਰ

ਪਰਮ ਸਤਿ ਪਰਮਾਤਮਾ ਇੱਕ ਹੈ ਰਚਨਹਾਰ ਇਸ ਜੱਗ ਦਾ।
ਪਰਮ ਸਤਿ ਤੋਂ ਉਪਜਿਆ ਕਰ ਕੇ ਜੱਗ ਵੀ ਸਤਿ ਹੀ ਲੱਗਦਾ॥
ਜੀਕਣ ਜਾਲਾ ਬੁਣਦੀ ਮੱਕੜੀ ਖ਼ੁਦ ਬਣ ਕੇ ਸਭ ਕਾਰਣ।
ਬ੍ਰਹਮ ਇਉਂ ਈਸ਼ਵਰ ਜੱਗ ਕਰਤਾ ਸੰਤ ਗ੍ਰੰਥ ਉਚਾਰਣ॥

ਮਹਾਂ ਜੋਤ ਪਰਮੇਸ਼ਵਰ ਸਤਿ ਹੈ ਵਿਆਪਕ ਅਣੂ ਪਰਮਾਣੂ।
ਦ੍ਰਿਸ਼ਟਮਾਨ ਜੱਗ ਸਾਰਾ ਮਿਥਿਆ ਇਸ ਵਿੱਚ ਸ਼ੱਕ ਨਹੀਂ ਸਾਨੂੰ॥
ਤਰਕ ਨਾਲ ਸਿੱਧ ਕਰਨਾ ਚਾਹੁੰਦੇ ਹੋਂਦ ਜੋ ਉਸ ਸੱਚੇ ਦੀ।
"ਬ੍ਰਹਮਦੇਵ" ਉਹ ਅਨੁਭਵ ਹੀਣੇ ਅਜੇ ਬੁੱਧ ਬੱਚੇ ਦੀ॥

ਕੇਸ਼ਵ ਕ੍ਰਿਸ਼ਨ ਰਾਮ ਮਧੁਸੂਦਨ ਮਾਧਵ ਚੱਕਰ ਪਾਣੀ।
ਦਾਮੋਦਰ ਪੀਤਾਂਬਰ ਵਿਸ਼ਨੂੰ ਨਿਰਾਕਾਰ ਨਿਰਬਾਣੀ॥
ਸਾਂਵਲ ਵਾਸੁਦੇਵ ਨਾਰਾਇਣ ਕਾਨ੍ਹ ਗੁਪਾਲ ਮੁਰਾਰੀ।
ਬ੍ਰਹਮ ਗੁਸਾਈਂ ਈਸ਼ਵਰ ਰਘੁਵਰ ਉਹ ਗੋਬਿੰਦ ਗਿਰਧਾਰੀ॥

ਗੋਪੀ ਨਾਥ ਅਜੂਨੀ ਨਿਰਭਉ ਸਤਿਨਾਮ ਗੋਪਾਰ।
ਵਾਹਿਗੁਰੂ ਨਾਨਕ ਦਾ ਪਿਆਰਾ ਉਹੀ ਇੱਕ ਓਂਕਾਰ॥
ਅੱਲਾ ਮੌਲਾ ਸਾਹਿਬ ਰਾਜ਼ਿਕ ਪਾਕ ਰੱਬ ਉਹ ਮਾਲਿਕ।
ਹੱਕ ਕਬੀਰ ਰਹੀਮ ਖ਼ੁਦਾਵੰਦ ਆਹੁਰ ਮਜ਼ਦਾ ਖਾਲਿਕ॥

ਮਹਾਂਬੀਰ ਅਰਹਤ ਗੌਤਮ ਬੁੱਧ ਗਾਡ ਸੁਪਰ ਉਹ ਨੇਚਰ।
ਸ਼ਿਵ ਸ਼ਕਤੀ ਉਹ ਪੰਜ ਪਰਮੇਸ਼ਵਰ ਜਲਚਰ ਥਲਚਰ ਖੇਚਰ॥
ਪੰਥਾਂ ਵਾਲੇ ਲੁੱਟਦੇ ਤੁਹਾਨੂੰ ਪਾ ਭਰਮਾਂ ਦੇ ਪੜਦੇ।
"ਬ੍ਰਹਮਦੇਵ" ਪ੍ਰਭੂ ਤਾਂ ਇੱਕ ਹੈ ਕਿਉਂ ਅਣਜਾਣੋ ਲੜਦੇ॥

ਸਿਰਖਿੰਡੀ ਛੰਦ:-
ਆਦਿ ਅਨਾਦਿ ਅਨੰਤ ਮਾਲਕ ਜਗਤ ਦਾ,
ਕਾਲ ਰੂਪ ਭਗਵੰਤ ਉੱਚਾ ਉਚਿਓਂ।

:-

## ਈਸ਼ਵਰ

ਪਰਮਾਤਮਾ ਇੱਕ ਹੈ ਰਚਨਹਾਰ ਇਸ ਜੱਗ ਦਾ।
ਤੋਂ ਉਪਜਿਆ ਕਰ ਕੇ ਜੱਗ ਵੀ ਸਤਿ ਹੀ ਲੱਗਦਾ॥
ਾ ਬੁਣਦੀ ਮੱਕੜੀ ਖ਼ੁਦ ਬਣ ਕੇ ਸਭ ਕਾਰਣ।
ਈਸ਼ਵਰ ਜੱਗ ਕਰਤਾ ਸੰਤ ਗ੍ਰੰਥ ਉਚਾਰਣ॥

ਰਮੇਸ਼ਵਰ ਸਤਿ ਹੈ ਵਿਆਪਕ ਅਣੂ ਪਰਮਾਣੂ।
ਜੱਗ ਸਾਰਾ ਮਿਥਿਆ ਇਸ ਵਿੱਚ ਸ਼ੱਕ ਨਹੀਂ ਸਾਨੂੰ॥
ਸਿੱਧ ਕਰਨਾ ਚਾਹੁੰਦੇ ਹੋਂਦ ਜੋ ਉਸ ਸੱਚੇ ਦੀ।
" ਉਹ ਅਨੁਭਵ ਹੀਣੇ ਅਜੇ ਬੁੱਧ ਬੱਚੇ ਦੀ॥

ਨ ਰਾਮ ਮਧੁਸੂਦਨ ਮਾਧਵ ਚੱਕਰ ਪਾਣੀ।
ਤਾਂਬਰ ਵਿਸ਼ਨੂੰ ਨਿਰਾਕਾਰ ਨਿਰਬਾਣੀ॥
ੁਦੇਵ ਨਾਰਾਇਣ ਕਾਨ੍ਹ ਗੁਪਾਲ ਮੁਰਾਰੀ।
ਈਂ ਈਸ਼ਵਰ ਰਘੁਵਰ ਉਹ ਗੋਬਿੰਦ ਗਿਰਧਾਰੀ॥

ਅਜੂਨੀ ਨਿਰਭਉ ਸਤਿਨਾਮ ਗੋਪਾਰ।
ਾਨਕ ਦਾ ਪਿਆਰਾ ਉਹੀ ਇੱਕ ਓਂਕਾਰ॥
ਸਾਹਿਬ ਰਾਜ਼ਿਕ ਪਾਕ ਰੱਬ ਉਹ ਮਾਲਿਕ।
ਰਹੀਮ ਖ਼ੁਦਾਵੰਦ ਆਹੁਰ ਮਜ਼ਦਾ ਖਾਲਿਕ॥

ਅਰਹਤ ਗੌਤਮ ਬੁੱਧ ਗਾਡ ਸੁਪਰ ਉਹ ਨੇਚਰ।
ੀ ਉਹ ਪੰਜ ਪਰਮੇਸ਼ਵਰ ਜਲਚਰ ਥਲਚਰ ਖੇਚਰ॥
ਲੁੱਟਦੇ ਤੁਹਾਨੂੰ ਪਾ ਭਰਮਾਂ ਦੇ ਪੜਦੇ।
" ਪ੍ਰਭੂ ਤਾਂ ਇੱਕ ਹੈ ਕਿਉਂ ਅਣਜਾਣੇ ਲੜਦੇ॥

ਛੰਦ:-

ਸਤਿ ਚਿੱਤ ਆਨੰਦ ਉਸ ਦਾ ਰੂਪ ਹੈ,
ਨਿਰ ਵਿਕਾਰ ਸਵਛੰਦ ਹੋ ਕੇ ਵਿਚਰਦਾ।

ਕੁਲ ਦੁਨੀਆਂ ਦਾ ਵਾਲੀ ਖ਼ੁਦ ਨਿਸ਼ਕਾਮ ਹੈ,
ਸਾਰਾ ਜਗਤ ਸੁਆਲੀ ਤੇ ਉਹ ਦੇ ਰਿਹਾ।

ਭਗਤਾਂ ਵੱਸ ਹੋ ਆਪ ਆਉਂਦੇ ਜਗਤ ਵਿੱਚ,
ਸ੍ਰਿਸ਼ਟੀ ਦੇ ਤ੍ਰਿਤਾਪ ਨਿਵਾਰਣ ਲਈ।

ਮੱਲਿਆਚਲ ਮਸ਼ਹੂਰ ਜੀਕਣ ਚੰਦਨੋ,
ਭਗਤਾਂ ਲਈ ਭਰਪੂਰ ਏਂਵੇਂ ਆਪ ਜੀ ।

ਭਗਤ ਜਨਾਂ ਦੀ ਗੱਲ ਤੁਰਦੀ ਆਪ ਤੋਂ,
ਨਾਲੇ ਹੁੰਦੇ ਹੱਲ ਮਸਲੇ ਦੁਨੀ ਦੇ।

ਸਰਵਕਲਾ ਸੰਪੰਨ ਸ਼ਕਤਿ ਨਿਧਾਨ ਤੂੰ,
ਤੇਰੇ ਕਰਕੇ ਧੰਨ ਸਾਰੀ ਪ੍ਰਿਥਵੀ।

ਬੁੱਧ ਬਾਣੀ ਤੇ ਮਨ ਸਾਰੇ ਇੰਦਰੇ,
ਹੱਥ ਪੈਰ ਮੁੱਖ ਕੰਨ ਅੰਗ ਸ਼ਰੀਰ ਦੇ।

ਤੇਰੀ ਸ਼ਕਤੀ ਨਾਲ ਹਨ ਚੇਤੰਨ ਸਭ,
ਹਰ ਇੱਕ ਆਪਣੀ ਚਾਲ ਦੇ ਵਿੱਚ ਚੱਲ ਰਿਹਾ।

**ਚੌਪਈ ਛੰਦ:-**
ਇਹ ਜੱਗ ਰਚਨਾ ਹੈ ਇਉਂ ਹਰਿ ਦੀ,
ਨਾਟ ਕਲਾ ਜੀਕਣ ਨਟਵਰ ਦੀ।

ਨਟਸ਼ਾਲਾ ਵਿੱਚ ਜਿਉਂ ਆ ਕੇ,
ਖੇਲ ਵਿਖਾਉਂਦਾ ਭੇਸ ਵਟਾ ਕੇ।

ਇੱਕ ਨਟ ਰੂਪ ਅਨੇਕ ਬਣਾਉਂਦਾ,
ਪਰ ਦਰਸ਼ਕ ਦੀ ਸਮਝ ਨਹੀਂ ਆਉਂਦਾ।

ਏਵੇਂ ਜਿਤਨਾ ਵੀ ਇਹ ਜੱਗ ਹੈ,
ਜੜ੍ਹ ਚੇਤਨ ਸੁਰ ਨਰ ਮ੍ਰਿਗ ਖਗ ਹੈ।

ਸਾਰਿਆਂ ਦੇ ਵਿੱਚ ਹਰਿ ਹੀ ਵੱਸਦੈ,
ਕਿਧਰੇ ਰੋਂਦਾ ਕਿਧਰੇ ਹੱਸਦੈ।

ਅਨਿਕ ਭਾਂਤ ਦੇ ਰੂਪ ਬਦਲ ਕੇ,
ਮਾਧਵ ਹੀ ਝਲਕਾਉਂਦੈ ਝਲਕੇ।

ਇਸ ਦੁਨੀਆਂ ਦੇ ਜਿਤਨੇ ਅੰਗ ਨੇ,
ਸਮਝੋ ਸਭ ਉਸ ਦੇ ਹੀ ਰੰਗ ਨੇ।

ਪੜਦੇ ਦੇ ਅੰਦਰ ਵੀ ਉਹ ਹੈ,
ਬਾਹਰ ਵੀ ਓਸੇ ਦੀ ਛੂਹ ਹੈ।

ਅੰਤ੍ਰਾਕਰਣ ਪਵਿੱਤਰ ਜਿਸਦੈ,
ਉਸ ਨੂੰ ਅਸਲੀ ਰੂਪ 'ਚ ਦਿਸਦੈ।

ਜਿਸ ਉੱਪਰ ਉਹ ਮਿਹਰਬਾਨ ਹੈ,
ਉਸ ਨੂੰ ਉਸਦਾ ਸਦਾ ਗਿਆਨ ਹੈ।

ਜਿਹੜਾ ਉਸਦੀ ਸ਼ਰਨ 'ਚ ਆਉਂਦੈ,
ਉਸ ਨੂੰ ਉਹ ਸਵੈ ਰੂਪ ਵਿਖਾਉਂਦੈ।

ਸਤਿਪੁਰਖਾਂ ਦਾ ਜੋ ਸੰਗ ਕਰਦੇ,
ਉਹ ਨੇੜੇ ਹੋ ਜਾਂਦੇ ਹਰਿ ਦੇ।

ਸੰਤ ਵਿਮੁੱਖ ਜੋ ਮੂੜ ਕੁਸੰਗੀ,
ਚਲਦੇ ਟੇਢੀ ਚਾਲ ਕੁਢੰਗੀ।

ਜੋ ਨਰ ਕਪਟੀ ਖੋਟੇ ਦਿਲ ਦੇ,
ਉਨ੍ਹਾਂ ਨੂੰ ਪ੍ਰਭ ਜੀ ਨਹੀਂ ਮਿਲਦੇ।

ਸਦਾਚਾਰ ਤੋਂ ਹੀਨ ਜੋ ਪ੍ਰਾਣੀ,
ਅਨ ਅਧਿਕਾਰੀ ਤੇ ਅਗਿਆਨੀ।

ਚੰਚਲ ਚਿੱਤ ਕਾਮ ਅਧੀਨ,
ਮੋਹ ਗ੍ਰਸਤ ਲੋਭ ਵਿੱਚ ਲੀਨ।

ਮਿੱਥਿਆ ਅਭਿਮਾਨੀ ਅਹੰਕਾਰੀ,
ਪਰ ਨਿੰਦਿਆ ਜਿਨ੍ਹਾਂ ਨੂੰ ਪਿਆਰੀ।

ਹਿਰਦੇ ਸਦਾ ਅਸ਼ੁੱਧ ਜਿਨ੍ਹਾਂ ਦੇ,
ਹੈ ਨਹੀਂ ਨਿਰਮਲ ਬੁੱਧ ਜਿਨ੍ਹਾਂ ਦੇ।

ਉਨ੍ਹਾਂ ਦੀ ਉਹ ਨਜ਼ਰ ਨਹੀਂ ਪੈਂਦਾ,
ਪ੍ਰਗਟ ਹੋ ਕੇ ਵੀ ਛੁਪ ਰਹਿੰਦਾ।

ਗਿਆਨੀ ਦੇ ਉਹ ਸਦਾ ਹਜ਼ੂਰ,
ਅਗਿਆਨੀ ਤੋਂ ਕੋਹਾਂ ਦੂਰ।

ਮਾਨ ਜਿਨ੍ਹਾਂ ਨੂੰ ਉੱਚ ਕੁਲ ਧਨ ਦਾ,
ਵਿੱਦਿਆ ਕਲਾ ਹੁਸਨ ਜੋਬਨ ਦਾ।

ਜਿਹੜੇ ਚਿੰਨ੍ਹ ਚੱਕਰਾਂ ਦੇ ਦਾਸ,
ਭੇਖਾਂ ਵਿੱਚ ਰੱਖਦੇ ਵਿਸ਼ਵਾਸ।

ਰਹਿੰਦਾ ਚਿੱਤ ਸੰਦੇਹ ਜਿਨ੍ਹਾਂ ਦੇ,
ਹਿਰਦੇ ਨਹੀਂ ਸਨੇਹ ਜਿਨ੍ਹਾਂ ਦੇ।

ਜਿਹੜੇ ਸੰਤ ਭਗਤ ਦੇ ਵਾਮ,
ਉਨ੍ਹਾਂ ਨੂੰ ਨਹੀਂ ਮਿਲਦੇ ਰਾਮ।

### ਦੋਹਰਾ

ਭਗਵਤ ਭਗਤ ਗ਼ਰੀਬ ਜੋ ਦੀਨ ਚਿੱਤ ਨਿਰਮਾਨ,
ਹਾਜ਼ਰ ਨਾਜ਼ਰ ਉਨ੍ਹਾਂ ਦੇ "ਬ੍ਰਹਮਦੇਵ" ਭਗਵਾਨ।

ੋ

## ਸਰਗੁਣ ਬ੍ਰਹਮ

ਇੱਕ ਮਿੱਟੀ ਤੇ ਭਾਂਡੇ ਅੱਡ ਅੱਡ ਅਨਿਕ ਰੂਪ ਇੱਕ ਜਲਦੇ।
ਇੱਕ ਅਕਾਸ਼ ਅਨੇਕਾਂ ਨਾਂ ਨੇ ਵਾਯੂ ਕਈ ਵਿਧ ਚਲਦੇ॥
ਅਗਨੀ ਇੱਕ ਚੰਗਿਆੜੇ ਭਿੰਨ ਭਿੰਨ ਏਵੇਂ ਨਿਰਗੁਣ ਸਰਗੁਣ।
ਬ੍ਰਹਮ ਗੱਲ ਦੀ ਸੋਝੀ ਪੈਂਦੀ ਸਤਿ ਪੁਰਖਾਂ ਤੋਂ ਸੁਣ ਸੁਣ॥

ਰਚ ਕੇ ਆਪ ਅਕਾਰ ਅਨੇਕਾਂ ਆਪੇ ਵਿੱਚ ਵੱਸ ਜਾਂਦੈ।
ਜੋ ਨਿਰਗੁਣ ਸਰਗੁਣ ਵੀ ਉਹ ਹੈ ਸਿਰਫ਼ ਭੁਲੇਖਾ ਨਾਂ ਦੈ॥
ਕਈ ਭਾਂਤ ਦੇ ਮਣਕੇ ਜੀਕਣ ਇੱਕ ਧਾਗੇ ਵਿੱਚ ਗੁੰਦੇ।
ਦਿਸਦਾ ਅਣਦਿਸਦਾ ਇਉਂ ਇੱਕ ਹੈ ਬ੍ਰਹਮ ਨਹੀਂ ਦੋ ਹੁੰਦੇ॥

ਕਰਮ ਅਧੀਨ ਜੀਵ ਜੱਗ ਆਉਂਦੈ ਪਰਮਾਤਮ ਖ਼ੁਦ ਆਉਂਦੈ।
ਅਜ ਅਵਿਨਾਸ਼ੀ ਹੋ ਕੇ ਵੀ ਉਹ ਦੇਹਧਾਰੀ ਅਖਵਾਉਂਦੈ॥
ਜੋ ਦੁਨੀਆਂ ਦਾ ਕਰਤਾ ਭਰਤਾ ਹਰਤਾ ਤੇ ਸੰਚਾਲਕ।
ਆਪ ਕਿਉਂ ਨਹੀਂ ਆ ਸਕਦਾ ਉਹ ਬ੍ਰਹਿਮੰਡਾਂ ਦਾ ਮਾਲਕ॥

ਜੇਕਰ ਹੈ ਆਕਾਰ ਓਸ ਦਾ ਨਿਰਾਕਾਰ ਵੀ ਤਾਂ ਹੈ।
ਬਿਨਾਂ ਅਕਾਰੋਂ ਨਿਰਾਕਾਰ ਨੂੰ ਦੱਸੋ ਕਿੱਥੇ ਥਾਂ ਹੈ॥
ਦੇਹਧਾਰੀ ਨੂੰ ਦੁੱਖ ਸੁੱਖ ਹੁੰਦਾ ਉਹ ਜੰਮਦਾ ਤੇ ਮਰਦਾ।
ਕੋਈ ਕੋਈ ਅਗਿਆਨੀ ਬੰਦਾ ਇਹ ਵੀ ਸ਼ੰਕਾ ਕਰਦਾ॥

ਈਸ਼ਵਰ ਨਾਲ ਜੀਵ ਦੀ ਭਾਈ ਤੁਲਨਾ ਹੀ ਨਹੀਂ ਬਣਦੀ।
ਸਮਰਥ ਹੀਨ ਜੀਵ ਕੀੜੇ ਤੁੱਲ ਅਮਿਤ ਸ਼ਕਤਿ ਭਗਵਨ ਦੀ॥
ਜੀਕਣ ਦੋਸ਼ੀ ਜੇਲ੍ਹਾਂ ਦੇ ਵਿੱਚ ਦੰਡ ਜ਼ੁਲਮਾਂ ਦੇ ਪਾਂਦੇ।
ਕਦੇ ਕਦੇ ਨਿਗਰਾਨੀ ਦੇ ਲਈ ਬਾਦਸ਼ਾਹ ਵੀ ਜਾਂਦੇ॥

ਕੈਦੀ ਓਥੇ ਸਜ਼ਾ ਭੋਗਦੇ ਹੋ ਕਰ ਕੇ ਪਰਤੰਤਰ।
ਲੇਕਿਨ ਓਥੇ ਜਾਣ ਆਉਣ ਵਿੱਚ ਰਾਜਾ ਹੈ ਸਵਤੰਤਰ॥

ਕੈਦੀ ਵਾਂਗੂ ਜੀਵ ਜਨਮਦੇ ਹੋ ਕੇ ਕਰਮ ਪਰਾਇਣ।
ਮਰਜ਼ੀ ਨਾਲ ਜਗਤ ਵਿੱਚ ਆਉਂਦੇ ਭਗਤ ਵੱਛਲ ਨਾਰਾਇਣ॥

ਅਵਤਾਰਾਂ ਦੇ ਦੁੱਖ ਸੁੱਖ ਵਾਲੀ ਜੋ ਪ੍ਰਚਲਿਤ ਕਥਾ ਹੈ।
ਉਹ ਹੈ ਸਤਿਪੁਰਖਾਂ ਦੀ ਲੀਲ੍ਹਾ ਨਾਟਕ ਫਿਲਮ ਜੱਥਾ ਹੈ॥
ਦ੍ਰਿਸ਼ਟਮਾਨ ਸਭ ਤ੍ਰਿਗੁਣ_ਵਿੱਚ ਹੈ ਰੱਬ ਹੈ ਸਭ ਤੋਂ ਉੱਤੇ।
ਇਹ ਗੱਲ ਗੂੜ ਸਮਝ ਨਹੀਂ ਸਕਦੇ ਮੋਹ ਮਾਇਆ ਵਿੱਚ ਸੁੱਤੇ॥

ਜਦੋਂ ਜਦੋਂ ਇਸ ਦੁਨੀਆਂ ਦੇ ਵਿੱਚ ਵਧ ਜਾਂਦੇ ਨੇ ਦੁਰਜਨ।
ਲਤੜੀਂਦੇ ਮਜ਼ਲੂਮ ਨਿਤਾਣੇ ਕਸ਼ਟ ਭੋਗਦੇ ਸੁਰਜਨ॥
ਧਰਮ ਕਰਮ ਦੀ ਗੱਲ ਰੁਕ ਜਾਂਦੀ ਵੱਧਦੀ ਆਪੋ ਧਾਪੀ।
ਭਲੇ ਪੁਰਖ ਜਦ ਭੁੱਖੇ ਸੌਂਦੇ ਰਾਜ ਭੋਗਦੇ ਪਾਪੀ॥

ਵਿਰਜ ਵਿਆਪਕ ਅਜ ਅਨਮਰ ਜੋ ਬਰਨ ਚਿਹਨ ਤੋਂ ਨਿਆਰਾ।
ਓਹੀ ਫਿਰ ਸਰਗੁਣ ਹੋ ਜਾਂਦੈ ਭਗਤ ਵੱਛਲ ਪ੍ਰਭੁ ਪਿਆਰਾ॥
ਵੇਦ ਧਰਮ ਦੀ ਰੱਖਿਆ ਕਰਦਾ ਦੁਸ਼ਟਾਂ ਦਾ ਵੱਧ ਕਰਕੇ।
"ਬ੍ਰਹਮਦੇਵ" ਸ੍ਰਿਸ਼ਟੀ ਲਈ ਆਉਂਦੈ ਰੂਪ ਅਨੇਕਾਂ ਧਰ ਕਰਕੇ॥

ਸਿਰਖਿੰਡੀ ਛੰਦ:-
ਜੇ ਬਿਨ ਮੂਰਤਿ ਰੱਬ ਫਿਰ ਨਿਸ਼ੇਧ ਕਿਉਂ।
ਸਭ ਉਸ ਵਿੱਚ ਉਹ ਸਭ ਕਿਸ ਦੀ ਨਿੰਦਿਆ॥

ਜੇ ਉਹ ਮੂਰਤਵਾਨ ਤਾਂ ਇੱਕ ਜਗ੍ਹਾ ਕਿਉਂ।
ਸਭ ਉਸ ਦੇ ਅਸਥਾਨ ਕਿਉਂ ਆਲੋਚਨਾ॥

ਅਸਲ ਵਿੱਚ ਗੱਲ ਹੋਰ ਕਹਿੰਦੇ ਹੋਰ ਕੁਝ।
ਦੋਵਾਂ ਦੇ ਮਨ ਚੋਰ ਦੋਂਵੇ ਸਵਾਰਥੀ॥

ਵਿਸ਼ਵਪਤੀ ਹੈ ਮੂਲ ਨਿਰਗੁਣ ਸਗੁਣ ਦਾ।
ਝਗੜੇ ਛੋੜ ਫ਼ਜ਼ੂਲ ਹੁੰਦੇ ਖਵਾਰ ਕਿਉਂ॥

ਨਾ ਕੋਈ ਉਸਦਾ ਨਾਮ ਤੇ ਨਾ ਰੂਪ ਹੈ।
ਭਗਤਾਂ ਦੇ ਵੱਸ ਰਾਮ ਗੱਲ ਨਿਚੋੜਦੀ॥

ਜਿਹੋ ਜਿਹਾ ਹੈ ਪਿਆਰ ਸਾਡਾ ਓਸ ਵਿੱਚ।
ਓਸੇ ਦੇ ਅਨੁਸਾਰ ਉਹ ਫਲ ਦੇਂਵਦੇ॥

ਬਦਬੂ ਤੇ ਖੁਸ਼ਬੋ ਵਾਯੂ ਵਿੱਚ ਨਹੀਂ।
ਉਸ ਨੂੰ ਮਿਲਦਾ ਜੋ ਉਹ ਸਵੀਕਾਰਦੀ॥

ਏਂਵੇਂ ਵੈਰ ਪ੍ਰੀਤ ਪ੍ਰਭੂ ਵਿੱਚ ਨਹੀਂ।
ਜਿਹੀ ਅਸਾਡੀ ਨੀਤ ਤਿਉਂ ਉਹ ਵਰਤਦੈ॥

ਸਾਧਕ ਦਾ ਅਗਿਆਨ ਉਸ ਨੂੰ ਡੋਬਦਾ।
ਉਸ ਦਾ ਬ੍ਰਹਮ ਗਿਆਨ ਉਸ ਨੂੰ ਤਾਰਦਾ॥

ਆਪਣਾ ਆਪ ਉੱਧਾਰ ਆਪੇ ਹੀ ਕਰੋ।
ਸਭ ਗੱਲਾਂ ਦਾ ਸਾਰ ਇੱਕੋ ਗੱਲ ਹੈ॥

o

ਦਵੈਯਾ ਛੰਦ:-

# ਠਿਕਾਣਾ

ਕਿਹੜੀ ਜਗ੍ਹਾ ਠਿਕਾਣਾ ਰੱਬ ਦਾ ਇਉਂ ਵੀ ਕੋਈ ਕੋਈ ਕਹਿੰਦਾ।
ਮੈਂ ਪੁੱਛਦਾ ਹਾਂ ਉਹ ਥਾਂ ਕਿਹੜੀ ਜਿਸ ਥਾਂ ਉਹ ਨਹੀਂ ਰਹਿੰਦਾ॥
ਜ਼ੱਰਰੇ ਜ਼ੱਰਰੇ ਅੰਦਰ ਹੈ ਉਹ ਕਣ ਕਣ ਉਸ ਦਾ ਖੇਤਰ।
ਜਿਨ੍ਹਾਂ ਨਾਲ ਨਜ਼ਰ ਉਹ ਆਉਂਦੈ ਹੋਰ ਹੈਣ ਉਹ ਨੇਤਰ॥
ਤਿੰਨ ਸੁੰਨ ਵਿੱਚ ਦੁਨੀਆਂ ਸਾਰੀ ਸੁਰਤੀ ਕਰੇ ਤਮਾਸ਼ਾ।
"ਬ੍ਰਹਮਦੇਵ" ਉਸ ਸ਼ਬਦ ਰੂਪ ਦਾ ਚੌਥੇ ਸੁੰਨ ਵਿੱਚ ਵਾਸਾ॥

ਮੁਰਸ਼ਿਦ ਦੀ ਜੀਹਭਾ ਪੁਰ ਰਹਿੰਦੈ ਸੰਤਾਂ ਦੇ ਮਨ ਵੱਸਦੈ।
ਸਹਿਜ ਸੁੰਨ ਦੀ ਘਾਟੀ 'ਚੋਂ ਵੀ ਉਹੀ ਨਟ ਖਟ ਹੱਸਦੈ॥
ਨਾਭਿ ਕੰਵਲ ਦੇ ਵਿੱਚ ਵੀ ਯਾਰੋ ਪ੍ਰੀਤਮ ਸਾਡਾ ਰਹਿੰਦੈ।
"ਬ੍ਰਹਮਦੇਵ" ਅਦਭੁਤ ਦੀਆਂ ਗੱਲਾਂ ਬੇਹੋਸ਼ੀ ਵਿੱਚ ਕਹਿੰਦੈ॥

ਬ੍ਰਿਖ ਬਰਾਬਰ ਸ੍ਰਿਸ਼ਟੀ ਸਾਰੀ ਸ਼ਾਖਾ ਪੱਤੇ ਫੁੱਲ ਫਲ।
ਓਅੰਮ ਦਾ ਵਿਸਥਾਰ ਹੈ ਸਾਰਾ ਪ੍ਰਕਿਰਤੀ ਦੀ ਹੱਲਚਲ॥
ਇਸ ਪਿੱਪਲ ਦਾ ਮੁੱਢ ਗਗਨ ਵਿੱਚ ਬਾਕੀ ਰੂਪ ਅਠਾਂਹ ਨੂੰ।
ਸੰਸਾਰੀ ਰਹਿ ਜਾਂਦੇ ਹੇਠਾਂ ਉੱਠਦੇ ਸੰਤ ਉਤਾਂਹ ਨੂੰ॥

ਮੂਲ ਵਿੱਚ ਵੀ ਰਮਿਆ ਮਾਧੋ ਪੱਤਿਆਂ ਵਿੱਚ ਵੀ ਉਹ ਹੈ।
ਗੁਰਮੁਖ ਦੇ ਲਈ ਬਣ ਤ੍ਰਿਣ ਮਉਲਿਆ ਮਨਮੁਖ ਲਈ ਅਣਛੂਹ ਹੈ॥
ਜੜ੍ਹ ਦੇਹ ਦੇ ਵਿੱਚ ਜੋ ਚੇਤੰਨ ਹੈ ਉਹ ਨਾਰੀ ਉਹ ਨਰ ਹੈ।
ਜੀਵ ਮਨੁੱਖ ਸਭ ਉਸ ਦੇ ਨਾਂ ਨੇ ਅਸਲ ਵਿੱਚ ਅੱਖਰ ਹੈ॥
ਚੇਤੰਨ ਅੰਸ਼ ਅਵਿਦਿਆ ਕਰਕੇ ਬਣ ਬੈਠਾ ਤਨਧਾਰੀ।
ਮਾਇਆ ਤੇ ਹਉਮੈ ਵੱਸ ਹੋ ਕੇ ਹਾਰ ਗਿਆ ਬਿਉਪਾਰੀ॥

ਦਵੈਯਾ ਛੰਦ :-

## ਪ੍ਰੇਮ ਤੇ ਸੰਤ

ਪ੍ਰੇਮ ਅਧੀਨ ਸਦਾ ਭਗਵਨ ਹੈ ਸਭ ਗ੍ਰੰਥਾਂ ਵਿੱਚ ਆਖਿਆ।
ਕਈ ਢੰਗਾਂ ਦੇ ਨਾਲ ਪ੍ਰੇਮ ਦੀ ਕੀਤੀ ਗਈ ਵਿਆਖਿਆ॥
ਕਿੱਥੋਂ ਪ੍ਰੇਮ ਪ੍ਰਾਪਤ ਹੁੰਦਾ ਇਹ ਗੱਲ ਹੈ ਅਤਿ ਗੁੱਝੀ।
ਜਿਸ ਕਰਕੇ ਇਹ ਕਠਿਨ ਪਹੇਲੀ ਹੁਣ ਤੱਕ ਹੈ ਅਣਬੁਝੀ॥

ਜਿਹੜੇ ਪ੍ਰੇਮ ਦੀ ਖੋਜ 'ਚ ਤੁਰਿਆ ਫਿਰਦਾ ਕੁੱਲ ਜ਼ਮਾਨਾ।
ਓਸ ਪ੍ਰੇਮ ਦਾ ਮੈਂ ਵੇਖਿਆ ਹੈ ਸੰਤਾਂ ਪਾਸ ਖ਼ਜ਼ਾਨਾ॥
ਜਗਤਪਤੀ ਦਾਤਿਆਂ ਦਾ ਦਾਤਾ ਵੇਦਾਂ ਦਾ ਪਰਮਾਰਥ।
ਉਹ ਵੀ ਆਕੇ ਸੰਤਾਂ ਪਾਸੋਂ ਲੱਭਦਾ ਪ੍ਰੇਮ ਪਦਾਰਥ॥

ਪ੍ਰੇਮ ਲਈ ਉਹ ਨੱਚਦਾ ਫਿਰਿਆ ਯਮੁਨਾ ਨਦੀ ਕਿਨਾਰੇ।
ਪ੍ਰੇਮ ਵਾਸਤੇ ਉਸ ਪ੍ਰੇਮੀ ਨੇ ਧੰਨੇ ਦੇ ਵੱਗ ਚਾਰੇ॥
ਸੰਮਨ ਮੂਸਣ ਦੇ ਘਰ ਪਹੁੰਚਿਆ ਬਣ ਕੇ ਪ੍ਰੇਮ ਭਿਖਾਰੀ।
ਪੰਜਾਂ ਪਿਆਰਿਆਂ ਅੱਗੇ ਉਸ ਨੇ ਝੋਲੀ ਸਈ ਪਸਾਰੀ॥

ਏਸੇ ਕਰਕੇ ਕਹਿੰਦਾ ਹਾਂ ਮੈ ਗੱਲ ਪ੍ਰੇਮ ਮੰਜ਼ਿਲ ਦੀ।
ਪ੍ਰੇਮ ਪੰਥ ਦੀ ਸੋਝੀ ਭਾਈ ਸੰਤਾਂ ਪਾਸੋਂ ਮਿਲਦੀ॥
ਕਿਹੋ ਜਿਹੇ ਸੰਤਾਂ ਦੇ ਕੋਲੇ ਹੁੰਦਾ ਪ੍ਰੇਮ ਪਦਾਰਥ।
ਉਹਨਾਂ ਨੂੰ ਵੀ ਪਰਖਣ ਦਾ ਢੰਗ ਇਹ ਹੈ ਸ਼ੁੱਧ ਯਥਾਰਥ॥

ਜਗਤ ਵਾਸ਼ਨਾ ਵਿੱਚ ਨਹੀਂ ਹੁੰਦੀ ਉਹਨਾਂ ਦੀ ਪ੍ਰਵਿਰਤੀ।
ਉਹਨਾਂ ਦੀ ਸੰਗਤ ਵਿੱਚ ਜਾ ਕੇ ਹੁੰਦੀ ਸਗੋਂ ਨਵਿਰਤੀ॥
ਚਰਨਾਂ ਵਿੱਚ ਰੁਲਦੀ ਉਹਨਾਂ ਦੇ ਸ਼ੋਭਾ ਲੱਛਮੀ ਰਹਿੰਦੀ।
ਪਾਗਲ ਮੂੜ੍ਹ ਤੇ ਮਸਤ ਉਨ੍ਹਾਂ ਨੂੰ ਦੁਨੀਆਂ ਕਈ ਕੁਝ ਕਹਿੰਦੀ॥

ਨਾ ਉਹ ਵਿਖਮ ਸਾਧਨਾ ਕਰਦੇ ਨਾ ਤੰਤਰ ਦੀਆਂ ਵਿਧੀਆਂ।
ਪਿੱਛੇ ਲੱਗੀਆਂ ਫਿਰਨ ਉਨ੍ਹਾਂ ਦੇ ਫਿਰ ਵੀ ਰਿੱਧੀਆਂ ਸਿੱਧੀਆਂ॥

ਨਾ ਤਾਂ ਉਹ ਅਪਣਾਉਂਦੇ ਸਿੱਧੀਆਂ ਤੇ ਨਾ ਹੀ ਠੁਕਰਾਉਂਦੇ।
ਖ਼ੁਦ ਮਸਤੀ ਵਿੱਚ ਮਸਤ ਸਦਾ ਉਹ ਰਾਮ ਨਾਮ ਜਸ ਗਾਉਂਦੇ॥

ਪੂਰਨ ਕਾਮ ਪਰਮ ਪਰਿਪੂਰਨ ਬ੍ਰਹਮ ਲੋਕ ਦੇ ਤਿਆਗੀ।
ਦਵੈਸ਼ ਹੀਨ ਬੇ -ਫ਼ਿਕਰ,ਦੀਵਾਨੇ,ਪਾਵਨ ਪਰਮ ਵਿਰਾਗੀ॥
ਉਹਨਾਂ ਨੂੰ ਉਲਝਾ ਨਹੀਂ ਸਕਦੇ ਦੀਨ ਦੁਨੀ ਦੇ ਧੰਦੇ।
ਸ਼ੁਭ ਅਸ਼ੁਭ ਤੋਂ ਉੱਪਰ ਹੁੰਦੇ ਬੇਗ਼ਮ ਪੁਰ ਦੇ ਬੰਦੇ॥

ਪਰਉਪਕਾਰ ਸਰੂਪ ਉਨ੍ਹਾਂ ਦਾ ਨਾ ਮਰਦੇ ਨਾ ਜੰਮਦੇ।
ਬ੍ਰਿਖਾਂ ਤੁੱਲ ਅਜਰ ਨੂੰ ਜਰਦੇ ਆਪਣੇ ਆਪ 'ਚ ਰਮਦੇ॥
ਮਹਾਂ ਪਵਿੱਤਰ ਹੁੰਦੇ ਨੇ ਉਹ ਸਿੱਧੇ ਸਾਦੇ ਨਿਰਮਲ।
ਮਾਨ ਰਹਿਤ ਨਿਰਮਾਨ ਅਮਾਨੀ ਕਮਲਾਂ ਤੋਂ ਵੱਧ ਕੋਮਲ॥

ਚੰਗਿਆਈਆਂ ਦੇ ਪੁੰਜ ਸਦਾ ਉਹ ਸਰਵ ਭਾਵ ਤੋਂ ਸੁੰਦਰ।
ਬ੍ਰਹਮ ਰੂਪ ਅੰਮ੍ਰਿਤ ਦੇ ਦਾਤੇ ਗਹਿਰੇ ਦਇਆ ਸਮੁੰਦਰ॥
ਮੁੱਖ ਪ੍ਰਸੰਨ ਪਰਮ ਸੰਤੋਸ਼ੀ ਖ਼ੁਸ਼ੀਆਂ ਵੰਡਦੇ ਹਰ ਪਲ।
ਉਹਨਾਂ ਦੇ ਨੇੜੇ ਨਹੀਂ ਢੁੱਕਦੇ ਮਾਇਆ ਤ੍ਰਿਗੁਣ ਕਲਿਮਲ॥

ਹਰੀ ਕਥਾ ਸ਼ਰਵਣ ਦੇ ਲਈ ਉਹ ਰਹਿੰਦੇ ਸਦਾ ਪਿਆਸੇ।
ਉਹ ਆਪਣੇ ਪ੍ਰੀਤਮ ਨੂੰ ਤੱਕਦੇ ਹਰ ਖਿਨ ਹਰ ਇਕ ਪਾਸੇ॥
ਤੁਰਦੇ ਫਿਰਦੇ ਉੱਠਦੇ ਬਹਿੰਦੇ ਖਾਂਦੇ ਪੀਂਦੇ ਹੱਸਦੇ।
ਹਰ ਹਾਲਤ ਵਿਚ ਪ੍ਰੇਮੀ ਆਪਣੇ ਪਿਆਰੇ ਦੇ ਵਿੱਚ ਵੱਸਦੇ॥

ਇਹੋ ਜਿਹੇ ਵਿਲੱਖਣ ਲੱਖਣ ਹੁੰਦੇ ਜਿਨ੍ਹਾਂ ਅੰਦਰ।
ਪ੍ਰੇਮ ਦੇਵਤਾ ਵਾਸਾ ਰੱਖਦੈ ਉਹਨਾਂ ਦੇ ਮਨ ਮੰਦਰ॥
ਉਹਨਾਂ ਪਾਸੋਂ ਕਰੋ ਪ੍ਰਾਪਤ ਪ੍ਰੇਮ ਪਦਾਰਥ ਭਾਈ।
"ਬ੍ਰਹਮ" ਵਿਚਾਰਾ ਕੀ ਕਰ ਸਕਦੈ ਉਹਨਾਂ ਦੀ ਵਡਿਆਈ॥

o

ਦਵੈਯਾ ਛੰਦ:-

## ਸਤਿ ਸੰਗਤ

ਉਹ ਵਡਭਾਗੀ ਲੋਕ ਜੋ ਕਰਦੇ ਹਰੀ ਕਥਾ ਜਸ ਸਰਵਣ।
ਪ੍ਰੇਮ ਮਗਨ ਹੋ ਸੁਣਦੇ ਜਿਹੜੇ ਪਿਆਰਾ ਹਰੀ ਕੀਰਤਨ॥
ਹਰੀ ਕੀਰਤਨ ਰਚ ਜਾਂਦਾ ਏ ਜਿਸ ਦੇ ਪੋਰੀ ਪੋਰੀ।
ਉਹ ਮਾਲਕ ਨੂੰ ਵੱਸ ਕਰ ਲੈਂਦਾ ਪਾ ਸ਼ਰਧਾ ਦੀ ਡੋਰੀ॥

ਸਤਿ ਸੰਗਤ ਦੀ ਮਹਿਮਾ ਦੇ ਗੁਣ ਜਾਂਦੇ ਨਹੀਂ ਉਚਾਰੇ।
ਬਾਲਮੀਕ ਬਟ -ਮਾਰੇ ਵਰਗੇ ਜਿਸ ਨੇ ਪਾਰ ਉਤਾਰੇ॥
ਮਹਿਕ ਜਾਂਵਦੀ ਜਿਵੇਂ ਵਨਸਪਤਿ ਪਾਕੇ ਵਾਮਨ ਚੰਦਨ।
ਏਂਵੇ ਮਾਨਵ ਮਹਿਕ ਜਾਂਵਦੇ ਕਰ ਸਤਿ ਸੰਗ ਜਗ ਬੰਦਨ॥

ਸਤਿ ਸੰਗਤ ਦੇ ਵਿੱਚੋਂ ਮਿਲਦੀ ਰਾਮ ਮਿਲਣ ਦੀ ਯੁਕਤੀ।
ਪਾਪੀ ਪੁਰਖ ਅਜਾਮਿਲ ਵਰਗੇ ਜਿਸ ਤੋਂ ਪਾ ਗਏ ਮੁਕਤੀ॥
ਇੱਕ ਰਾਜੇ ਖਟਵਾਂਗ ਨੇ ਕੀਤਾ ਸਤਿਸੰਗ ਇੱਕ ਮਹੂਰਤ।
ਇਤਨੇ ਵਿੱਚ ਉਸ ਪ੍ਰਾਪਤ ਕਰ ਲਈ ਬ੍ਰਹਮਨਿਸ਼ਠ ਦੀ ਸੂਰਤ॥

ਸਤਿ ਸੰਗਤ ਦੀ ਸ਼ੋਭਾ ਗਾਉਂਦੇ ਸ਼ੇਸ਼ ਨਾਗ ਤੇ ਸ਼ਾਰਦ।
ਸਤਿ ਪੁਰਖਾਂ ਦਾ ਸੰਗ ਕਰਕੇ ਹੀ ਬਣੇ 'ਦੇਵ ਰਿਖਿ' ਨਾਰਦ॥
ਇਕ ਸਪਤਾਹ ਪ੍ਰੀਕਸ਼ਤ ਜੀ ਨੇ ਸਾਧੂ ਸੰਗਤ ਕੀਤੀ।
ਸਤਿ ਦਿਨਾਂ ਵਿੱਚ ਮਿਲ ਗਈ ਉਸ ਨੂੰ ਵਾਸੁਦੇਵ ਪਦ ਪ੍ਰੀਤੀ॥

ਕੁੰਭਜ ਮੁਨਿ ਪ੍ਰਹਿਲਾਦ ਭੀਲਣੀ ਅਤੇ ਨਿਸ਼ਾਧ ਵਿਭੀਖਨ।
ਗਨਿਕਾ ਗੀਧ ਗਜੇਂਦਰ ਤਾਰੇ ਸਤ ਸੰਗਤ ਨੇ ਅਨਗਿਨ॥
ਸੱਜਣ ਵਰਗੇ ਠੱਗ ਸੁਧਾਰੇ ਕੌਡੇ ਵਰਗੇ ਦਾਨਵ।
ਇਹੋ ਜਿਹੀ ਸਤਿ ਸੰਗਤ ਕਰਕੇ ਤਰਨ ਕਿਵੇਂ ਨਾ ਮਾਨਵ॥
ਏਸੇ ਕਰਕੇ ਹੀ ਗ੍ਰੰਥਾਂ ਵਿੱਚ ਸੰਗਤਿ ਵੱਡੀ ਆਖੀ।
ਕਿਉਂਕਿ ਉਥੇ "ਬ੍ਰਹਮ" ਗਿਆਨ ਦੀ ਜਾਂਦੀ ਗੱਲ ਵਿਆਖੀ॥

O

ਬਰਨਕ ਛੰਦ:-

ਓ!ਦੁਨੀਆਂ ਦਿਆ ਰਾਹੀਆ ਖੜ੍ਹ ਕੇ ਕਰੀਂ ਖਿਆਲ ਜ਼ਰਾ।
ਕੱਢ ਚਿੱਤ ਨੂੰ ਉਲਝਣ ਚੋਂ ਸੁਲਝਣ ਵੱਲ ਡਾਲ ਜ਼ਰਾ॥
ਸੁਣੀਂ ਬਚਨ ਅਨਮੁੱਲ ਜਨਮ ਨਹੀਂ ਹੀਰਾ ਹਰਨਾ ਜੇ।
ਕਰ ਸਤਿ ਸੰਗ ਉਜਾਗਰ ਨਰ ਭਵਸਾਗਰ ਤਰਨਾ ਜੇ॥

ਸਤਿ ਪੁਰਖਾਂ ਦੀ ਸੰਗਤ ਨੀਚੋਂ ਊਚ ਬਣਾਉਂਦੀ ਹੈ।
ਪਦਮ ਪੱਤਰ ਉੱਤੇ ਗਿਰੀ ਬੂੰਦ ਮੋਤੀ ਸਦਵਾਉਂਦੀ ਹੈ॥
ਤੂੰ ਵੀ ਸੰਗਤ ਸੇਵ ਰੂਪ ਮੋਤੀ ਦਾ ਧਰਨਾ ਜੇ।
ਕਰ ਸਤਿ ਸੰਗ ਉਜਾਗਰ ਨਰ ਭਵਸਾਗਰ ਤਰਨਾ ਜੇ॥

ਕਰ ਸੂਰਜ ਦਾ ਸੰਗ ਆਤਸ਼ੀ ਅਗਨਿ ਸਰੂਪ ਬਣੇ।
ਤਿਉਂ ਸੱਜਣ ਦੀ ਸੰਗਤਿ ਕਰ ਨਰ ਰੰਕੋਂ ਭੂਪ ਬਣੇ॥
ਰਹੁ ਸੰਤਨ ਕੇ ਸੰਗ ਨਰਕ ਦੁੱਖ ਤੂੰ ਨਹੀਂ ਜਰਨਾ ਜੇ।
ਕਰ ਸਤਿ ਸੰਗ ਉਜਾਗਰ ਨਰ ਭਵਸਾਗਰ ਤਰਨਾ ਜੇ॥

ਕੌੜਾ ਤੂੰਬਾ ਜਦ ਸੰਗਤ ਵੀਣਾ ਦੀ ਕਰਦਾ ਹੈ।
ਪਦਮਣੀਆਂ ਦੇ ਕੁੱਚ ਕੁੰਕਮ ਛੂੰਹਦਾ ਮਨ ਹਰਦਾ ਹੈ॥
ਸਾਧੂ ਸੰਗਤ ਲੱਭ ਹਰੀ ਦੇ ਸਾਥ ਵਿਚਰਨਾ ਜੇ।
ਕਰ ਸਤਿ ਸੰਗ ਉਜਾਗਰ ਨਰ ਭਵਸਾਗਰ ਤਰਨਾ ਜੇ॥

ਕਰ ਸੋਨੇ ਦਾ ਸੰਗ ਕੱਚ ਮਰਕਤ ਬਣ ਜਾਂਦਾ ਹੈ।
ਤਿਉਂ ਸਤਿ ਸੰਗੀ ਮੂਰਖ ਵੀ ਪੰਡਿਤ ਸਦਵਾਂਦਾ ਹੈ॥
ਸਾਧੂ ਚੰਦਨ ਰੂਪ ਸੰਗ ਕਰ ਤਪਸ਼ੋਂ ਠਰਨਾ ਜੇ।
ਕਰ ਸਤਿ ਸੰਗ ਉਜਾਗਰ ਨਰ ਭਵਸਾਗਰ ਤਰਨਾ ਜੇ॥

ਕਰੇ ਬੁੱਧ ਨੂੰ ਸ਼ੁੱਧ ਪਾਪ ਤੇ ਤਾਪ ਨਸੌਂਦੀ ਹੈ।
ਮਨ ਨੂੰ ਕਰੇ ਅਨੰਦ ਜਗਤ ਵਿੱਚ ਜਸ ਕਰਵੌਂਦੀ ਹੈ॥
ਅਨੁਭਵ ਕਰਕੇ ਵੇਖ ਝਰੌਣਾ ਨਿੱਝਰ ਝਰਨਾ ਜੇ।
ਕਰ ਸਤਿ ਸੰਗ ਉਜਾਗਰ ਨਰ ਭਵਸਾਗਰ ਤਰਨਾ ਜੇ॥

ਆਪਣਾ ਮਨ ਸਮਝੌਣ ਲਈ ਤੈਨੂੰ ਸਮਝਾਇਆ ਮੈਂ।
ਜੱਗ ਜੰਗਲ ਵਿੱਚ ਭੌਂਦੇ ਨੂੰ ਸਿੱਧੇ ਰਾਹ ਪਾਇਆ ਮੈਂ॥
ਸਤਿ ਸੰਗਤ ਸਰ ਨ੍ਹਾ ਲੈ ਫਿਰ ਨਹੀਂ ਜੰਮਣਾ ਮਰਨਾ ਜੇ।
ਕਰ ਸਤਿ ਸੰਗ ਉਜਾਗਰ ਨਰ ਭਵਸਾਗਰ ਤਰਨਾ ਜੇ॥

ਜ਼ਾਹਿਰਾ ਫਲ ਦੇਖਣ ਲਈ ਤੇਰਾ ਕਰੇ ਮਿਜ਼ਾਜ ਕਦੇ।
ਪੁੱਛ ਅਮੋਲਕ ਸਿੰਘ ਨੂੰ ਜਾ ਕਰ ਪਿੰਡ ਥਰਾਜ ਕਦੇ॥
"ਬ੍ਰਹਮਦੇਵ" ਬਣ ਸਤਸੰਗੀ ਮੁੱਖ ਉੱਜਲ ਕਰਨਾ ਜੇ।
ਕਰ ਸਤਿ ਸੰਗ ਉਜਾਗਰ ਨਰ ਭਵਸਾਗਰ ਤਰਨਾ ਜੇ॥

o

ਦਵੈਯਾ ਛੰਦ:-

## ਮਾਇਆ ਤੇ ਮਾਇਆ ਦਾ ਪਰਿਵਾਰ

ਪਾਪਣ ਪਾਜਣ ਔਰਤ ਹੈ ਇੱਕ ਮੋਹ ਮੁੰਡੇ ਦੀ ਨਾਨੀ।
ਮਾਇਆ ਅਤੇ ਅਵਿੱਦਿਆ ਕਹਿ ਕੇ ਵੇਦਾਂ ਵਿੱਚ ਬਿਆਨੀ॥
ਇਹ ਤ੍ਰਿਗੁਣ ਮਈ ਬੜੀ ਦੁਸ਼ਟ ਹੈ ਅਦਭੁਤ ਸ਼ਕਤੀਸ਼ਾਲੀ।
ਕੁੱਲ ਸ਼ਰਾਰਤ ਦੀ ਜੜ੍ਹ ਇਹ ਹੈ ਮਹਾਂਦੇਵ ਦੀ ਸਾਲੀ॥

ਉਤਪਤਿ ਪਾਲਣ ਨਾਸ਼ ਜਗਤ ਦਾ ਏਹੋ ਨਟਨੀ ਕਰਦੀ।
ਅਸਲ ਵਿੱਚ ਇਹ ਇੱਛਾ ਸ਼ਕਤੀ ਹੈ ਉਸ ਜਾਦੂਗਰ ਦੀ॥
ਬੀਜ ਰੂਪ ਵੀ ਇਸਨੂੰ ਕਹਿੰਦੇ ਕੁਦਰਤ ਤੇ ਪ੍ਰਕਿਰਤੀ।
ਭਰਮ ਅਤੇ ਅਧਿਆਸ ਵੀ ਇਹ ਹੈ ਨੇਚਰ ਹਉਂ ਪ੍ਰਵਿਰਤੀ॥

ਕਾਲ ਚੱਕਰ ਤੇ ਮਿੱਥਿਆ ਚੰਚਲ ਅਕੱਥ ਕਥਾ ਵੀ ਇਹ ਹੈ।
ਏਹੋ ਕਾਰਣ ਪਰਿਵਰਤਣ ਦਾ ਜਥਾ ਤਥਾ ਵੀ ਇਹ ਹੈ॥
ਸ਼ਕਤੀ ਭਾਵੀ ਅਨਬਚਨੀ ਇਹ ਧਾਤੂ ਰੂਪ ਇਹ ਹੋਨੀ।
ਗੀਤਾ ਵਿੱਚ ਕ੍ਰਿਸ਼ਨ ਜੀ ਕਹਿੰਦੇ ਏਸੇ ਨੂੰ ਹੀ ਜੋਨੀ॥

ਆਸ਼ਾ ਤ੍ਰਿਸ਼ਨਾ ਨਾਗਿਨ ਹੈ ਇਹ ਮੋਮੋ ਠੱਗਨੀ ਮੋਹਣੀ।
ਸਾਰੇ ਜੱਗ ਦੀ ਰੰਨ ਵੇਸਵਾ ਉੱਪਰੋਂ ਉੱਪਰੋਂ ਸੋਹਣੀ॥
ਨਖਰੇ ਬਾਜ਼ ਮਿਜਾਜਣ ਹੈ ਇਹ ਨਾ ਹਾਂ ਹੈ,ਨਾ ਨ੍ਹਾਂ ਹੈ।
"ਬ੍ਰਹਮਦੇਵ" ਸੰਤਾਂ ਦੀ ਵੈਰਨ ਮਨ ਮੁੰਡੇ ਦੀ ਮਾਂ ਹੈ॥

ਜੋ ਭਗਵਾਨ ਮਹਾਨ ਅਪਰ ਪਰ ਸਤਿ ਚਿੱਤ ਸੁਖ ਨਿਕੇਤਨ।
ਉਸ ਪ੍ਰਭੂ ਦੀ ਇਹ ਨਿੱਤ ਸ਼ਕਤੀ ਹੈ ਉਸ ਬਿਨ ਚੁੱਪ ਅਚੇਤਨ॥
ਤਿੰਨ ਗੁਣਾਂ ਦੀ ਰੱਸੀ ਵੱਟ ਕੇ ਸਭ ਦੇ ਗਲ ਵਿੱਚ ਪਾਉਂਦੀ।
ਜਿਹੜਾ ਸ਼ਰਣ ਹਰੀ ਦੀ ਜਾਂਦਾ ਉਸ ਨੂੰ ਨਹੀਂ ਬੁਲਾਉਂਦੀ॥

ਮਨ ਮੋਹ ਮਾਨ ਮਦ ਮੈਂ ਮਤਸਰ ਕਾਮ ਕ੍ਰੋਧ ਅਹੰਕਾਰ।
ਲੋਭ ਪਖੰਡ ਕਪਟ ਛਲ ਹਿੰਸਾ ਤ੍ਰਿਸ਼ਨਾ ਝੂਠ ਪਸਾਰ॥

ਆਲਸ ਰਾਗ ਦਵੈਸ਼ ਈਰਖਾ ਅਤੇ ਅਸ਼ਰਧਾ ਨਿੰਦਿਆ।
ਸੰਸਾ ਭਰਮ ਤੇ ਮਿੱਥਿਆ ਦ੍ਰਿਸ਼ਟੀ ਧਨ ਇੱਜ਼ਤ ਦੀ ਚਿੰਦਿਆ॥
ਦੁਬਿਧਾ ਅਤੇ ਕੁਤਰਕੀ ਬੁੱਧੀ ਬੇ -ਸੰਤੋਖ ਦੁਖੀ ਮਨ।
ਮਦਿਰਾ ਮਾਸ ਵੇਸ਼ਯਾ ਭੋਗਣ ਦੁਸ਼ਟ ਸੰਗ ਵਹਿਸ਼ੀਪਣ॥

ਵੇਦ ਸੰਤ ਸਤਿਗੁਰ ਦੀ ਨਿੰਦਿਆ ਝੂਠੀ ਕੌੜੀ ਬਾਣੀ।
ਚੋਰੀ ਚੁਗਲੀ ਮਿੱਤਰ ਦ੍ਰੋਹੀ ਠੱਗੀ ਬੇਈਮਾਨੀ॥
ਇਹੋ ਜਿਹੇ ਖਲ ਦੁਸ਼ਟ ਅਨੇਕਾਂ ਦੁਰਗੁਣ ਨੌਕਰ ਚਾਕਰ।
"ਬ੍ਰਹਮਦੇਵ" ਮਾਇਆ ਠਕੁਰਾਣੀ ਚੁੱਪ ਚਾਪ ਹੈ ਠਾਕੁਰ॥

○

# ਅਨਅਧਿਕਾਰੀ

ਜਿਸ ਵਿਅਕਤੀ ਦੇ ਅੰਦਰ ਭਾਈ ਇਹ ਕਮੀਆਂ ਜਾਂ ਲੋੜਾਂ।
ਉਸ ਨੂੰ ਬ੍ਰਹਮ ਗਿਆਨ ਨਹੀਂ ਹੁੰਦਾ ਧਰ ਧਰ ਜਨਮ ਕਰੋੜਾਂ॥
ਰਜੋ ਤਮੋ ਵਿੱਚ ਜੋ ਨਰ ਉਲਝਿਆ ਮਰਯਾਦਾ ਨੂੰ ਭੰਨਦਾ।
ਦੂਜਿਆਂ ਦੇ ਧਰਮਾਂ ਨੂੰ ਨਿੰਦਦਾ ਆਪਣੇ ਨੂੰ ਨਹੀਂ ਮੰਨਦਾ॥

ਚਮਤਕਾਰ ਵਾਲਿਆਂ ਨੂੰ ਜਿਹੜਾਂ ਕਹਿੰਦਾ ਬ੍ਰਹਮ ਗਿਆਨੀ।
ਉਹ ਮਨਮੁੱਖ ਨਰ ਅਨਅਧਿਕਾਰੀ ਚੰਚਲ ਦੇਹ ਅਭਿਮਾਨੀ॥
ਬੀਤ ਗਈਆਂ ਨੂੰ ਚੇਤੇ ਕਰ ਕਰ ਸਮਾਂ ਨਸ਼ਟ ਜੋ ਕਰਦਾ।
ਮਨ ਵਿੱਚ ਭੋਗ ਲਾਲਸਾ ਜਿਸ ਦੇ ਉਹ ਜੰਮਦਾ ਤੇ ਮਰਦਾ॥

ਸਤਿ ਸੰਗਤ ਤੇ ਸਤਿਪੁਰਖਾਂ ਦੀ ਜੋ ਨਹੀਂ ਕਰਦਾ ਸੇਵਾ।
ਉਸ ਨੂੰ ਨਹੀਂ ਕਦੇ ਵੀ ਮਿਲਦਾ ਮੁਕਤ ਮਹਾਂ ਪਦ ਮੇਵਾ॥
ਭਗਵੇਂ ਚਿੱਟੇ ਨੀਲ਼ੇ ਕਾਲੇ ਪਹਿਨ ਪਹਿਨ ਕੇ ਬਾਣੇ।
ਬ੍ਰਹਮ ਗਿਆਨ ਡਰਾਮਾ ਸਮਝਿਆ ਅੱਜ ਕੱਲ੍ਹ ਕਈ ਲੋਕਾਂ ਨੇ॥

ਉੱਤਮ ਪੰਥ ਸੰਤ ਮੱਤ ਜੱਗ ਵਿੱਚ ਗੰਗਾ ਤੋਂ ਵੀ ਨਿਰਮਲ।
ਖਵਰੈ ਕਿਉਂ ਅਪਵਿੱਤਰ ਇਸਨੂੰ ਕਰਦੇ ਨੇ ਇਹ ਖਲ ਦਲ॥
ਨਾ ਸੁਣਦੇ ਨਾ ਸੁਣ ਕੇ ਮੰਨਦੇ ਨਾ ਬਣਦੇ ਅਭਿਆਸੀ।
ਇਸ ਬਿਧ ਭੁੱਲੜੋ ਕੀਕਣ ਹੋਸੀ ਜੱਗ ਤੋਂ ਬੰਧ ਖਲਾਸੀ॥
ਨਾ ਗੁਣ ਗਿਆਨ ਨਾ ਭਗਤੀ ਪੂਜਾ ਨਾ ਸੇਵਾ ਦੀ ਜੁਗਤੀ।
"ਬ੍ਰਹਮ" ਪੁੱਛਦੈ ਬ੍ਰਹਮ ਬੋਧ ਬਿਨ ਕਿਵੇਂ ਮਿਲੂਗੀ ਮੁਕਤੀ॥

ਦਵੈਯਾ ਛੰਦ:-

## ਸੁਮਾਰਗ

ਜੇ ਹੈ ਮਨ ਵਿੱਚ ਤੀਬਰ ਇੱਛਾ ਛੁਟਕਾਰੇ ਦੀ ਭਾਈ।
ਵੇਖ ਲਈ ਅਜ਼ਮਾ ਕੇ ਦੁਨੀਆਂ ਨਹੀਂ ਰਾਸ ਜੇ ਆਈ॥
ਹੁਣ ਜੇ ਤੁਸੀਂ ਮਿਟਾਉਣਾ ਚਾਹੁੰਦੇ ਮੋਹ ਮਾਇਆ ਦੀਆਂ ਮਰਜ਼ਾਂ।
"ਬ੍ਰਹਮਦੇਵ" ਤਾਂ ਅੱਗੇ ਲਿਖੀਆਂ ਪੜ੍ਹੋ ਮੇਰੀਆਂ ਅਰਜ਼ਾਂ॥

ਪਰਮ ਵਿਰਾਗ ਵਿਵੇਕ ਸ਼ਾਂਤੀ ਸ਼ਰਧਾ ਨਿਸ਼ਚਾ ਸ਼ਮ ਦਮ।
ਅਨਾਸਕਤਿ ਤੇ ਸਹਿਨਸ਼ੀਲਤਾ ਮਨ ਚੋਂ ਕੱਢਣੇ ਰਜ ਤਮ॥
ਖਿਮਾ ਅਹਿੰਸਾ ਸਤਿ ਸੰਸ਼ੋਧਨ ਧੀਰਜ ਨਿਰਮਲ ਬੁੱਧੀ।
ਇੰਦਰੀਆਂ ਪਰ ਕਾਬੂ ਪਾਉਣਾ ਤਨ ਮਨ ਧਨ ਦੀ ਸ਼ੁਧੀ॥

ਬ੍ਰਹਮ ਵਿੱਦਿਆ ਪੜ੍ਹਨੀ ਸੁਣਨੀ ਰੱਖਣੀ ਬ੍ਰਹਮ ਦ੍ਰਿਸ਼ਟੀ।
ਮਨ ਅੰਦਰ ਨਹੀਂ ਉਪਜਣ ਦੇਣੀ ਕਾਮ ਕ੍ਰੋਧ ਦੀ ਸ੍ਰਿਸ਼ਟੀ॥
ਉੱਠਦੇ ਬਹਿੰਦੇ ਪੈਂਦੇ ਕਰਨਾ ਓਮਕਾਰ ਦਾ ਚਿੰਤਨ।
ਪਰਮ ਬ੍ਰਹਮ ਦੀ ਚੋਰਚਾ ਕਰਨੀ ਘੰਟੇ ਘੜੀਆਂ ਖਿਨ ਖਿਨ॥

ਸ਼ਰਵਣ ਅਤੇ ਕੀਰਤਨ ਹਰਿ ਦਾ ਹਰੀ ਓਮ ਦਾ ਸਿਮਰਨ।
ਪ੍ਰੇਮਾ ਭਗਤੀ ਦੇ ਵਿੱਚ ਕਰਨਾ ਸਾਹ ਸਾਹ ਉਸ ਦਾ ਚਿੰਤਨ॥
ਦਾਸਨ ਦਾਸ ਰਾਮ ਦਾ ਹੋਣਾ ਸਭ ਕੁਝ ਅਰਪਣ ਕਰਕੇ।
ਮਨ ਵਿਚੋਂ ਧਿਆਨ ਵੀ ਉਸ ਦਾ ਕਰਨਾ ਸ਼ਰਧਾ ਵਿੱਚ ਭਰ ਭਰ ਕੇ॥

ਉਸ ਮਾਲਕ ਨੂੰ ਅੰਗ ਸੰਗ ਮੰਨਣਾ ਅੰਦਰ ਬਾਹਰ ਅਚਰ ਚਰ।
ਸਤਿਗੁਰ ਤੇ ਪ੍ਰਮੇਸ਼ਰ ਦੇ ਵਿੱਚ ਰੱਖਣਾ ਭਾਵ ਬਰਾਬਰ॥
ਉੱਚੀ ਸੁੱਚੀ ਕਿਰਤ ਕਮੌਣੀ ਸਾਧ ਸੰਤ ਦੀ ਸੇਵਾ।
ਗੁਰਮੁਖ ਹੋ ਚੁੱਪ ਚਾਪ ਵਿਚਰਨਾ ਹਿਰਦੇ ਵਿੱਚ ਗੁਰਦੇਵਾ॥

ਨਿਰਮਲ ਚਿੱਤ ਤੇ ਕੋਮਲ ਬਾਣੀ ਰੱਬ ਦੇ ਸਨਮੁੱਖ ਰਹਿਣਾ।
ਬਿਰਖਾਂ ਅਤੇ ਪਹਾੜਾਂ ਵਾਂਗੂੰ ਦੁੱਖ ਦਵੰਦਾ ਨੂੰ ਸਹਿਣਾ॥

ਮਤਿ ਉੱਚੀ ਮਨ ਨੀਂਵਾ ਰੱਖਣਾ ਨਹੀਂ ਜਨਾਉਣਾ ਆਪਾ।
ਨੀਂਵੇ ਜੱਗ ਬੇਫਿਕਰ ਵਿਚਰਦੇ ਉੱਚਿਆਂ ਨੂੰ ਸੌ ਸਿਆਪਾ॥

ਥੋੜਾ ਖਾਣਾ ਤੇ ਘੱਟ ਸੌਣਾ ਛੱਡਣੇ ਭੋਗ ਵਿਲਾਸ।
ਦੁਨੀਆਂ ਵਿੱਚ ਦਖ਼ਲ ਨਹੀਂ ਦੇਣਾ ਰਹਿਣਾ ਸਦਾ ਉਦਾਸ॥
ਮੌਜ ਮਗਨ ਪ੍ਰਸੰਨ ਚਿੱਤ ਰਹਿਣਾ ਬੜੀ ਚੀਜ਼ ਹੈ ਮਸਤੀ।
ਬ੍ਰਹਮ ਗਿਆਨੀ ਦੇ ਲਈ ਇਕ ਨੇ ਜੰਗਲ ਮਰਘਟ ਬਸਤੀ॥

ਨੰਗ ਮਲੰਗ ਲਫੰਗਾ ਜਿਸ ਨੂੰ ਪਾਗਲ ਕਹੇ ਜ਼ਮਾਨਾ।
ਉਹ ਸਵੈ ਆਤਮ ਸੁੱਖ ਭੋਗਦੈ ਗਿਆਨ ਮਸਤ ਮਸਤਾਨਾ॥
ਸਬਰ ਸ਼ੁਕਰ ਨੂੰ ਧਾਰਨ ਕਰਨਾ ਤਮ੍ਹਾ ਡੈਣ ਤੋਂ ਬਚਣਾ।
ਤੇਰਾ ਫਿਕਰ ਓਸ ਕਰਤੇ ਨੂੰ ਜਿਸ ਦੀ ਹੈਂ ਤੂੰ ਰਚਨਾ॥

ਝੂਠੀ ਸ਼ੋਕ ਕਲਪਣਾ ਕਰਕੇ ਸਮਾਂ ਨਸ਼ਟ ਨਹੀਂ ਕਰਨਾ।
ਚੜ੍ਹਦੀ ਕਲਾ ਹਮੇਸ਼ਾ ਰੱਖਣੀ ਅਤੇ ਅਜਰ ਨੂੰ ਜਰਨਾ॥
ਸਭ ਦੇ ਨਾਲ ਮਿੱਤਰਤਾ ਪਾਉਣੀ ਸਾਂਝੀ ਵਾਲ ਸਦਾਉਣਾ।
ਮਜ਼ਲੂਮਾਂ ਦੀ ਰਾਖੀ ਕਰਨੀ ਧਰਮ ਹੇਤ ਸਿਰ ਲੌਣਾ॥

ਲਾਲਚ ਤਜ ਸੰਤੋਖੀ ਹੋਣਾ ਸਭ ਵਿੱਚ ਵੰਡ ਕੇ ਛਕਣਾ।
ਮਾਨਵਤਾ ਦੀ ਖਿਦਮਤ ਕਰਨੀ ਨਾ ਅੱਕਣਾ ਨਾ ਥੱਕਣਾ॥
ਭੁੱਲ ਕੇ ਨਹੀਂ ਕੁਸੰਗਤਿ ਕਰਨੀ ਸਤਿ ਸੰਗਤ ਵਿੱਚ ਜਾਣਾ।
ਹਾਨੀ ਲਾਭ ਸਮਾਨ ਸਮਝਣੇ ਮਿੱਠਾ ਮੰਨਣਾ ਭਾਣਾ॥

ਨਾਰਾਇਣ ਸਤਿਗੁਰ ਦੀ ਨਿੰਦਿਆ ਨਾ ਸੁਨਣੀ ਨਾ ਮੰਨਣੀ।
ਉੱਚਾ ਸੁੱਚਾ ਜੀਵਨ ਰੱਖਣਾ ਮਰਯਾਦਾ ਨਹੀਂ ਭੰਨਣੀ॥
ਵਿਦਵਾਨ ਵੀ ਆ ਜਾਂਦੇ ਨੇ ਇਸ ਮਾਇਆ ਦੇ ਛਲ ਵਿੱਚ।
ਸਾਵਧਾਨ ਹੋ ਰਹਿਣਾ ਸੁਹਣਿਆਂ ਕੰਵਲ ਫੁੱਲ ਜਿਉਂ ਜਲ ਵਿੱਚ॥

ਹੁਕਮ ਵਿੱਚ ਹੁਕਮੀ ਦੇ ਰਹਿਣਾ ਭਾਵ ਭਰੀ ਅਰਦਾਸ।
ਗੁਰ ਦੀਖਿਆ ਲੈ ਕਰਨਾ ਅਨਦਿਨ ਸੁਰਤ ਸ਼ਬਦ ਅਭਿਆਸ॥
ਅੰਤਰ ਆਤਮ ਆਤਮ ਖੋਜੋ ਤਿਆਗੋ ਮਾਇਆ ਛਾਇਆ।
ਉੱਠੋ ਤੱਕੋ ਉਸ ਪ੍ਰੀਤਮ ਨੂੰ ਜੋ ਕਣ ਕਣ ਵਿੱਚ ਸਮਾਇਆ॥

ਅਹੁ ਵੇਖੋ ਉਹ ਸੱਦਦਾ ਮਾਹੀ ਦੋਵੇਂ ਭੁਜਾ ਫੈਲਾ ਕੇ।
ਵੇਖੋ!ਵੇਖੋ!! ਵੇਖ ਰਿਹਾ ਉਹ ਤੁਹਾਡੇ ਵੱਲ ਮੁਸਕ੍ਰਾਕੇ॥
ਉਸ ਦੇ ਵੇਖਣ ਲਈ ਪਰਵਾਨਿਓਂ ਪ੍ਰਾਣਾਂ ਦਾ ਨਿਹੁੰ ਤਿਆਗੋ।
ਮੋਹ ਦੀ ਗੂੜ੍ਹੀ ਨੀਂਦਰ ਸੁੱਤਿਓ ਕਰਮਾਂ ਵਾਲਿਓ ਜਾਗੋ॥

ਮਦਿਰਾ ਆਦਿ ਤਿਆਗੋ ਦੁਰਗੁਣ ਡਿੱਗੋ ਨਾ ਈਮਾਨੋ।
ਵੇਖ ਪਰਾਈ ਸੁਘੜ ਸੁੰਦਰੀ ਮਾਂ ਤੇ ਭੈਣ ਤੁੱਲ ਜਾਣੋਂ॥
ਮਿੱਟੀ ਲੋਹੇ ਵਾਂਗੂੰ ਸਮਝੋ ਵੇਖ ਕਿਸੇ ਦਾ ਸੋਨਾ।
ਜਪ ਤਪ ਸੰਜਮ ਸਾਧਨ ਕਰ ਕਰ ਮੈਲੀ ਰੂਹ ਨੂੰ ਧੋਨਾ॥

ਲੋਕਾਂ ਦੀ ਨਾ ਇੱਕ ਵੀ ਮੰਨੋ ਲੱਖ ਕਰਨ ਇਹ ਗੱਲਾਂ।
ਚੰਗੇ ਰਾਹ ਵਿੱਚ ਟੁਰਨ ਲੱਗਿਆਂ ਕਈ ਪੈਂਦੀਆਂ ਠੱਲਾਂ॥
ਬ੍ਰਹਮ ਗਿਆਨ ਅਨਮੋਲ ਲਾਲ ਹੈ ਔਖੇ ਹੋ ਕੇ ਮਿਲਦੈ।
ਇਸ ਚੋਟੀ ਪਰ ਚੜ੍ਹਨ ਲੱਗਿਆਂ ਕਈ ਵਾਰ ਮਨ ਹਿੱਲਦੈ॥

ਅਚਰਜ ਸੁੱਖ ਵਿਸਮਾਦ ਨਾਦ ਹੈ ਸੰਤਾਂ ਕੀਤਾ ਜ਼ਾਹਰ।
ਉਹ ਤੁਹਾਡੇ ਅੰਦਰ ਵੱਸਦੈ ਜਿਸ ਨੂੰ ਲੱਭਦੇ ਬਾਹਰ॥
ਉਸ ਮਾਲਕ ਦਾ ਇਹ ਸੁਨੇਹਾ ਦੱਸਣਾ ਧਰਮ ਅਸਾਡਾ।
ਮੰਨਣਾ ਜਾਂ ਨਾ ਮੰਨਣਾ ਵੀਰੋ ਇਹ ਹੈ ਫ਼ਰਜ਼ ਤੁਹਾਡਾ॥

ਖੰਡਿਤ ਚੰਚਲ ਸੁੱਖ ਜਗਤ ਦੇ ਬ੍ਰਹਮ ਅਨੰਦ ਅਖੰਡਿਤ।
ਇਸ ਕਰਕੇ ਹੀ ਉੱਤਮ ਇਸ ਨੂੰ ਕਹਿੰਦੇ ਕੋਬਿਦ ਪੰਡਿਤ॥
ਸੁਖ ਸਾਗਰ ਪਰਮਾਤਮ ਸੁੱਖ ਹੈ ਜੱਗ ਦੇ ਸੁੱਖ ਲਵਲੇਸ਼।
ਜਨਮ ਮਰਣ ਦਾ ਕਾਰਣ ਜੱਗ ਸੁੱਖ ਇਸ ਵਿੱਚ ਕਸ਼ਟ ਕਲੇਸ਼॥

ਬ੍ਰਹਮ ਸੁੱਖ ਸਰਵੱਤਰ ਮਿਲਦਾ ਅਦਭੁਤ ਸਵਾਦ ਸਦਾ ਹੈ।
ਜੱਗ ਸੁੱਖ ਜਿਉਂ ਬੱਦਲਾਂ ਵਿੱਚ ਬਿਜਲੀ ਬਾਂਦਰ ਜਿਹੀ ਅਦਾ ਹੈ॥
ਲੇਕਿਨ ਫਿਰ ਵੀ ਜੱਗ ਸੁੱਖ ਜ਼ਿਆਦਾ ਕਿਉਂ ਪ੍ਰਾਣੀ ਅਪਨਾਉਂਦੇ।
ਇਸ ਦੇ ਵਿੱਚ ਵੀ ਸੰਤ ਮੁਨੀ ਜਨ ਕਾਰਣ ਇੱਕ ਬਤਾਉਂਦੇ॥

ਪਾਣੀ ਦੇ ਵਿੱਚ ਰਹਿੰਦੀ ਮੱਛਲੀ ਨੀਰ ਬਿਨਾਂ ਨਹੀਂ ਜੀਂਦੀ।
ਫਿਰ ਵੀ ਕਹਿੰਦੇ ਉਲਟੀ ਹੋ ਕੇ ਜਲ ਹੈ ਮੱਛੀ ਪੀਂਦੀ॥

ਉਲਟੀ ਹੋਏ ਬਿਨਾਂ ਮੀਨ ਜਿਉਂ ਪੀ ਨਹੀਂ ਸਕਦੀ ਪਾਣੀ।
ਏਵੇਂ ਹੀ ਗੱਲ ਬ੍ਰਹਮ ਸੁੱਖ ਦੀ ਸੰਤਾਂ ਨੇ ਵਖਿਆਣੀ॥

ਇਹ ਸੰਸਾਰ ਸਮੁੰਦਰ ਤੁੱਲ ਹੈ ਮੱਛੀ ਵਾਂਗ ਮਨੁੱਖ ਹੈ।
ਬ੍ਰਹਮ ਸੁੱਖ ਹੈ ਅੰਦਰ ਇਸਦੇ ਬਾਹਰ ਜੱਗ ਦਾ ਸੁੱਖ ਹੈ॥
ਜਿਤਨਾ ਚਿਰ ਨਰ ਉਲਟਾ ਹੋ ਕੇ ਅੰਦਰ ਨੂੰ ਨਹੀਂ ਮੁੜਦਾ।
ਛੱਡ ਕੇ ਪਕੜ ਪ੍ਰੀਤ ਜੱਗ ਦੀ ਰਾਮ ਨਾਲ ਨਹੀਂ ਜੁੜਦਾ॥

ਉਤਨਾ ਚਿਰ ਨਹੀਂ ਪੀ ਸਕਦਾ ਨਰ ਅਦਭੁਤ ਅੰਮ੍ਰਿਤ ਪਾਣੀ।
ਗੁਰਮੁਖ ਦੀ ਹੀ ਸਮਝ ਪਵੇਗੀ ਇਹ ਅਨੁਭਵ ਦੀ ਬਾਣੀ॥
ਸਤਿਗੁਰ ਹੀ ਕਰਵਾ ਸਕਦੇ ਨੇ ਅਗਮ ਅਲੱਖ ਦਾ ਅਨੁਭਵ।
"ਬ੍ਰਹਮਦੇਵ" ਬਿਨ ਪੂਰੇ ਮੁਰਸ਼ਿਦ ਦਿਸਦਾ ਨਹੀਂ ਉਹ ਪ੍ਰਣਵ॥

ਸੋਚਾਂ,ਸਮਝਾਂ ਵਾਲਿਓ ਸਿਆਣਿਓ!ਪਰਮੇਸ਼ਵਰ ਹੈ ਦਰਪਣ।
ਜਿਸ ਦੇ ਵਿੱਚ ਪ੍ਰਤੀਬਿੰਬਿਤ ਹੁੰਦਾ ਪ੍ਰਕਿਰਤੀ ਦਾ ਕਣ ਕਣ॥
ਜ਼ੱਰੇ ਜ਼ੱਰੇ ਦੇ ਵਿੱਚ ਵੱਸਦੈ ਉਹ ਪਿਆਰਾ ਵਣ ਮਾਲੀ।
ਬਾਹਰੋਂ ਵੇਖਣ ਵਿੱਚ ਨਹੀਂ ਆਉਂਦਾ ਜਿਉਂ ਮਹਿੰਦੀ ਦੀ ਲਾਲੀ॥
ਹਰ ਸ਼ੈ ਵਿੱਚੋਂ ਝਲਕ ਰਿਹਾ ਹੈ ਉਸ ਦਾ ਨੂਰ ਨਜ਼ਾਰਾ।
ਕਲੀ ਕਲੀ 'ਚੋਂ ਹੱਸ ਰਿਹਾ ਉਹ ਪ੍ਰੀਤਾਂ ਦਾ ਵਣਜਾਰਾ॥

ਤਰਕ ਦਲੀਲਾਂ ਵਿੱਚ ਪੈਕੇ ਕਿਉਂ ਕਰਦੇ ਝਗੜੇ ਝੇੜੇ।
ਆਖ਼ਿਰ ਇੱਕੋ ਪੱਤਣ ਉੱਤੇ ਲੱਗਦੇ ਸਾਰੇ ਬੇੜੇ॥
ਜੀਕਣ ਸਾਗਰ ਵਿੱਚ ਜਾ ਡਿੱਗਦੇ ਸਾਰੇ ਨਦੀਆਂ ਨਾਲੇ।
ਏਂਵੇ ਹੀ ਇੱਕ ਜਗ੍ਹਾ ਪਹੁੰਚਦੇ ਸਾਰੇ ਧਰਮਾਂ ਵਾਲੇ॥

ਪੁੱਛਣ ਦੱਸਣ ਵਿੱਚ ਪੈ ਕੇ ਕਿਉਂ ਸੁਹਣਿਓਂ ਸਮਾਂ ਗਵਾਂਦੇ।
ਉੱਠੋ! ਤੁਰੋ!! ਤੇ ਤੁਰਕੇ ਵੇਖੋ ਸਭ ਰਾਹ ਉਸ ਵੱਲ ਜਾਂਦੇ॥
ਕਈ ਵਾਰ ਧੋਖਾ ਖਾ ਜਾਂਦੇ ਵੱਡੀਆਂ ਅਕਲਾਂ ਵਾਲੇ।
ਭੋਲੇ ਭਾਲੇ ਪੀ ਜਾਂਦੇ ਨੇ ਭਰ ਭਰ ਪ੍ਰੇਮ ਪਿਆਲੇ॥

ਆਪਣਾ ਪਤਾ ਗਵਾ ਕੇ ਹੈ ਫਿਰ ਪਤਾ ਓਸ ਦਾ ਮਿਲਦਾ।
ਸਿਰ ਦੇ ਬਦਲੇ ਰਸਤਾ ਮਿਲਦਾ ਮਹਿਰਮ ਦੀ ਮਹਿਫ਼ਲ ਦਾ॥

ਜਿਸ ਦੀ ਖੋਜ 'ਚ ਲਾਉਣੇ ਪੈਂਦੇ ਬ੍ਰਹਿਮੰਡਾਂ ਦੇ ਗੇੜੇ।
ਜਦੋਂ ਮਿਲਣ ਵਿੱਚ ਆਉਂਦੈ,ਮਿਲਦੈ ਸ਼ਾਹਰਗ ਤੋਂ ਵੀ ਨੇੜੇ॥

ਜੇ ਕਰ ਖ਼ੁਸ਼ੀ ਪ੍ਰਾਪਤ ਕਰਨਾ ਚਾਹੁੰਦੇ ਹੋ ਕਰਤਾ ਦੀ।
ਤਾਂ ਫਿਰ ਰੀਤੀ ਧਾਰੋ ਭਾਈ ਨਾਰੀ ਪਤਿਵਰਤਾ ਦੀ॥
ਸਭ ਕੁਝ ਜਿਵੇਂ ਸਮਰਪਣ ਕਰਦੀ ਪਤੀ ਦੇਵ ਨੂੰ ਨਾਰੀ।
ਏਵੇਂ ਅਰਪਣ ਕਰੋ ਹਰੀ ਨੂੰ ਆਪਣੀ ਹਉਮੈ ਸਾਰੀ॥

ਯੱਗ,ਦਾਨ ਤੇ ਕਠਿਨ ਤਪੱਸਿਆ,ਭਗਤੀ,ਸਿਮਰਨ,ਚਿੰਤਨ।
ਤਨ,ਮਨ,ਧਨ ਦੁਨੀਆਂ ਦੀ ਸ਼ੋਭਾ ਸਭ ਕੁਝ ਕਰੋ ਸਮਰਪਣ॥
ਜਦੋਂ ਤਿਆਗ ਦਿਉਂਗੇ ਉਸ ਲਈ ਦੁਬਿਧਾ ਦੁਨੀਆਂ ਕੋਝੀ।
ਫਿਰ ਉਹ ਸਾਨੂੰ ਦੇ ਦੇਵੇਗਾ ਸਵੈ ਸਰੂਪ ਦੀ ਸੋਝੀ॥

ਹੇ ਗੋਬਿੰਦ,ਹੇ ਕ੍ਰਿਪਾ ਸਿੰਧੂ,ਨਾਰਾਇਣ ਹੇ ਸਵਾਮੀ।
ਇੱਕ ਰਸ,ਨਿਰ ਵਿਕਾਰ,ਅਬਿਨਾਸੀ ਘਟ ਘਟ ਅੰਤਰਜਾਮੀ॥
ਨਮੋ ਨਮੋ ਸਰਵੱਗ,ਸਰਵਜਿੱਤ,ਨਰ ਹਰਿ ਤੇਰੀ ਜੈ ਹੋ।
ਅਮਿਤ,ਅਜਿੱਤ,ਅਜੋਨੀ,ਪ੍ਰਭੂ ਸੁਖ ਕਰ ਤੇਰੀ ਜੈ ਹੋ॥

ਵੇਦ ਪੁਰਾਣਾਂ ਵਿੱਚ ਜਗਦਾਤਮ ਤੇਰਾ ਹੀ ਜਸ ਗਾਇਆ।
ਦੁਨੀਆਂ ਭਰ ਦੇ ਵਿਦਵਾਨਾਂ ਨੇ ਹੈ ਤੈਨੂੰ ਵਡਿਆਇਆ॥
ਬ੍ਰਹਮਾ,ਅਗਨੀ,ਸੂਰਜ,ਇੰਦਰ,ਵਰਣ ਕੁਬੇਰ ਮਹੇਸਰ।
ਤੇਰੇ ਹੀ ਪ੍ਰਤੀਬਿੰਬ ਨੇ ਸਾਰੇ ਮਹਾਂਬਿੰਬ ਪਰਮੇਸ਼ਰ॥

ਜੋ ਨਹੀਂ ਕਰਦੇ ਭਜਨ ਆਪ ਦਾ ਨਰ ਦੇਹੀ ਵਿੱਚ ਆਕੇ।
ਉਹ ਮੂਰਖ ਤੁਰ ਜਾਂਦੇ ਏਥੋਂ ਬਿਰਥਾ ਜਨਮ ਗਵਾ ਕੇ॥
ਬੜੀ ਭਿਅੰਕਰ ਹੈ ਮਾਧਵ ਇਹ ਤੇਰੀ ਦੁਸਤਰ ਮਾਇਆ।
ਜਿਸ ਨੇ ਆਪਣੇ ਜਾਲ 'ਚ ਇਹ ਸਾਰਾ ਜੱਗ ਉਲਝਾਇਆ॥

ਤੇਰੀ ਸ਼ਰਨ 'ਚ ਆਉਂਦੇ ਜਿਹੜੇ ਜੀਵ ਭਗਤ ਸੁੱਖ ਰਾਸੀ।
ਉਨ੍ਹਾਂ ਨੂੰ ਨਹੀਂ ਛੂੰਹਦੀ ਪੁੰਹਦੀ ਤੇਰੀ ਮਾਇਆ ਦਾਸੀ॥
ਪਰਮਾਨੰਦ ਸਰੂਪ ਹਰੀ !ਮੈਂ ਅਣੂ ਅੰਸ਼ ਹਾਂ ਤੇਰੀ।
ਕ੍ਰਿਪਾ ਕਰਕੇ ਕੱਟੋ ਨਟਵਰ ਮਾਇਆ ਬੇੜੀ ਮੇਰੀ॥

ਮੇਰੇ ਉੱਪਰ ਕਦੋਂ ਆਉਣਗੇ ਹੇ ਪ੍ਰੀਤਮ ਉਹ ਸ਼ੁਭ ਦਿਨ ।
ਤੇਰੀ ਭਗਤੀ ਵਿੱਚ ਗੁਜਰੇਗਾ ਜਦ ਜੀਵਨ ਦਾ ਖਿਨ ਖਿਨ॥
ਕਦੋਂ ਖ਼ਤਮ ਹੋਵੇਗੀ ਸਾਹਿਬ ਇਹ ਮੋਹ ਰੂਪ ਹਨੇਰੀ।
ਕਦੋਂ ਚੜ੍ਹੇਗਾ ਸੂਰਜ ਲੈਕੇ ਕ੍ਰਿਪਾ ਦ੍ਰਿਸ਼ਟੀ ਤੇਰੀ॥

ਮੇਰੇ ਮਨ 'ਚੋਂ ਜਗਤ ਵਾਸ਼ਨਾ ਕਦੋਂ ਕੁ ਤੀਕਰ ਮੁੱਕੂ।
ਤੇਰੇ ਚਰਨਾਂ ਦੀ ਪ੍ਰੀਤੀ ਦਾ ਢੋਅ ਦਾਤਾ ਕਦ ਢੁੱਕੂ॥
ਕਦੋਂ,ਦੀਵਾਨਾਪਣ ਆਵੇਗਾ ਮੇਰੇ ਵਿੱਚ ਮੁਰਾਰੀ।
ਕਦੋਂ ਤਿਆਗ ਕਰੇਗੀ ਮੇਰਾ ਦੁਬਿਧਾ ਦੁਨੀਆਂ ਸਾਰੀ॥

ਅਜੇ ਕਦੋਂ ਤੱਕ ਮੋਹ ਦੀ ਚੱਕੀ ਪਊਸੀ ਮੈਨੂੰ ਪਿਸਨਾ।
ਕਦੋਂ ਕੁ ਦੂਰ ਹੋਣਗੀਆਂ ਮੈਥੋਂ ਮਮਤਾ ਆਸ਼ਾ ਤ੍ਰਿਸ਼ਨਾ॥
ਮੇਰੇ ਮਗਰੋਂ ਕਦੋਂ ਲਹੇਗਾ ਇਹ ਸੰਸਾਰ ਅਵੱਲਾ।
"ਬ੍ਰਹਮਦੇਵ" ਨੂੰ ਕਦ ਆਖਣਗੇ ਲੋਕੀਂ ਪਾਗਲ ਝੱਲਾ॥

o

ਕਬਿੱਤ ਛੰਦ:-

## ਉਸਤਤ ਤੇ ਉਪਾਸਨਾ

ਸ੍ਰੀਮਾਨ ਮਦਨ ਮਨੋਹਰ ਅਨੰਦ ਘਨ
ਰਿਖੀਕੇਸ ਕਾਮ ਰੂਪ ਸ਼ੰਭੂ ਤੂੰ ਭੂਤਾਤਮਾ।
ਅਜਰ ਅਮਰ ਤੂੰ ਪਦਮ ਨਾਭ ਸ਼ਾਸਵਤ
ਮਾਧੋ ਮਧੁਸੂਦਨ ਪਰਮ ਤੂੰ ਪੂਤਾਤਮਾ।
ਵਸੂ ਵਸੂਮਾਨ ਤੇ ਅਮੋਘ ਤੂੰ ਕਮਲ ਨੈਣ
ਅੰਮ੍ਰਿਤ ਅਜੋਨੀ ਤੂੰ ਧਰਮ ਧਰਮਾਤਮਾ।
ਸੁਰਪਤੀ ਲੋਕ ਪਤੀ ਮਹਾਂਬਲਿ ਗੁਣਧਾਮ
ਗੁਰੂਆਂ ਦਾ ਗੁਰੂ ਤੂੰ ਗੋਬਿੰਦ ਪਰਮਾਤਮਾ।

ਮਹਾਂ ਬੁੱਧ ਮਹਾਂ ਕਾਲ ਮਹਾਂ ਪਰਾਕਰਮੀ ਤੂੰ
ਮਹਾਂ ਪ੍ਰਸੰਨ ਮੁੱਖ ਜਗਤ ਵਿਲਾਸ ਤੂੰ।
ਵਾਸੁਦੇਵ ਅਚੁੱਤ ਪੁਰੰਦਰ ਜਨਾਰਦਨ
ਗੋਪੀ ਨਾਥ ਸਾਂਵਲ ਬ੍ਰਹਮ ਪ੍ਰਕਾਸ਼ ਤੂੰ।
ਮਹੀਧਰ ਮਹਾਂਭਾਗ ਨਿਰਭਉ ਅਤੁੱਲ ਤੁੱਲ
ਸਰਵ ਵਿਲੱਖਣ ਸਰਵ ਸੁੱਖ ਰਾਸ ਤੂੰ।
ਕਾਰਣ ਕਰਣ ਅਤੇ ਕਰਤਾ ਵਿਕਰਤਾ ਤੂੰ
ਰਾਮ ਰਮਾਨਾਥ ਇੱਕ ਸੂਖਮ ਵਿਕਾਸ ਤੂੰ।

ਉਗ੍ਰ ਸਰੂਪ ਅਤੇ ਖਿਮਾ ਦਾ ਸਮੁੰਦਰ ਤੂੰ
ਹਿਰਣ ਗਰਭ ਮਹਾਂਧਨ ਮਹਾਂਧੀਰ ਤੂੰ।
ਜੰਗਮ ਸਥਾਵਰ ਤੂੰ ਬੀਜ ਸਾਰੀ ਸ੍ਰਿਸ਼ਟੀ
ਕਾਲ ਦਾ ਵੀ ਕਾਲ ਮਹਾਂਕਾਲ ਮਹਾਂਵੀਰ ਤੂੰ।
ਆਦਿ ਦੇਵ ਮਹਾਂਦੇਵ ਪੁਰਖ ਪੁਰਾਤਨ ਤੂੰ
ਮੋਹਨ ਮੁਕੰਦ ਅਤੇ ਗਹਿਰ ਗੰਭੀਰ ਤੂੰ।
ਸ਼੍ਰੀਧਰ ਸ਼੍ਰੀਕਰ ਸ਼੍ਰੀਪਤੀ ਸ਼੍ਰੀ ਨਿਧਿ
ਦੇਵਕੀ ਨੰਦਨ ਤੂੰ ਹਰਣ ਭਵਪੀਰ ਤੂੰ।

ਤੈਥੋਂ ਜਦ ਵੱਡਾ ਪ੍ਰਭੂ ਦੂਸਰਾ ਨਾ ਹੋਰ ਕੋਈ
ਫਿਰ ਤੈਨੂੰ ਛੱਡ ਵਡਿਆਈਏ ਹੋਰ ਕਿਸ ਨੂੰ।
ਤੇਰੇ ਚਰਨਾਰਬਿੰਦ ਬਿਨਾਂ ਆਸਰਾ ਨਾ ਹੋਰ
ਖੇਵਟ ਪ੍ਰੀਤਮਾ ਬਨਾਈਏ ਹੋਰ ਕਿਸ ਨੂੰ।
ਤੂੰ ਤਾਂ ਚੌਥੇ ਸੁੰਨ ਦੀ ਸਮਾਧ 'ਚ ਵਿਰਾਜਦਾ ਹੈਂ
ਅਸੀਂ ਹਾਲ ਦਿਲ ਦਾ ਸੁਣਾਈਏ ਹੋਰ ਕਿਸਨੂੰ।
ਬੇਨਤੀ ਬ੍ਰਹਮ ਦੀ ਜੇ ਤੇਰੇ ਤੱਕ ਪੁੱਜਦੀ ਨਹੀਂ
ਕੇਸ਼ਵਾ! ਵਿਚੋਲਾ ਵਿੱਚ ਪਾਈਏ ਹੋਰ ਕਿਸਨੂੰ।

ਸੌਣ ਦੇ ਬੱਦਲ ਵਾਂਗੂੰ ਮੇਘ ਸ਼ਾਮ ਰੰਗ ਅੰਗ
ਰੇਸ਼ਮੀ ਪੀਤਾਂਬਰ ਜੋ ਬਿਜਲੀ ਸਮਾਨ ਹੈ।
ਸੀਸ ਤੇ ਮੁਕਟ ਚੰਦ ਸੂਰਜਾਂ ਤੋਂ ਵੱਧ ਸੁਹਣਾ
ਕੰਨਾਂ ਦਿਆਂ ਕੁੰਡਲਾਂ ਦੀ ਸ਼ੋਭਾ ਲਾ-ਬਿਆਨ ਹੈ।
ਕੰਠ ਵਣ ਮਾਲਾ ਤੇ ਬਗਲ ਵਿੱਚ ਬੰਸਰੀ ਹੈ
ਪਿਆਰ ਦਾ ਮੁਜੱਸਮਾ ਜੋ ਉਪਮਾ ਦੀ ਖਾਨ ਹੈ।
ਘੁੰਗਰਾਲੇ ਕੇਸ ਤੇ ਗਵਾਲਿਆਂ ਦਾ ਵੇਸ ਬ੍ਰਹਮ
ਓਸ ਮੂਰਤੀ ਤੋਂ ਮੇਰਾ ਆਪਾ ਕੁਰਬਾਨ ਹੈ।

ਬ੍ਰਹਮਾ ਮਹੇਸ ਜੀਹਨੂੰ ਵੇਖਦੇ ਸਮਾਧੀਆਂ 'ਚ
ਪ੍ਰਧਾਨ ਤੱਤ ਜੋ ਸਾਕਾਰ ਰੂਪ ਸੱਚ ਦਾ।
ਯੋਗੀਆਂ ਦਾ ਯੋਗੀ ਭੂਤ ਭਾਵਨ ਵਿਧਾਤਾ ਧਾਤਾ
ਸਾਰਿਆਂ ਨਿਸ਼ੇਧਾਂ ਦੇ ਅਖ਼ੀਰ'ਚ ਜੋ ਬਚਦਾ।
ਅੱਖਰ ਪੁਰਖ ਜੋ ਪਰਮ ਗਤੀ ਮੁਨੀਆਂ ਦੀ
ਜਿਹੜਾ ਸਾਰੀ ਸ੍ਰਿਸ਼ਟੀ ਨੂੰ ਦ੍ਰਿਸ਼ਟੀ ਤੋਂ ਰਚਦਾ।
ਪ੍ਰੇਮ ਵੱਸ ਵ੍ਰਿੰਦਾਬਣ ਵਿੱਚ ਵੇਖੋ "ਬ੍ਰਹਮਦੇਵ"
ਅੱਜ ਉਹਨੂੰ ਗੋਪੀਆਂ ਨਚੌਂਦੀਆਂ ਉਹ ਨੱਚਦਾ।

ਸਤਿਵਾਦੀ ਲੋਕ ਜਿਹੜੇ ਪਰਮ ਪਿਆਰੇ ਤੇਰੇ
ਪਰਉਪਕਾਰੀ ਤੇ ਵਿਜੇਤਾ ਵੀਰ ਚਿੱਤ ਦੇ।
ਸਵਾਸ ਸਵਾਸ ਨਾਲ ਨਾਮ ਆਪ ਦਾ ਜਪਣ ਵਾਲੇ
ਸਾਧੂਆਂ ਦੇ ਸੰਗੀ ਤੇ ਸਰੋਤੇ ਕਥਾ ਨਿੱਤ ਦੇ।
ਕਰ ਕੇ ਕ੍ਰਿਤ ਅਤੇ ਵੰਡ ਕੇ ਛਕਣ ਵਾਲੇ

ਸੱਚੇ ਹਿਤ ਚਿੰਤਕ ਜੋ ਸਾਰਿਆਂ ਦੇ ਹਿੱਤ ਦੇ।
ਨੀਵਿਆਂ ਤੋਂ ਨੀਵੇਂ ਜਿਹੜੇ ਦਾਸ ਦਾਸਾਂ ਤੇਰਿਆਂ ਦੇ
ਇਹੋ ਜਿਹੇ ਸੂਰਮੇ ਸਵਾਮੀ ਤੈਨੂੰ ਜਿੱਤਦੇ।

ਕਰਦੇ ਕਿਉਂ ਆਤਮਾ ਮਲੀਨ ਪੈ ਕੇ ਤੰਤਰਾਂ 'ਚ
ਮਿਲੂਗਾ ਕਿ ਪੰਜਾਂ ਅੱਗਾਂ ਵਿੱਚ ਪਿੰਡਾ ਸਾੜ ਕੇ।
ਸਵਾਰਥ ਸਰੇਗਾ ਕੀ ਧਿਆਨ ਲਾ ਕੇ ਤ੍ਰਿਕੁਟੀ 'ਚ
ਮੇਰੂ ਸਿੱਧਾ ਕਰਕੇ ਸਵਾਸ ਸਿਰ ਚਾੜ੍ਹ ਕੇ।
ਰਸ ਹੀਨ ਗਿਆਨ ਦੀ ਫ਼ਿਲਾਸਫ਼ੀ ਦੇ ਵਿੱਚ ਕੀ ਹੈ
ਨਵਾਂ ਘਰ ਬੰਨ੍ਹਣਾ ਕੀ ਬਣੇ ਨੂੰ ਉਜਾੜ ਕੇ।
ਚੌਲ ਰਾਮ ਨਾਮ ਦੇ ਭਗਤ ਲੈ ਗਏ "ਬ੍ਰਹਮਦੇਵ"
ਲੱਭਦੇ ਕੀ ਮੂਰਖੋ !ਪਰਾਲੀਆਂ 'ਚੋਂ ਝਾੜ ਕੇ॥

ਵਿਖਮ ਵਿਚਾਰ ਕਰ ਕਰ ਵੇਦ ਪੋਥੀਆਂ ਦੀ
ਕਰ ਕੇ ਉਪਾਸਨਾ ਵੇਦਾਂਤ ਵਿਗਿਆਨ ਦੀ।
ਅਸ਼ਟਾਂਗ ਯੋਗ ਅਨੁਸਾਰ ਅਭਿਆਸ ਕਰ
ਔਖੀ ਵਿਧੀ ਸਿੱਖ ਮਹਾਂਤੰਤਰ ਵਿਧਾਨ ਦੀ।
ਤਾਪ ਕੇ ਤਪੱਸਿਆ ਅਨੰਤ ਯੁਗ ਜੰਗਲਾਂ 'ਚ
ਲੈ ਕੇ ਵਡਿਆਈ ਸ਼ੋਭਾ ਇੱਜ਼ਤ ਜਹਾਨ ਦੀ।
ਏਨਾ ਕੁਝ ਕਰਕੇ ਵੀ ਆਖ਼ਿਰ "ਬ੍ਰਹਮਦੇਵ"
ਸਾਰੇ ਲੋਕ ਜਾਂਦੇ ਨੇਂ ਸ਼ਰਨ ਭਗਵਾਨ ਦੀ।

ਲੱਭਦਾ ਨਹੀਂ ਪ੍ਰੀਤਮ ਪਹਾੜਾਂ ਤੇ ਉਜਾੜਾਂ ਵਿੱਚੋਂ
ਪੰਜੇ ਤਪ ਤਾਪੇ ਤੋਂ ਨਾ ਤੀਰਥੀਂ ਨਹਾਏ ਤੋਂ।
ਯੱਗ ਹੋਮ ਨੇਮ ਨਾ ਕਰਮ ਕਾਂਡ ਕੀਤਿਆਂ ਤੋਂ
ਸਤੋ ਰਜੋ ਤਮੋ ਗੁਣੀ ਦੇਵਤੇ ਧਿਆਏ ਤੋਂ।
ਓਪਰੇ ਤਿਆਗ ਅਤੇ ਭੇਖਾਂ ਦਿਆਂ ਬੰਧਨਾਂ 'ਚੋਂ
ਮਿੱਥਿਆ ਆਡੰਬਰਾਂ 'ਚ ਚਿੱਤ ਭਟਕਾਏ ਤੋਂ।
ਪ੍ਰੇਮ ਉਹਦਾ ਰੂਪ ਉਹ ਅਧੀਨ ਹੈ ਪ੍ਰੇਮੀਆਂ ਦੇ
"ਬ੍ਰਹਮਦੇਵ" ਲੱਭਦੈ ਪ੍ਰੇਮ ਅਪਣਾਏ ਤੋਂ।

ਦਿਉਤਿਆਂ ਦੇ ਅੰਮ੍ਰਿਤ ਵਿੱਚ ਉਹ ਸਵਾਦ ਹੈ ਨਹੀਂ
ਏਨਾ ਮਿੱਠਾ ਹੁੰਦਾ ਸ਼ਰਦ ਪੁੰਨਿਆਂ ਦਾ ਚੰਦ ਨਾ।
ਸੁੰਦਰੀ ਦੇ ਸੰਗ 'ਚ ਵੀ ਸੁੱਖ ਨਹੀਂ ਇਹੋ ਜਿਹਾ
ਏਨੇ ਪਿਆਰੇ ਨਾਟਕ ਸੰਗੀਤ ਕਲਾ ਛੰਦ ਨਾ।
ਮਿਸ਼ਰੀ ਨਾ ਮੱਖਣ ਸ਼ਹਿਦ ਦੁੱਧ ਮੇਵਿਆਂ 'ਚ
ਏਨਾ ਰਸ ਦਾਇਕ ਪੁਸ਼ਪ ਮਕਰੰਦ ਨਾ।
ਜਿਹੋ ਜਿਹਾ ਸੁੱਖ ਹਰੀ ਚਰਨਾਂ 'ਚ "ਬ੍ਰਹਮਦੇਵ"
ਇਹੋ ਜਿਹਾ ਡਿੱਠਾ ਤ੍ਰਿਲੋਕੀ 'ਚ ਅਨੰਦ ਨਾ।

ਯੋਗ ਦਾ ਸਵਾਦ ਵੀ ਸਮਾਧਿ ਪਿੱਛੋਂ ਮੁੱਕ ਜਾਂਦੈ
ਬ੍ਰਹਮ ਬੋਧ ਪਿੱਛੋਂ ਸੁੱਖ ਰਹਿੰਦਾ ਨਹੀਂ ਗਿਆਨ ਦਾ।
ਭੋਗ ਉਪਰੰਤ ਸੁੱਖ ਭੋਗ ਦਾ ਖ਼ਤਮ ਹੁੰਦੈ
ਸੁਣਨ ਦੇ ਸਮੇਂ ਤੱਕ ਸੁੱਖ ਰਾਗ ਤਾਨ ਦਾ।
ਰਾਜ ਸੁੱਖ ਰਾਜ ਦਰਬਾਰ ਤੱਕ ਸੀਮਿਤ ਹੈ
ਅੱਗੋਂ ਪਿੱਛੋਂ ਉਹ ਵੀ ਦੁੱਖ ਭੋਗਦੇ ਜਹਾਨ ਦਾ।
ਖਿਨ ਖਿਨ ਮਾਤਰ ਤਮਾਮ ਸੁੱਖ "ਬ੍ਰਹਮਦੇਵ"
ਸਦਾ ਸੁੱਖੀ ਰਹਿੰਦਾ ਹੈ ਭਗਤ ਭਗਵਾਨ ਦਾ॥

ਜੱਗ ਵਿਸਥਾਰ ਅੰਧਕਾਰ ਹੈ ਅਵਿੱਦਿਆ ਦਾ
ਹਰ ਇੱਕ ਜੀਵ ਜਿਸ ਵਿੱਚ ਹੈ ਭਟਕਦਾ।
ਕੋਈ ਵਿਸ਼ੇ ਵਾਸਨਾ ਦੇ ਘਰ 'ਚ ਅਟਕ ਜਾਂਦਾ
ਕੋਈ ਰਿੱਧ ਸਿੱਧ ਦੀ ਗਲੀ 'ਚ ਜਾ ਅਟਕਦਾ।
ਕੋਈ ਸ਼ੁਰੂ ਵਿੱਚ ਕੋਈ ਆਖ਼ਰੀ ਪੜਾਅ ਦੇ ਉੱਤੇ
ਕੋਈ ਮੰਦਭਾਗ ਵਿਚਕਾਰ ਹੀ ਲਟਕਦਾ ਹੈ।
ਏਸ ਅੰਧਕਾਰ 'ਚੋਂ ਤਾਂ ਗੁਰੂ ਹੀ ਉਭਾਰਦੇ ਨੇ
"ਬ੍ਰਹਮਦੇਵ" ਚਾੜ੍ਹ ਗਿਆਨ ਸੂਰਜ ਕਟਕ ਦਾ।

ਆਤਮਾ ਦੇ ਵਿੱਚ ਪਰਮਾਤਮਾ ਹੀ ਵੱਸਦਾ ਹੈ
ਮਾਨਵ ਸ਼ਰੀਰ ਹੈ ਮਹਿਲ ਭਗਵਾਨ ਦਾ।
ਪਰ ਅਗਿਆਨਤਾ ਦੇ ਵਸ਼ੀਭੂਤ ਹੋ ਕੇ ਜੀਵ

ਆਪਣੇ ਹੀ ਆਪ ਨੂੰ ਨਹੀਂ ਪਹਿਚਾਨ ਦਾ।
ਆਪਣੇ ਸਰੂਪ ਨੂੰ ਤਾਂ ਓਪਰਾ ਸਮਝਦਾ ਹੈ
ਓਪਰੇ ਨੂੰ ਆਪਣਾ ਸਰੂਪ ਹੈ ਬਿਆਨਦਾ।
ਆਪਣੇ ਪਰਾਏ ਦੇ ਗਿਆਨ ਬਿਨਾਂ "ਬ੍ਰਹਮਦੇਵ"
ਲੱਭਦਾ ਨਹੀਂ ਮਾਰਗ ਪਰਮ ਕਲਿਆਨ ਦਾ॥

ਚੇਤਨ ਆਨੰਦ ਸਤਿ ਰੂਪ ਪਰਮਤਾਮਾ ਜੋ
ਉਹ ਤਾਂ ਸਾਡੇ ਸਭ ਦੇ ਅੰਦਰ ਸਦਾ ਰਹਿੰਦਾ ਹੈ।
ਘਟ ਘਟ ਵਿੱਚ ਹੈ ਬਿਰਾਜਮਾਨ ਜੋਤ ਉਹਦੀ
ਹਰ ਇੱਕ ਸੰਤ ਤੇ ਗ੍ਰੰਥ ਇਹੋ ਕਹਿੰਦਾ ਹੈ।
ਜੀਵ ਨੂੰ ਭੁਲੇਖਾ ਉਹਦਾ ਪੈਂਦਾ ਸੰਸਾਰ ਵਿੱਚ
ਹਾਰ ਦਾ ਭੁਲੇਖਾ ਜਿਵੇਂ ਪਾਣੀ ਵਿੱਚ ਪੈਂਦਾ ਹੈ।
ਗੁਰੂ ਦਿਆਂ ਬਾਣਾਂ ਬਿਨਾਂ ਹੁੰਦੇ ਨਹੀਂ ਭਰਮ ਦੂਰ
ਗੁਰੂ ਦੀ ਵੀ ਚੋਟ ਕੋਈ ਦਿਲ ਵਾਲਾ ਸਹਿੰਦਾ ਹੈ॥

ਮਾਇਆ,ਮਹਾਂ ਤੱਤ,ਅਹੰਕਾਰ ਤੇ ਆਕਾਸ਼ ਵਾਯੂ
ਅੱਗ ਜਲ ਜਿਸ ਦੀ ਰਜ਼ਾ 'ਚ ਭੱਜੇ ਫਿਰਦੇ।
ਖੰਡ ਬ੍ਰਹਿਮੰਡ ਧੂੜ ਕਣ ਜਿਉਂ ਝਰੋਖਿਆਂ ਦੇ
ਜਿਸ ਪਰਮਾਤਮਾ ਦੇ ਘੁੰਮਦੇ ਚੌਗਿਰਦੇ।
ਜੀਹਦੀ ਇੱਛਾ ਨਾਲ ਸਾਰੀ ਧਰਤੀ ਚੱਕਰ ਲਾਉਂਦੀ
ਚੰਦ ਅਤੇ ਸੂਰਜ ਗਤੀ 'ਚ ਕਿੰਨੇ ਚਿਰ ਦੇ।
ਫਿਰ ਵੀ ਬ੍ਰਹਮ ਜਿਹੜੇ ਹੋਂਦ ਉਹਦੀ ਮੰਨਦੇ ਨਹੀਂ
ਖ਼ਬਰੈ ?ਉਹ ਮੂਰਖ ਮਨੁੱਖ ਕਿਹੜੀ ਧਿਰ ਦੇ।

ਰੱਬ ਕਿਉਂ ਨਹੀਂ ਦੰਡ ਦਿੰਦਾ ਨਾਸਤਿਕ ਬੰਦਿਆਂ ਨੂੰ
ਇਸ ਦਾ ਜਵਾਬ ਵੀ ਵਿਆਸ ਰਿਸ਼ੀ ਦੱਸਦੈ।
ਵੱਸਦਾ ਹੈ ਬੱਚਾ ਜਿਵੇਂ ਮਾਤਾ ਦੇ ਗਰਭ ਵਿੱਚ
ਏਵੇਂ ਇਹ ਜਹਾਨ ਸਾਰਾ ਕਰਤੇ 'ਚ ਵੱਸਦੈ।
ਮਾਂ ਦੇ ਪੇਟ ਵਿੱਚ ਜਦੋਂ ਬੱਚਾ ਲੱਤਾਂ ਮਾਰਦਾ ਹੈ

ਸਿਰ ਚਕਰੌਂਦੈ ਤੇ ਸਰੀਰ ਉਹਦਾ ਖੱਸਦੈ।
ਊਤਨੀ ਦੇ ਊਤ ਦਾ ਕਮੂਤ ਊਤ ਟਿਕਦਾ ਨਹੀਂ
ਔਖੀ ਹੋਈ ਆਖਦੀ ਕਸੂਰ ਮੇਰੀ ਸੱਸ ਦੈ॥

ਬੱਚੇ ਦੀ ਦੁਖਾਈ ਭਾਵੇਂ ਆਪ ਮਰ ਜਾਵੇ ਮਾਤਾ
ਪਰ ਉਹ ਗਰਭ ਵਾਲੇ ਬੱਚੇ ਨੂੰ ਨਹੀਂ ਮਾਰਦੀ।
ਨਾਸਤਿਕ ਉੱਪਰ ਮਿਸਾਲ ਇਹ ਢੁੱਕਦੀ ਹੈ
ਔਖੀ ਹੈ ਢੁਕਾਉਣੀ ਕਿਉਂ ਕਿ ਗੱਲ ਹੈ ਵਿਚਾਰ ਦੀ।
ਬ੍ਰਹਮ ਦੇ ਵਿਚਾਰ ਨੂੰ ਬ੍ਰਹਮ ਗਿਆਨੀ ਜਾਣਦੇ ਨੇ
ਲੇਖਣੀ ਅਧੀਨ ਹੈ ਨਹੀਂ ਗੱਲ ਕਰਤਾਰ ਦੀ।
ਕਿਸੇ ਬ੍ਰਹਮ ਵੇਤਾ ਪਾਸੋਂ ਪੁੱਛਿਓ "ਬ੍ਰਹਮਦੇਵ"
ਮਨ 'ਚ ਜੇ ਇੱਛਾ ਜਾਗ ਪਵੇ ਵਿਸਤਾਰ ਦੀ।

ਓੱਕਾਰ ਵਿੱਚੋਂ ਪਹਿਲਾਂ ਵਿਸ਼ਨੂੰ ਜਨਮਿਆ ਹੈ
ਵਿਸ਼ਨੂੰ ਦੀ ਨਾਭੀ 'ਚੋਂ ਜਨਮਿਆ ਹੈ ਬ੍ਰਹਮਾ।
ਬ੍ਰਹਮਾ ਨੇ ਸੁਰ ਨਰ ਦਾਨਵ ਬਣਾਏ ਸਾਰੇ
ਵੇਦਾਂ ਵਿੱਚ ਓਸੇ ਨੂੰ ਕਿਹਾ ਹੈ ਵਿਸ਼ਵ ਕਰਮਾਂ।
ਇਸ ਪ੍ਰਕਾਰ ਇੱਕ ਓਮ ਦਾ ਪਸਾਰਾ ਸਾਰਾ
ਫਿਰ ਵੀ ਉਹ ਆਪ ਹੈ ਅਕਰਤਾ ਅਧਰਮਾ।
ਨਾਸਤਿਕ ਨੂੰ ਪੁੱਛੋ ਸਾਰੇ ਜੱਗ ਦਾ ਇਉਂ ਪਿਤਾ ਓਮ
ਤੇਰਾ ਬਾਪ ਕਿਹੜਾ ਹੈ ਇਕੱਲੇ ਦਾ ਬੇ-ਸ਼ਰਮਾ॥

ਗੰਦਗੀ ਦੀ ਗੰਢ ਜੀਹਨੂੰ ਕੁੰਦਨ ਦੀ ਦੇਹ ਕਹਿਨੈ
ਬੰਦਗੀ ਬਗ਼ੈਰ ਤਾਂ ਇਹ ਗੰਦੇ ਤੋਂ ਵੀ ਸਸਤੀ।
ਇਹੋ ਜਿਹੀ ਮਸਤੀ ਤਾਂ ਪਸ਼ੂਆਂ ਦੇ ਵਿੱਚ ਵੀ ਹੈ
ਜਿਹੋ ਜਿਹੀ ਮਸਤੀ ਨੂੰ ਆਖਦੈਂ ਤੂੰ ਮਸਤੀ।
ਜਿਹੜੀ ਦੁਨੀਆਂ ਦਾ ਸਮਰਾਟ ਨੂੰ ਸਦਾਵੰਦਾ ਹੈ
ਇਹ ਹੈ ਬ੍ਰਹਿਮੰਡ ਦੀ ਮਮੂਲੀ ਜਿਹੀ ਬਸਤੀ।
ਯਮਰਾਜ ਜਿਹੇ ਜੀਹਦੇ ਕੋਲੋਂ ਸਦਾ ਕੰਬਦੇ ਨੇ
ਉਹਦੇ ਅੱਗੇ ਦੱਸੋ ਖਾਂ ਕੀ ਮੱਛਰਾਂ ਦੀ ਹਸਤੀ॥

ਆਦਮੀ ਦੀ ਗੱਲ ਕਦੇ ਆਦਮੀ ਤੋਂ ਛੁਪਦੀ ਨਹੀਂ
ਆਖ਼ਿਰ 'ਚ ਭੇਦ ਖੁੱਲ੍ਹ ਜਾਂਦੈ ਹਰ ਗੱਲ ਦਾ।

ਲੁਕਦਾ ਨਹੀਂ ਪਾਪ ਭਾਵੇਂ ਕਰੀਏ ਯਤਨ ਲੱਖ
ਝੂਠਿਆਂ ਦਾ ਚਿਹਰਾ ਨਹੀਂ ਸੱਚਿਆਂ 'ਚ ਰਲਦਾ।
ਵੱਡੇ ਵੱਡੇ ਠੱਗ ਇੱਕ ਦਿਨ ਠੱਗੇ ਜਾਂਵਦੇ ਨੇ
ਸਭ ਥਾਈਂ ਜਾਦੂ ਨਹੀਂ ਮਦਾਰੀਆ ਦਾ ਚੱਲਦਾ।
ਫਿਰ ਵੀ ਹੈਰਾਨਗੀ ਦੀ ਗੱਲ ਵੇਖੋ "ਬ੍ਰਹਮਦੇਵ"
ਮੂਗਧ ਮਨੁੱਖ ਪਰਮਾਤਮਾ ਨੂੰ ਛੱਲਦਾ॥

ਕਸ਼ਟ ਕਲੇਸ਼ ਸਾਡੇ ਕਰਮਾਂ ਦਾ ਫ਼ਲ ਸਾਰੇ
ਆਪ ਸਿਰ ਝੱਲੀਏ ਕਿਸੇ ਨੂੰ ਵਿੱਚ ਪਾਈਏ ਨਾ।
ਇੱਕੋ ਜਿਹੇ ਦਿਨ ਸਦਾ ਰਹਿੰਦੇ ਨਾ ਮਨੁੱਖ ਉੱਤੇ
ਧੀਰਜ ਨਾ ਛੱਡੀਏ ਕਦੇ ਵੀ ਘਬਰਾਈਏ ਨਾ।
ਬਿਪਤਾ ਦਾ ਸਮਾਂ,ਸਮਾਂ ਹੁੰਦਾ ਹੈ ਪ੍ਰੀਖਿਆ ਦਾ
ਦੇ ਦੇਈਏ ਪ੍ਰਾਣ ਪਰ ਧਰਮ ਗਵਾਈਏ ਨਾ।
ਜੰਮਣ ਮਰਨ ਦਾ ਮਹਾਨ ਦੁੱਖ "ਬ੍ਰਹਮਦੇਵ"
ਜਪੋ ਜਗਦੀਸ਼ ਕਿ ਦੁਬਾਰਾ ਧੋਖਾ ਖਾਈਏ ਨਾ॥

ਸੱਚੀ ਸੁੱਚੀ ਬਾਣੀ ਮਿੱਠੀ ਬੋਲੀਏ ਪ੍ਰੇਮ ਨਾਲ
ਕੌੜੀ ਗੱਲ ਆਖ ਨਾ ਕਿਸੇ ਦਾ ਦਿਲ ਡੰਗੀਏ।
ਮੰਨੀਏ ਸ਼ਰਮ ਲੱਖਵਾਰ ਕੰਮਾਂ ਮਾੜਿਆਂ ਦੀ
ਹਰੀ ਜਸ ਗਾਓਂਦੇ ਨਾ ਕਿਸੇ ਤੋਂ ਕਦੇ ਸੰਗੀਏ।
ਲਾਲ,ਚਿੱਟੇ,ਨੀਲੇ,ਕਾਲੇ,ਪੀਲਿਆਂ ਦੇ ਵਿੱਚ ਕੀ ਹੈ
ਰੰਗਣੈਂ ਜੇ ਰੰਗ ਤਾਂ ਪ੍ਰੇਮ ਰੰਗ ਰੰਗੀਏ।
ਮਿੱਥਿਆ ਪਦਾਰਥ ਕੀ ਮੰਗਣੇ "ਬ੍ਰਹਮਦੇਵ"
ਦਾਤੇ ਕੋਲੋਂ ਭਿੱਖਿਆ ਪ੍ਰੇਮ ਦੀ ਹੀ ਮੰਗੀਏ॥

# ਰੱਖਿਆ ਕਵਚ

ਪੈਰਾਂ ਦੀ ਅਜਨਮਾ ਤੇ ਮਣੀ ਮਾਨ ਘੁਟਣਿਆਂ ਦੀ
ਰੱਖਿਆ ਕਰਨ ਜੱਗ ਪੁਰਖ ਮੇਰੇ ਜੰਘਾਂ ਦੀ।
ਅਚਯੁੱਤ ਕਮਰ ਦੀ ਤੇ ਪੇਟ ਸ੍ਰੀ ਹਯ ਗ੍ਰੀਵ
ਹਿਰਦੇ ਦੀ ਕੇਸ਼ਵ ਜਿਉਂ ਸ਼ੇਸ਼ ਜੀ ਭੁਜੰਗਾਂ ਦੀ।
ਈਸ਼ ਮੇਰੀ ਛਾਤੀ ਦੀ ਤੇ ਕੰਠ ਦੀ ਦਿਵਾਕਰ ਜੀ,
ਬਾਜੂਆਂ ਦੀ ਬਿਸ਼ਨੂੰ ਭਗੀਰਥ ਜਿਉਂ ਗੰਗਾ ਦੀ।
ਬ੍ਰਹਮ ਬ੍ਰਿਜ ਵਾਸੀਆਂ ਦੀ ਵਾਰ ਵਾਰ ਕੀਤੀ ਜਿਵੇਂ
ਕ੍ਰਿਸ਼ਨ ਕਰਨ ਰਾਖੀ ਏਵੇਂ ਮੇਰੇ ਅੰਗਾਂ ਦੀ॥

ਉਰੂ ਕ੍ਰਮ ਮੁੱਖ ਦੀ ਤੇ ਸਿਰ ਦੀ ਜਗਤ ਸਵਾਮੀ
ਰਿਖੀ ਕੇਸ ਭਗਵਾਨ ਦਿਲ ਦਿਆਂ ਤਰੰਗਾਂ ਦੀ।
ਅੱਗੇ ਰਹਿਣ ਚੱਕਰਧਾਰੀ ਪਿੱਛੇ ਸ੍ਰੀ ਧਰ ਰਹਿਣ
ਨਾਲੇ ਦਾਤ ਦੇਣ ਸਦਾ ਸਾਧੂਆਂ ਦੇ ਸੰਗਾਂ ਦੀ।
ਉੱਪਰ ਉਪੇਂਦਰ ਤੇ ਹੇਠਾਂ ਹਲਧਾਰੀ ਹਰਿ
ਰੱਖਿਆ ਕਰਨ ਨਟਰਾਜ ਨਾਨ੍ਹਾ ਰੰਗਾਂ ਦੀ।
ਬ੍ਰਹਮ ਬ੍ਰਿਜ ਵਾਸੀਆਂ ਦੀ ਵਾਰ ਵਾਰ ਕੀਤੀ ਜਿਵੇਂ
ਕ੍ਰਿਸ਼ਨ ਕਰਨ ਰਾਖੀ ਏਵੇਂ ਮੇਰੇ ਅੰਗਾਂ ਦੀ॥

O

ਜਾਗਦੇ ਦੀ ਜਗਦੀਸ਼,ਸੌਣ ਵੇਲੇ ਸੀਤਾ ਪਤੀ
ਮਨ ਦੀ ਮੁਰਾਰੀ ਤਾਂ ਕਿ ਧਿਆਨ ਧਨ ਲੁੱਟੇ ਨਾ।
ਭੂਤ, ਪ੍ਰੇਤ, ਪਾਪੀ, ਗ੍ਰਹਿ, ਦਾਨਵ, ਪਿਸ਼ਾਚ ਗਣ
ਕੋਈ ਵੀ ਦੁਸ਼ਟ ਮੇਰੇ ਵੱਲ ਪੈਰ ਪੁੱਟੇ ਨਾ।
ਮਾਧਵ ਮੁਕੰਦ ਸਾਰੇ ਸੰਕਟ ਹਰਨ ਮੇਰੇ
ਭਗਤੀ ਦਾ ਭਾਵ ਕਦੇ ਭਾਵਨਾ 'ਚੋਂ ਛੁੱਟੇ ਨਾ
"ਬ੍ਰਹਮਦੇਵ" ਸਦਾ ਬਨਵਾਰੀ ਨਾਲ ਬਣੀ ਰਹੇ,
ਉਹਦੀ ਲਿਵਤਾਰ ਦੀ ਸਿਤਾਰੋਂ ਤਾਰ ਟੁੱਟੇ ਨਾ॥

ਈਰਖਾ ਪਖੰਡ ਹਿੰਸਾ ਮਿੱਥਿਆ ਮਾਨ ਅਭਿਮਾਨ
ਮਾਇਆ ਪਰਪੰਚ ਪਰ ਨਿੰਦਾ ਗਲਾ ਘੁੱਟੇ ਨਾ।
ਦਇਆ ਦਾਨ ਪ੍ਰੇਮ ਸਦਾ ਚਿੱਤ 'ਚ ਕਰਨ ਵਾਸ
ਅੰਨ ਧਨ ਆਦਿ ਕਦੇ ਘਰ 'ਚੋਂ ਨਿੱਖੁਟੇ ਨਾ।
ਤਨ ਮਨ ਬਾਣੀ ਮੇਰੇ ਸੱਚੇ ਸੁੱਚੇ ਰਹਿਣ ਸਦਾ
ਕਿਸੇ ਦੀ ਕਰੀ ਦਾ ਭਾਂਡਾ ਮੇਰੇ ਸਿਰ ਫੁੱਟੇ ਨਾ।
"ਬ੍ਰਹਮਦੇਵ" ਸਦਾ ਬਨਵਾਰੀ ਨਾਲ ਬਣੀ ਰਹੇ
ਉਹਦੀ ਲਿਵਤਾਰ ਦੀ ਸਿਤਾਰੋਂ ਤਾਰ ਟੁੱਟੇ ਨਾ॥

ਨੋਟ:- ਇਹ ਕਵਚ ਚਿਰੰਜੀਵੀ ਸਪੁੱਤਰ ਗੁਰੂਦੱਤ ਲਈ ਲਿਖਿਆ ਗਿਆ ਬਿਕ੍ਰਮੀ ਸੰਮਤ ੨੦੬੩ ਤਾਰੀਖ ਅਗਸਤ ੧੯,੨੦੦੫।

# ਭਗਤ ਵੱਛਲ

ਘਟ ਘਟ ਅੰਦਰ ਵਿਰਾਜਮਾਨ ਤੂੰ।
ਤਰਕਣਾ ਰਹਿਤ ਹਸਤੀ ਮਹਾਨ ਤੂੰ॥

ਜਿੱਥੇ ਜਿੱਥੇ ਮਨ ਜਾਂਵਦਾ ਹੈ ਭੱਜ ਕੇ।
ਉੱਥੇ ਉੱਥੇ ਬੈਠਾ ਹੋਂਵਦਾ ਤੂੰ ਸੱਜ ਕੇ॥

ਤੂੰ ਹੈ ਖ਼ੁਦ ਰੌਸ਼ਨ ਜਗਤ ਆਤਮਾ।
ਤਾਂ ਹੀ ਤੇਰਾ ਜਾਪ ਜਪਦੇ ਮਹਾਤਮਾ॥

ਵਿੱਦਿਆ ਅਵਿੱਦਿਆ ਤੋਂ ਕੋਹਾਂ ਦੂਰ ਤੋਂ।
ਅਜ ਅਬਿਨਾਸੀ ਜ਼ਾਹਰ ਜ਼ਹੂਰ ਤੂੰ॥

ਦੇਸ਼ ਕਾਲ ਵਸਤੂ ਰਹਿਤ ਰਾਮ ਜੀ।
ਸੁੱਖਾਂ ਦੇ ਸਮੁੰਦਰ ਗੁਣਾਂ ਦੇ ਧਾਮ ਜੀ॥

ਜਿਸ ਥਾਂ ਵਿਰਾਜਦਾ ਤੂੰ ਲੱਛਮੀ ਪਤੀ।
ਉੱਥੋਂ ਤੱਕ ਹੈ ਨਹੀਂ ਬੁੱਧ ਬਾਣੀ ਦੀ ਗਤੀ॥

ਇਕ ਮਨ ਹੋ ਜੋ ਆਪ ਨੂੰ ਧਿਆਂਵਦੇ।
ਉਹੀ ਸੰਸਾਰ ਸਿੰਧ ਤਰ ਜਾਂਵਦੇ॥

ਪਰਮ ਪੁਰਖ ਮਹਾਂ ਪ੍ਰਕਾਸ਼ ਤੂੰ।
ਭਗਤਾਂ ਦੇ ਦਿਲੀਂ ਰੱਖਦੈਂ ਨਿਵਾਸ ਤੂੰ॥

ਓਜ ਤੇਜ ਰੂਪ ਧਨ ਤੇ ਕੁਲੀਨਤਾ।
ਬਲ ਬੁੱਧੀ ਗੁਣ ਗਿਆਨ ਪ੍ਰਬੀਣਤਾ॥

ਇਨ੍ਹਾਂ ਸਾਰਿਆਂ 'ਚ ਉਤਨੀ ਨਹੀਂ ਸ਼ਗਤੀ।
ਜਿੰਨੀ ਪਰਮਾਤਮਾ ਨੂੰ ਪਿਆਰੀ ਭਗਤੀ॥

ਸ਼ੁਭ ਗੁਣ ਸ਼ੀਲ਼ ਬ੍ਰਾਹਮਣ ਦੀ ਜਾਤ ਹੋ।
ਵੇਦ ਵਿੱਦਿਆ ਦੇ ਵਿੱਚ ਨਿਸ਼ਣਾਤ ਹੋ॥

ਭਗਤੀ ਬਗ਼ੈਰ ਸੋਭਦਾ ਨਹੀਂ ਇਸ ਤਰ੍ਹਾਂ।
ਪ੍ਰਾਣਾਂ ਬਿਨਾਂ ਮੁਰਦਾ ਜਿਸਮ ਜਿਸ ਤਰ੍ਹਾਂ॥
ਵਿੱਦਿਆ ਵਿਹੀਨ ਜਾਤ ਦਾ ਚੰਡਾਲ ਹੋ।
ਹਿਰਦੇ 'ਚ ਪਰ ਵੱਸਦਾ ਗੁਪਾਲ ਹੋ॥

ਭਗਤੀ ਰਹਿਤ ਬ੍ਰਾਹਮਣਾਂ ਤੋਂ ਉਚਾ ਉਹ।
ਕਈ ਵੇਦ ਪਾਠੀ ਰਿਸ਼ੀਆਂ ਤੋਂ ਸੁੱਚਾ ਉਹ॥

ਭਗਤੀ ਵਿਹੀਨ ਜਿਹੜੇ ਗਿਆਨੀ ਬਣਦੇ।
ਝੂਠ ਦੇ ਪੁਜਾਰੀ ਉਹ ਗੁਲਾਮ ਤਨ ਦੇ॥

ਲੋਕ ਨਜ਼ਰਾਂ 'ਚ ਭਾਵੇਂ ਚੜ੍ਹੇ ਹੁੰਦੇ ਨੇ।
ਪਰ ਅਗਿਆਨਤਾ 'ਚ ਵੜੇ ਹੁੰਦੇ ਨੇ॥

ਥੋੜ੍ਹੀ ਜਿਹੀ ਕਰਕੇ ਨਿਸ਼ਿੱਧ ਸਾਧਨਾ।
ਕਿਸੇ ਦੇਵਤੇ ਦੀ ਕਰਕੇ ਆਰਾਧਨਾ॥

ਜੱਗ 'ਚ ਮਮੂਲ਼ੀ ਜਿਹਾ ਮਾਨ ਪਾ ਲਿਆ।
ਆਖਦੇ ਨੇ ਅਸੀਂ ਭਗਵਾਨ ਪਾ ਲਿਆ॥

ਸੱਚ ਮੁੱਚ ਜਿਹੜੇ ਕਰਦੇ ਉਪਾਸਨਾ।
ਉਨ੍ਹਾਂ ਵਿੱਚ ਹੁੰਦੀ ਨੀਂ ਜਗਤ ਵਾਸਨਾ॥

ਭਗਤ ਵੱਛਲ ਦਾ ਧਿਆਨ ਕਰ ਕੇ।
ਵਿਘਨਾਂ ਦੇ ਸਿਰਾਂ ਉੱਤੇ ਪੈਰ ਧਰ ਕੇ॥

ਲੰਘ ਜਾਂਦੇ ਪਾਰ ਉਹ ਜਗਤ ਜਾਲ ਤੋਂ।
ਵੇਖਦੇ ਨਹੀਂ ਦੂਸਰਾ ਬਿਨਾਂ ਗੁਪਾਲ ਤੋਂ॥

ਦੁਨੀਆਂ 'ਚ ਫਿਰਦੇ ਉਹ ਹੋ ਕੇ ਨਿਰਭੈ।
ਜਿਹੜੇ ਪਾਸੇ ਜਾਂਦੇ ਹੁੰਦੀ ਉਸੇ ਪਾਸੇ ਜੈ॥

ਸਭ ਜਗ੍ਹਾ ਉਨ੍ਹਾਂ ਦੀ ਸੁਤੰਤਰ ਗਤੀ।
ਰੱਖਿਅਕ ਜਿਨ੍ਹਾਂ ਦੇ ਆਪ ਕਮਲਾਪਤੀ॥

ਚੇਤਨ ਅਨੰਦ ਮੰਗਲ ਸਰੂਪ ਤੂੰ।
ਕ੍ਰਿਪਾ ਨਿਧਾਨ ਸੁੰਦਰ ਅਨੂਪ ਤੂੰ॥

ਸ਼ੁੱਧ ਸਤਿ ਰੂਪ,ਰੂਪ ਸਵੀਕਾਰ ਕੇ।
ਆਉਂਦੇ ਦੀਨ ਬੰਧੂ ਅਵਤਾਰ ਧਾਰ ਕੇ॥

ਧਾਰੋਂ ਨਾ ਜੇ ਤੁਸੀਂ ਅਵਤਾਰ ਪ੍ਰਭੂ।
ਡੁੱਬ ਮਰੇ ਸਾਰਾ ਸੰਸਾਰ ਪ੍ਰਭੂ॥

ਕਰਦੇ ਨਾ ਆਪ ਜੇ ਵਿਨਾਸ ਦੈਂਤਾਂ ਦਾ।
ਸਾਰੀ ਧਰਤੀ ਤੇ ਹੁੰਦਾ ਵਾਸ ਦੈਂਤਾਂ ਦਾ॥

ਹੋਂਵਦੇ ਨਸ਼ਟ ਵੈਦਿਕ ਕਰਮ ਜੀ।
ਮੰਦਰ ਤੇ ਮਠ ਤੀਰਥ ਧਰਮ ਜੀ॥

ਸਭ ਥਾਂਈ ਹੁੰਦਾ ਬੋਲ ਬਾਲਾ ਪਾਪ ਦਾ।
ਹੁੰਦਾ ਨਾ ਜੇ ਹਰੀ ਅਵਤਾਰ ਆਪ ਦਾ॥

ਕਰਨੀ ਸੀ ਕੀਹਨੇ ਬੰਦਗੀ ਤਪੱਸਿਆ।
ਮੁੱਕ ਜਾਂਦੀ ਧਿਆਨ ਯੋਗ ਦੀ ਸਮੱਸਿਆ॥

ਹੁੰਦੀ ਨਾ ਜੇ ਆਪ ਦੀ ਪਿਆਰੀ ਮੂਰਤੀ।
ਕਿੱਥੋਂ ਹੁੰਦੀ ਭਗਤਾਂ ਦੀ ਇੱਛਾ ਪੂਰਤੀ॥

ਹੁੰਦੇ ਨਾ ਜੇ ਸੁੰਦਰ ਦਿਦਾਰੇ ਆਪ ਦੇ।
ਕੀਹਦਾ ਜਸ ਗਾਂਵਦੇ ਪਿਆਰੇ ਆਪ ਦੇ॥

ਜੇ ਨਾ ਤੁਸੀਂ ਕਰਦੇ ਮਿਹਰਬਾਨੀਆਂ।
ਜਾਂਦੀਆਂ ਵਿਅਰਥ ਅਨੇਕਾਂ ਕਾਨੀਆਂ॥

ਕਿਸ ਤੋਂ ਆਦਰਸ਼ ਜ਼ਮਾਨਾ ਸਿੱਖਦਾ।
ਬਾਲਮੀਕ ਕਿਨ੍ਹਾਂ ਦੀ ਰਮੈਣ ਲਿਖਦਾ॥

ਆਉਂਦੇ ਨਾ ਜੇ ਆਪ ਰਾਧਕਾ ਵਿਲਾਸ ਜੀ।
ਭਾਗਵਤ ਕਿਵੇਂ ਰੱਚਦੇ ਵਿਆਸ ਜੀ॥

ਜੇ ਨਾ ਤੂੰ ਅਯੁੱਧਿਆ 'ਚ ਪੈਰ ਧਰਦਾ।
ਤੁਲਸੀ ਸਵਾਮੀ ਗੱਲ ਕੀਹਦੀ ਕਰਦਾ॥

ਹੁੰਦਾ ਜੇ ਨਾਂ ਗਿਰਧਰ ਪਿਆਰਾ ਮੀਰਾਂ ਦਾ।
ਟੁੱਟ ਫੁੱਟ ਜਾਂਦਾ ਇੱਕ ਤਾਰਾ ਮੀਰਾਂ ਦਾ॥

ਜੇ ਨਾ ਕਾਨ੍ਹ ਰਾਸ ਮੰਡਲਾਂ 'ਚ ਦਿੱਸਦੇ।
ਰਸਖ਼ਾਨ ਲਿਖਦਾ ਸਵੈਯੇ ਕਿਸ ਦੇ॥

ਹੁੰਦੀ ਨਾ ਜੇ ਤੇਰੀ ਤਸਵੀਰ ਸਾਂਵਲੀ।
ਸੂਰਦਾਸ ਕੀਹਦੀ ਰਚਦੇ ਪਦਾਵਲੀ॥

ਚੇਤਨ ਜੈਦੇਵ ਜਿਹੇ ਭਗਤ ਕਵੀ।
ਕੇਸ਼ਵ ਬਿਹਾਰੀ ਦੇਵ ਜਗਤ ਕਵੀ॥

ਕਿਸ ਉੱਤੇ ਸਾਰੇ ਅਜ਼ਮਾਉਂਦੇ ਕਲਮਾਂ।
ਹੁੰਦਾ ਨਾ ਜੇ ਤੇਰਾ ਅਵਤਾਰ ਬਲਮਾ॥

ਦੁੱਖੀ ਲੋਕ ਕੀਹਦੀ ਕਰਦੇ ਆਰਾਧਨਾ।
ਪ੍ਰੇਮੀ ਕਿਵੇਂ ਕਰਦੇ ਪ੍ਰੇਮ ਸਾਧਨਾ॥

ਹੁੰਦਾ ਨਾ ਸੁਆਮੀ ਜੇ ਤੂੰ ਸੋਮਾ ਪਿਆਰ ਦਾ।
ਕੌਣ ਧੰਨੇ ਜੱਟ ਦੇ ਡੰਗਰ ਚਾਰਦਾ॥

ਹੁੰਦੀ ਨਾ ਪ੍ਰੀਤ ਵਿੱਚ ਜੇ ਨਰੈਣ ਦੇ।
ਕੌਣ ਜਾ ਕੇ ਕਾਰਜ ਨਿਭਾਉਂਦਾ ਸੈਣ ਦੇ॥

ਜੇ ਨਾ ਹੁੰਦਾ ਰੂਪ ਰਾਮ ਰਘੁਬੀਰ ਦਾ।
ਯੱਗ ਪੂਰਾ ਕੌਣ ਕਰਦਾ ਕਬੀਰ ਦਾ॥

ਘਰ ਜਾ ਕੇ ਕੌਣ ਬੰਨ੍ਹਦਾ ਸੁਦਾਮੇ ਦਾ।
ਦੇਹੁਰਾ ਕੌਣ ਫੇਰਦਾ ਭਗਤ ਨਾਮੇ ਦਾ॥

ਰੂਪ ਨਾ ਜੇ ਹੋਂਵਦਾ ਰਮਾਂ ਵਿਲਾਸ ਦਾ।
ਤਰਦਾ ਪੱਥਰ ਕਿਵੇਂ ਰਵਿਦਾਸ ਦਾ॥

ਜੇ ਤੂੰ ਬਾਬਾ ਸੱਚ ਝੂਠ ਨਾ ਪਛਾਣਦਾ।
ਪੱਖ ਕੌਣ ਲੈਂਦਾ ਲਾਲੋ ਤਰਖਾਣ ਦਾ॥

ਜੇ ਨਾ ਤੂੰ ਧਰਤਿ ਉੱਤੇ ਝਾਤਿ ਮਾਰਦਾ।
ਸੱਜਣਾਂ ਤੇ ਕੌਡਿਆਂ ਨੂੰ ਕੌਣ ਤਾਰਦਾ॥

ਗੂੰਜਦੀ ਜੇ ਤੇਰੀ ਮਸਤ ਰਬਾਬ ਨਾ।
ਅੱਜ ਜੇਹਾ ਸੋਹਣਾ ਲੱਗਦਾ ਪੰਜਾਬ ਨਾ॥

ਸਰਵੰਸ ਦਾਨੀ ਜੇ ਗੋਬਿੰਦ ਹੁੰਦਾ ਨਾ।
ਹੋਂਵਦੇ ਨਾ ਹਿੰਦੂ ਸਿੱਖ ਹਿੰਦ ਹੁੰਦਾ ਨਾ॥

ਦੇਹਧਾਰੀਆਂ ਦੇ ਸਦਾ ਕਲਿਆਣ ਲਈ।
ਭੁੱਲਿਆਂ ਹੋਇਆਂ ਨੂੰ ਸਿੱਧੇ ਰਾਹ ਪਾਣ ਲਈ॥

ਜੁੱਗੋ ਜੁੱਗ ਹੁੰਦਾ ਅਵਤਾਰ ਆਪ ਦਾ।
ਸ੍ਰਿਸ਼ਟੀ ਦੇ ਉੱਤੇ ਉਪਕਾਰ ਆਪਦਾ॥

ਬ੍ਰਹਮਾਂ ਸਮੇਤ ਸਾਰੇ ਰਿਸ਼ੀ ਤੇ ਮੁਨੀ।
ਸਿੱਧ ਸਾਧ ਕਿੰਨਰ ਗੰਧਰਬ ਗੁਨੀ॥

ਹਰ ਵੇਲੇ ਆਪ ਦਾ ਸੁਜਸ ਗਾਂਵਦੇ।
ਨੇਤੀ ਨੇਤੀ ਕਹਿ ਕੇ ਵੇਦ ਹਾਰ ਜਾਂਵਦੇ॥

ਸ਼ੇਸ਼ ਨਾਗ ਤੋਂ ਵੀ ਜੋ ਗਿਆ ਨਾ ਆਖਿਆ।
ਮੇਰੀ ਕੀ ਮਜਾਲ ਕਰ ਦਿਆਂ ਵਿਆਖਿਆ॥

ਮੱਛਰਾਂ ਤੋਂ ਨਹੀਂ ਅਸਮਾਨ ਮਿਣੀਦਾ।
ਤਾਰਿਆਂ ਦਾ ਝੁੰਡ ਬੱਚੇ ਤੋਂ ਨਹੀਂ ਗਿਣੀਂਦਾ॥

ਮਨੋ ਤਨੋ ਜੱਸ ਕਰਦੇ ਬੇਸ਼ੱਕ ਗਏ।
ਵੇਦ ਵਿਆਸ ਵਰਗੇ ਲਿਖਾਰੀ ਥੱਕ ਗਏ॥

ਮੇਰੇ ਵਿੱਚ ਗਿਆਨ ਭਗਤੀ ਨਾ ਪ੍ਰੀਤੀ ਹੈ।
ਮੈਂ ਤਾਂ ਮਹਾਰਾਜ ਐਂਵੇਂ ਚੌੜ ਕੀਤੀ ਹੈ॥

ਅਜਰ ਜਰਨ ਤੂੰ ਜਰੂਰ ਜਰ ਲੈ।
ਬਾਲਕ ਦੀ ਬੇਨਤੀ ਕਬੂਲ ਕਰ ਲੈ॥

0

ਸਿਰਖਿੰਡੀ ਛੰਦ :-

## ਅਦਭੁੱਤ

ਇਸ ਦੁਨੀਆ ਨੂੰ ਸੱਚੀ ਜਿਹੜੀ ਮੰਨਦੇ।
ਅਕਲ ਜਿਨ੍ਹਾਂ ਦੀ ਕੱਚੀ ਬੇ ਮੁੱਖ ਲੋਕ ਜੋ॥

ਉਨ੍ਹਾਂ ਨੂੰ ਪ੍ਰਤੱਖ ਉਹ ਨਹੀਂ ਦਿਸਦਾ।
ਵੇਖਣ ਵਾਲੀ ਅੱਖ ਉਨ੍ਹਾਂ ਦੇ ਨਹੀਂ॥

ਸੱਚੀ ਸਹਿਜ ਸਮਾਧਿ ਜਾਂਦੀ ਲੱਗ ਜਦ।
ਮਨ ਦੀ ਸੋਚ ਉਪਾਧਿ ਸਾਰੀ ਬਿਨਸਦੀ॥

ਨਾਮ ਰੂਪ ਸੰਸਾਰ ਜਾਂਦਾ ਭੁੱਲ ਜਦ।
ਸ਼ੁੱਧ ਬੁੱਧ ਕਰਤਾਰ ਓਦੋਂ ਦਿੱਸਦੈ॥

ਪੜ੍ਹਦੇ ਪਾ ਸੱਤਾਈ ਸੁੱਤਾ ਕੌਤੁਕੀ।
ਭੁੱਲੀ ਫਿਰੇ ਲੁਕਾਈ ਬਾਹਰੋਂ ਭਾਲਦੀ॥

ਸਾਰੇ ਪੜਦੇ ਪਾੜੇ ਕੋਈ ਸੂਰਮਾ।
ਛੁਪਿਆ ਮੁੱਖ ਉਘਾੜੇ ਉਸ ਮਹਿਬੂਬ ਦਾ॥

ਕਰ ਕਰ ਭਿੰਨ ਪਸਾਰੇ ਮਾਇਆ ਖੇਡਦੀ।
ਜਿਸ ਦੇ ਇਹ ਸਹਾਰੇ ਲੱਭੋ ਓਸ ਨੂੰ॥

ਮਨ ਇੰਦਰੇ ਬੁੱਧ ਬਾਣੀ ਜੋ ਕੁਝ ਚਿਤਵਦੇ।
ਸਾਰੀ ਕੂੜ ਕਹਾਣੀ ਝੂਠੀ ਕਲਪਣਾ॥

ਜੱਗ ਤ੍ਰਿਗੁਣ ਦੀ ਖੇਡ ਹਰਿ ਅਧਿਸ਼ਠਾਨ ਹੈ।
ਸ਼ਾਖਾ ਪੱਤੇ ਪੇਡ ਸਭ ਕੁਝ ਆਪ ਉਹ॥

ਕਰਣ ਭਰਣ ਤੇ ਭੱਖਣ ਉਸਦੇ ਚੋਜ ਨੇ।
ਉਸ ਦਾ ਰੂਪ ਵਿਲੱਖਣ ਕਾਰਣ ਕਾਰਜੋਂ॥

ਅਗਮ ਅਡੋਲ ਅਟੱਲ ਉਹ ਅਦਵੈਤ ਹੈ।
ਭੇਦ ਭਾਵ ਦੀ ਗੱਲ ਸਾਰੀ ਮਿੱਥਿਆ॥

ਵਾਦ ਅਤੇ ਪ੍ਰਤਿਵਾਦ ਤੇ ਸੰਵਾਦ ਸਭ।
ਮਸਲੇ ਲਾ-ਤਾਦਾਦ ਬੇ ਬੁਨਿਆਦ ਨੇ॥

ਸਾਰਿਆਂ ਦਾ ਆਧਾਰ ਜੋ ਪਰਮਾਤਮਾ।
ਨਮਸਕਾਰ ਲੱਖਵਾਰ ਸਾਡੀ ਓਸ ਨੂੰ॥

○

ਦਵੈਯਾ ਛੰਦ:-

## ਯਾਚਨਾ

ਤੇਰੇ ਦਰ ਤੋਂ ਹੇ ਪ੍ਰਭੂ ਜੀ ਮੈਂ ਖ਼ੈਰ ਪ੍ਰੇਮ ਦੀ ਮੰਗਾਂ।
ਹੋਰ ਕਿਸੇ ਦਰ ਜਾਵਣ ਤੋਂ ਹੁਣ ਮੈਂ ਪ੍ਰੀਤਮ ਸੰਗਾਂ॥
ਤੇਰੇ ਦਰ ਤੋਂ ਸੁਆਲੀ ਖ਼ਾਲੀ ਨਹੀਂ ਦਾਤਿਆ ਮੁੜਦਾ।
ਚਿੜੀਆਂ ਦੇ ਪੀਤਿਆਂ ਤੋਂ ਜੀਕਣ ਨਹੀਂ ਸਮੁੰਦਰ ਥੁੜਦਾ॥

ਸ਼ਾਹਾਂ ਦੇ ਸਿਰ ਸ਼ਹਿਨਸ਼ਾਹ ਤੂੰ ਅਗਮ ਅਥਾਹ ਭੰਡਾਰੀ।
ਮੈਂ ਹਾਂ ਤੇਰੇ ਦਰ ਦਾ ਬਾਬਾ ਛੋਟਾ ਜਿਹਾ ਭਿਖਾਰੀ॥
ਅਤਿ ਦੁਸਤਰ ਹੈ ਤਰਨਾ ਮੋਹਨ ਇਹ ਭਵਸਾਗਰ ਭਾਰੀ।
ਕ੍ਰਿਪਾ ਕਰਕੇ ਇਸ ਤੋਂ ਮੈਨੂੰ ਤੂੰ ਹੀ ਤਾਰ ਮੁਰਾਰੀ॥

ਮਾਤਾ ਪਿਤਾ ਇਸਤਰੀ ਪੁੱਤਰ ਤੂੰ ਮਾਲਕ ਤੂੰ ਪਿਆਰਾ।
ਇਸ ਦੁਨੀਆਂ ਵਿੱਚ "ਬ੍ਰਹਮਦੇਵ" ਦਾ ਤੂੰ ਹੈਂ ਸਿਰਫ਼ ਸਹਾਰਾ॥
ਸਭ ਦੇ ਹਿਰਦੇ ਵਿੱਚ ਤੂੰ ਰਹਿ ਕੇ ਸਭ ਨੂੰ ਦੇਨੈਂ ਸ਼ਗਤੀ।
ਮੈਨੂੰ ਪ੍ਰਭੂ ਜੀ !ਬਖ਼ਸ਼ਿਸ਼ ਕਰਦੇ ਨਿਜ ਚਰਨਾਂ ਦੀ ਭਗਤੀ॥

ਤੇਰੀ ਕ੍ਰਿਪਾ ਨਾਲ ਜਾਗਦੀ ਸੁੱਤੀ ਅਨਹਦ ਬਾਣੀ।
ਨਮਸਕਾਰ ਲੱਖ ਵਾਰ ਆਪ ਨੂੰ ਮੇਰੇ ਸਾਰੰਗ ਪਾਣੀ॥
ਜ਼ੱਰਰੇ ਜ਼ੱਰਰੇ ਅੰਦਰ ਵਿਆਪਕ ਸੰਤ ਆਖਦੇ ਤੈਨੂੰ।
ਮੇਰੀ ਹੀ ਹੈ ਤਾਂਘ ਅਧੂਰੀ ਤਾਂ ਨਹੀਂ ਮਿਲਦਾ ਮੈਨੂੰ॥

ਪਰ ਤੂੰ ਰਹਿਮਤ ਕਰ ਕਿਰਪਾ ਨਿੱਧ ਸ਼ਰਨ ਪਿਆ ਮੈਂ ਬਾਲਕ।
ਮੈਂ ਅਗਿਆਨੀ ਭੁੱਲਣਹਾਰਾ ਤੂੰ ਮਿਹਰਾਂ ਦਾ ਮਾਲਕ॥
ਉਂਝ ਤਾਂ ਖ਼ੁਦ ਨੂੰ ਹੇ ਰੱਬ ਜੀ ਤੂੰ ਬੇ-ਘਰ ਹਸਤੀ ਕਹਿਨੈ।
ਲੇਕਿਨ ਮੈਂ ਸੁਣਿਆ ਹੈ ਕਿ ਤੂੰ ਸੰਤਾਂ ਦੇ ਵਿੱਚ ਰਹਿਨੈ॥

ਮੰਦਿਰ ਮਸਜ਼ਿਦ ਜਾਂ ਗੁਰਦੁਆਰੇ ਜੰਗਲ ਪਰਬਤ ਭਾਵੇਂ।
ਮੈਂ ਓਥੇ ਆ ਜਾਵਾਂ ਸੁਹਣਿਆਂ ਜਿੱਥੇ ਤੂੰ ਬੁਲਾਵੇਂ॥

ਭੰਵਰੇ ਨਹੀਂ ਵੇਖਦੇ ਮਹਿਰਮ ਇਹ ਫੁੱਲ ਪੌਦਾ ਕਿਸਦੈ।
ਉਨ੍ਹਾਂ ਨੂੰ ਤਾਂ ਹਰ ਫੁੱਲ ਵਿੱਚੋਂ ਇਸ਼ਟ ਆਪਣਾ ਦਿਸਦੈ॥
ਮੈਂ ਤਾਂ ਜਿੱਥੇ ਸੁਣ ਲੈਂਦਾ ਹਾਂ ਚਰਚਾ ਤੇਰੇ ਨਾਂ ਦਾ।
ਮੇਰਾ ਤਾਂ ਸਿਰ ਓਸੇ ਥਾਂ ਹੀ ਪਿਆਰ ਨਾਲ ਝੁਕ ਜਾਂਦਾ॥

ਦਵੈਯਾ ਛੰਦ:-

ਇਹਨਾਂ ਸ਼ਰਧਾਲੂਆਂ ਤੋਂ ਬਚ ਕੇ
ਐਪਰ ਜਿਹੜੇ ਤੇਰੀ ਖ਼ਾਤਿਰ ਉੱਚੇ ਮਹਿਲ ਬਣਾਉਂਦੇ।
ਉਹ ਤਾਂ ਆਪਣੀ ਹਉਮੈ ਨੂੰ ਹੀ ਲੋਕਾਂ ਵਿੱਚ ਦਰਸਾਉਂਦੇ॥

ਲੱਖ ਕਰੋੜ ਖ਼ਰਚਦੇ ਜਿਹੜੇ ਤੇਰੇ ਨਾਂ ਪੁਰ ਸੁਆਮੀ।
ਸਹੀ ਮਾਅਨਿਆਂ ਵਿੱਚ ਉਹ ਤੇਰੀ ਕਰਦੇ ਨੇ ਬਦਨਾਮੀ॥
ਕਿਉਂਕਿ ਤੇਰੇ ਮੰਦਰੀਂ ਜਿਹੜੇ ਜਾਂਦੇ ਕਲਸ ਚੜ੍ਹਾਏ।
ਮਜ਼ਦੂਰਾਂ ਦੇ ਖ਼ੂਨ ਨਾਲ ਉਹ ਜਾਂਦੇ ਨੇ ਚਮਕਾਏ॥

ਉਨ੍ਹਾਂ ਕਲਸਾਂ ਵੱਲ ਵੇਖ ਕੇ ਕਹਿੰਦੀ ਸ੍ਰਿਸ਼ਟੀ ਤੇਰੀ।
ਕੀ ਪਰਮਾਤਮ ਲੁਪਤ ਹੋ ਗਈ ਅੰਤਰ ਦ੍ਰਿਸ਼ਟੀ ਤੇਰੀ॥
ਇੱਕ ਪਾਸੇ ਤਾਂ ਪਰਜਾ ਤੇਰੀ ਭੁੱਖੀ ਮਰਦੀ ਰੋ ਰੋ।
ਦੂਜੇ ਪਾਸੇ ਤੇਰੇ ਮੰਦਰ ਖੜ੍ਹੇ ਆਖਦੇ ਡੋ ਡੋ॥

ਅੱਧੀ ਦੁਨੀਆਂ ਤੈਥੋਂ ਮਾਲਕ ਤਾਂ ਹੀ ਮੁਨਕਰ ਹੋਈ।
ਕਿਉਂਕਿ ਹੋਰ ਕਮਾਉਂਦੇ ਏਥੇ ਮੌਜ ਉਡਾਉਂਦੇ ਕੋਈ॥
ਹੋਰਾਂ ਦੀ ਮਿਹਨਤ ਦਾ ਏਥੇ ਫ਼ਾਇਦਾ ਹੋਰ ਉਠਾਉਂਦੇ।
ਮਜ਼ਲੂਮਾਂ ਦਾ ਗਲਾ ਘੁੱਟ ਕੇ ਠੱਗ ਤੈਨੂੰ ਵਡਿਆਉਂਦੇ॥

ਕ੍ਰਿਤੀ ਕਸ਼ਟ ਭੋਗਦੇ ਏਥੇ ਕਰਦੇ ਐਸ਼ ਪਖੰਡੀ।
ਜਿਸ ਕਰਕੇ ਅੱਜ ਦੁਨੀਆਂ ਦੇ ਵਿੱਚ ਹੁੰਦੀ ਤੇਰੀ ਭੰਡੀ॥
ਦਾਨਵਤਾ ਦੇ ਹੇਠਾਂ ਬਾਬਾ ਅੱਜ ਮਾਨਵਤਾ ਪਿਸਦੀ।
ਇਹ ਦੁਰਦਸ਼ਾ ਜਗਤ ਤੇਰੇ ਦੀ ਕੀ ਤੈਨੂੰ ਨਹੀਂ ਦਿਸਦੀ॥

ਇਸ ਕਰਕੇ ਮੈਂ ਕਹਿਨਾਂ ਉਚਿਆਂ ਮਹਿਲਾਂ ਦਾ ਰੁੱਖ ਤਿਆਗੋ।
ਬੀਤ ਗਿਆ ਤੋਂ ਵੱਧ ਜ਼ਾਲਿਮ ਨੇ ਵਰਤਮਾਨ ਦੇ ਭਾਗੋ॥

ਸੁਰਗ,ਬਹਿਸ਼ਤ,ਸੱਚਖੰਡ ਤੈਥੋਂ ਮੰਗਦਾ ਫਿਰੇ ਜ਼ਮਾਨਾ।
ਮੈਨੂੰ ਤਾਂ ਦਰਸ਼ਨ ਦੀ ਭੁੱਖ ਹੈ ਜੇ ਦੇਵੇਂ ਭਗਵਾਨਾ॥

ਸ੍ਰਿਸ਼ਟੀ ਤਾਰਨ ਦੇ ਲਈ ਲੈ ਕੇ ਈਸ਼ਵਰ ਤੋਂ ਅਧਿਕਾਰ।
ਸ਼ਕਤੀ ਮਾਨ ਸਤਿਗੁਰੂ ਲੈਂਦੇ ਦੁਨੀਆਂ ਵਿੱਚ ਅਵਤਾਰ॥
ਗਿਆਨ ਨਿਧਾਨ ਨਾਮ ਦੇ ਰਸੀਏ ਆਸ਼ਿਕ ਰਾਮ ਵਿਜੋਗੀ।
ਸੁੱਚ ਸੰਜਮ ਦੇ ਪੁੰਜ ਦਿਆਲੂ ਆਤਮ ਰਸ ਦੇ ਭੋਗੀ॥

ਤ੍ਰਿਗੁਣ ਦੇ ਅੰਧਕਾਰ 'ਚ ਫਸਿਆ ਮਾਨਵ ਦੇਹ ਅਭਿਮਾਨੀ।
ਉਸ ਨੂੰ ਉਸ ਅੰਧਕਾਰ 'ਚੋਂ ਕੱਢਦੇ ਸੂਰਜ ਗੁਰੂ ਗਿਆਨੀ॥
ਆਪ ਗ੍ਰਹਿਣ ਕਰ ਪਾਪ ਸ਼ਿਸ਼ ਦੇ ਉਸ ਨੂੰ ਕਰਨ ਪਵਿੱਤਰ।
ਗੋਬਿੰਦ ਤੋਂ ਵੀ ਉਚੇ ਸਤਿਗੁਰ ਮਹਿਮਾ ਪਰਮ ਵਿੱਚਿੱਤਰ॥

ਜੋ ਰੂਹਾਂ ਉਸ ਮਹਾਂ ਜੋਤ ਤੋਂ ਟੁੱਟੀਆਂ ਹਉਂ ਵਿੱਚ ਆ ਕੇ।
ਉਨ੍ਹਾਂ ਪੁਰ ਗੁਰ ਕ੍ਰਿਪਾ ਕਰਦੇ ਜੋਤੀ ਨਾਲ ਮਿਲਾ ਕੇ॥
ਗੁਰੂ ਮਹਾਨ ਗਿਆਨ ਦੇ ਬੇੜੇ ਜੱਗ ਦੁਸਤਰ ਦਰਿਆ ਹੈ।
ਇਸ ਨੂੰ ਉਹ ਨਰ ਤਰ ਜਾਂਦਾ ਹੈ ਜੋ ਬੇੜੇ ਚੜ੍ਹ ਗਿਆ ਹੈ॥

ਮਾਇਆ ਨਾਗਿਨ ਡੱਸਦੀ ਸਭ ਨੂੰ ਇਸ ਤੋਂ ਬਚਨਾ ਮੁਸ਼ਕਿਲ।
ਇਸ ਤੋਂ ਉਹ ਬਚਦਾ ਜੋ ਜਾਂਦਾ ਗੁਰ ਗਾਰੁੜਿ ਦੀ ਮਹਿਫ਼ਲ॥
ਸੇਵਕ ਹਨ ਸਤਿਗੁਰ ਦੇ ਬਾਲਕ ਗੁਰੂ ਪਿਆਰੀ ਮਾਤਾ।
ਸਤਿਗੁਰ ਸ਼ਾਹ ਤੇ ਭੀਖਕ ਸੇਵਕ ਮੁਰਸ਼ਿਦ ਮੁਕਤੀ ਦਾਤਾ॥

ਧਨ ਇੱਜ਼ਤ ਤੇ ਭੋਗ ਪਦਾਰਥ ਦੇ ਸਕਦੀ ਹੈ ਦੁਨੀਆਂ।
ਪਰ ਮੁਕਤੀ ਸਤਿਗੁਰ ਦੇ ਸਕਦੈ ਇਹ ਗੱਲ ਆਖੀ ਮੁਨੀਆਂ॥
ਪਾਪੀ ਪਾਮਰ ਦੁਸ਼ਟਾਂ ਨੂੰ ਵੀ ਜੋ ਹੱਸ ਕੇ ਗਲ ਲਾਉਂਦਾ।
"ਬ੍ਰਹਮਦੇਵ" ਉਹ ਸੱਚਾ ਸਤਿਗੁਰ ਬ੍ਰਹਮਨਿਸ਼ਠ ਅਖਵਾਉਂਦਾ॥

ਭੁੱਲਣਹਾਰ ਜੀਵ ਅਗਿਆਨੀ ਬਖ਼ਸ਼ਣ ਹਾਰ ਗੁਰੂ ਹੈ।
ਜੀਵ ਵਿਚਾਰਾ ਅਉਗੁਣ ਭਰਿਆ ਦਇਆ ਭੰਡਾਰ ਗੁਰੂ ਹੈ॥
ਜਦੋਂ ਜਾਗਦੇ ਭਾਗ ਜੀਵ ਦੇ ਪਰਾਰਬੱਧ ਬੱਸ ਹੋ ਕੇ।
ਉਸ ਪਲ ਇਹ ਅੰਦਰ ਨੂੰ ਮੁੜਦੈ ਬਾਹਰੋਂ ਬੂਹੇ ਢੋ ਕੇ॥

ਆਤਮ ਖੋਜ ਕਰਨ ਦੀ ਇਸ ਨੂੰ ਚਿਟਕ ਜਿਹੀ ਤਦ ਲੱਗਦੀ।
ਇਸ ਦੇ ਹਿਰਦੇ ਵਿੱਚ ਉਸ ਖਿਨ ਇੱਕ ਨਦੀ ਤੜਪਦੀ ਵਗਦੀ॥
ਤੜਪ ਨਦੀ ਨੂੰ ਜੇ ਹੋ ਜਾਵੇ ਹਾਸਿਲ ਗੁਰੂ ਸਮੁੰਦਰ।
ਤਦ ਤਾਂ ਫਿਰ ਉਹ ਬਣ ਜਾਂਦੀ ਏ ਗੰਗਾ ਤੋਂ ਵੀ ਸੁੰਦਰ॥

ਮੰਦ ਭਾਗੀਂ ਜੇ ਮਿਲੇ ਨਾ ਇਸਨੂੰ ਸਤਿਗੁਰ ਸਿੰਧ ਦਿਆਲਾ।
ਫਿਰ ਤਾਂ ਬੱਸ ਇਹ ਰਹਿ ਜਾਂਦੀ ਏ ਬਰਸਾਤੀ ਜਿਹਾ ਨਾਲਾ॥
ਬ੍ਰਹਮ ਗਿਆਨ ਵੀ ਕਈ ਬਿਧ ਸ਼ਿਸ਼ ਨੂੰ ਕਰਦੇ ਦਾਨ ਗੁਰੂ ਜਨ।
ਸਤਿਗੁਰ ਵਿੱਚ ਸਰਵੱਗਤਾ ਹੁੰਦੀ ਸ਼ਿਸ਼ਾਂ ਵਿੱਚ ਅਲਪੱਗਪਣ॥

ਜਿਹੋ ਜਿਹਾ ਅਧਿਕਾਰੀ ਵੇਂਹਦੇ ਉਹ ਸਮਝਾਉਂਦੇ ਤਿਸ ਵਿਧ।
ਮੰਗਤੇ ਬਣ ਕੇ ਲੈ ਲਉ ਭਾਈ ਬਖਸ਼ਿਸ਼ ਕਰਦੇ ਜਿਸ ਵਿਧ॥
ਕ੍ਰਿਪਾ ਦ੍ਰਿਸ਼ਟੀ ਵੀ ਗੁਰ ਕਰਦੇ ਕੁੰਡਲੀ ਵੀ ਸੁਲਝਾਉਂਦੇ।
ਸਿਰ ਦੇ ਉੱਤੇ ਹੱਥ ਰੱਖ ਕੇ ਵੀ ਬ੍ਰਹਮ ਗਿਆਨ ਕਰਵਾਉਂਦੇ॥

ਸੇਵਾ ਹੀ ਕਰਵਾਕੇ ਕਰਦੇ ਪਾਰ ਕਿਸੇ ਦਾ ਬੇੜਾ।
ਗ੍ਰੰਥ ਪੜ੍ਹਾ ਕੇ ਕਿਸੇ ਕਿਸੇ ਦਾ ਕਰਦੇ ਗੁਰੂ ਨਿਬੇੜਾ॥
ਧੂੜੀ ਤਿਲਕ ਕਿਸੇ ਦੇ ਕਰਦੇ ਅਤੇ ਕਈਆਂ ਨੂੰ ਮੰਤਰ।
ਮਹਾਂ ਸ਼ਨਾਨ ਕਰਾ ਕੇ ਵੀ ਉਹ ਕਰ ਦਿੰਦੇ ਸਵਤੰਤਰ॥

ਸਿੱਧੇ ਰਾਹ ਕਈਆਂ ਨੂੰ ਪਾਉਂਦੇ ਜਾਪ ਸਤੋਤਰ ਦੱਸ ਕੇ।
ਜੀਵਨ ਮੁਕਤ ਕਿਸੇ ਨੂੰ ਕਰਦੇ ਲਾਡ ਪਿਆਰ ਵਿੱਚ ਹੱਸ ਕੇ॥
ਅਨਿਕ ਤਰੀਕਿਆਂ ਨਾਲ ਭੇਜਦੇ ਕੰਨਿਆਂ ਨੂੰ ਵਰ ਕੋਲੇ।
ਅਚਰਜ ਅਗਮ ਅਕੱਥ ਪ੍ਰੋਹਿਤ ਅਦਭੁਤ ਗੁਰੂ ਵਿਚੋਲੇ॥

"ਬ੍ਰਹਮਦੇਵ" ਨੂੰ ਰਹਿਮਤ ਹੋਈ ਰੰਗ ਬਰੰਗੀ ਮਸਤੀ।
ਉਹ ਸਾਰੇ ਰੰਗ ਲਿਖ ਸਕਣ ਦੀ ਨਾ ਕਲਮਾਂ ਵਿੱਚ ਹਸਤੀ॥
ਅਮਰ ਅਛੇਦ ਅਭੇਦ ਅਪਰ ਪਰ ਮੈਨੂੰ ਗੁਰਾਂ ਬਣਾਇਆ।
ਨਾ ਮੈਂ ਸੁੱਕਦਾ ਨਾ ਮੈਂ ਭਿੱਜਦਾ ਸ਼ੁੱਧ ਰੂਪ ਸਮਝਾਇਆ॥

ਮੈਂ ਤੂੰ,ਤੂੰ ਮੈਂ,ਤੂੰ ਹੀ ਬਣ ਗਿਆ ਮੈਂ ਦਿਸਦਾ ਅਨਦਿਸਦਾ।
ਪਾਪ ਪੁੰਨ ਦੀ ਚੱਕੀ ਵਿੱਚ ਹੁਣ "ਬ੍ਰਹਮਦੇਵ" ਨਹੀਂ ਪਿਸਦਾ॥
ਅਨਰਸ ਨੂੰ ਮੈਂ ਚੱਖ ਲਿਆ ਹੈ ਸੁਣਿਆ ਹੈ ਮੈਂ ਅਣਸੁਣ।
ਸੁੰਘ ਲਿਆ ਮੈਂ ਗੰਧ ਰਹਿਤ ਨੂੰ ਮੈਂ ਨਹੀਂ ਰਹਿਆ ਉਹ ਹੁਣ॥

ਜਾਤਪਾਤ ਕੁਲ ਵਰਣ ਰਹਿਤ ਮੈਂ ਸ਼ਾਖਾ ਹੀਣ ਅਗੋਤਰ।
ਜੱਗ ਨਾਲ ਨਹੀਂ ਰਿਸ਼ਤਾ ਮੇਰਾ ਨਾ ਪੁੱਤ ਨਾ ਮੈਂ ਪੋਤਰ॥
ਸੀਮਾ ਰਹਿਤ ਅਸੀਮ ਪੁਰਖ ਮੈਂ ਘਟ ਘਟ ਵਿੱਚ ਭਰਪੂਰ।
ਅਨਛੂਹ ਨੂੰ ਮੈਂ ਛੂਹ ਬੈਠਾ ਹਾਂ ਨਾ ਨਜ਼ਦੀਕ ਨਾ ਦੂਰ॥

ਦੁਨੀਆਂ ਕੁਝ ਨਹੀ,ਮੈਂ ਵੀ ਕੁਝ ਨਹੀਂ,ਨਾ ਕੁਝ,ਮੈਂ ਸਭ ਕੁਝ ਹਾਂ।
ਅਜ ਅਬਿਨਾਸੀ ਪੂਰਨ ਆਤਮ ਗੁੰਝਲਦਾਰ ਅਬੁੱਝ ਹਾਂ॥
ਜਾਨਣ ਜੋਗ ਤੇ ਜਾਨਣ ਵਾਲਾ ਅਤੇ ਜਾਣ ਪਹਿਚਾਣ।
ਮੈਂ ਇਨ੍ਹਾਂ ਸਾਰਿਆਂ ਤੋਂ ਉੱਪਰ ਬ੍ਰਹਮ ਸਰੂਪ ਮਹਾਨ॥

○

# ਨੂਰ ਦਾ ਅਨੁਭਵ

ਡਾ. ਗੁਰਦੀਪ ਸਿੰਘ ਭੰਡਾਰੀ

ਪ੍ਰਸਤੁਤ ਕਾਵਿ ਸੰਗ੍ਰਹਿ,ਸਵਾਮੀ "ਬ੍ਰਹਮਦੇਵ" ਜੀ ਦੀ ਰਚਨਾ ਹੈ ਜਿਸ ਵਿੱਚ ਨੂਰ ਦੇ ਨੇੜੇ ਦਾ ਕੋਈ ਅਨੁਭਵ ਵਿਅਕਤ ਹੋਇਆ ਪ੍ਰਤੀਤ ਹੁੰਦਾ ਹੈ, ਜਿਸ ਨੂੰ ਆਧੁਨਿਕ ਸਾਹਿਤ ਮੰਡਲਾਂ ਵਿੱਚ ਅਧਿਆਤਮਕ ਅਨੁਭਵ ਆਖਿਆ ਜਾਂਦਾ ਹੈ।ਅਧਿਆਤਮ ਵਾਸਤਵ ਵਿੱਚ ਆਤਮਾ ਤੋਂ ਅਧਿਕ (ਉੱਪਰ)ਅਥਵਾ ਨੂਰ ਦੇ ਨੇੜੇ ਦੀ ਕਿਸੇ ਰਸਾਨੁਭੂਤੀ ਦਾ ਨਾਂ ਹੈ। ਵਰਤਮਾਨ ਯੁੱਗ ਵਿੱਚ,ਭਾਵੇਂ ਰੱਬ ਬਾਰੇ ਕੀਤੀਆਂ ਕੇਵਲ ਗੱਲਾਂ ਨੂੰ ਹੀ ਅਧਿਆਤਮ ਆਖ ਲਿਆ ਜਾਂਦਾ ਹੈ,ਪਰੰਤੂ ਸ਼ੁੱਧ ਰੂਪ ਵਿੱਚ ਅਧਿਆਤਮ ਉਹ ਅਨੁਭੂਤੀ ਅਥਵਾ ਪ੍ਰਤੀਤੀ ਹੈ ਜਿਹੜੀ ਆਤਮਾ ਨੂੰ ਉਸ ਜੋਤਿ ਸਰੂਪ ਪਰਮਾਤਮਾ ਦੇ ਦਰਸ ਪਰਸ ਕਰਕੇ ਨੂਰੋ ਨੂਰ ਹੋ ਜਾਣ ਪਿੱਛੋਂ ਹੀ ਹੁੰਦੀ ਹੈ।ਇਸ ਅਵਸਥਾ ਵਿੱਚ ਪੁੱਜ ਕੇ ਆਤਮਾ ਅਨਹਤ ਸ਼ਬਦ ਦੀ ਅਖੰਡ ਧੁਨੀ ਨੂੰ ਸੁਣਦੀ ਤੇ ਸ਼ਬਦ ਦੇ ਨੂਰੀ ਪ੍ਰਕਾਸ਼ ਨੂੰ ਵੇਖਦੀ ਹੈ। ਅਜਿਹੀ ਅਵਸਥਾ ਨੂੰ ਸ੍ਰੀ ਨਾਮਦੇਵ ਜੀ ਨੇ ਆਪਣੀ ਰਚਨਾ ਵਿੱਚ ਬੜੇ ਰਹੱਸਮਈ ਢੰਗ ਨਾਲ ਇਸ ਪ੍ਰਕਾਰ ਵਿਅਕਤ ਕੀਤਾ ਹੈ :-

ਜਹ ਝਿਲਮਿਲਕਾਰੁ ਦਿਸੰਤਾ।
ਤਹ ਅਨਹਦ ਸ਼ਬਦ ਬਜੰਤਾ।
ਜੋਤੀ ਜੋਤਿ ਸਮਾਨੀ।
ਮੈਂ ਗੁਰ ਪ੍ਰਸਾਦੀ ਜਾਨੀ।
ਰਤਨ ਕਮਲ ਕੋਠਰੀ।
ਚਮਕਾਰ ਬਿਜੁਲ ਤਹੀ।
ਜਹ ਅਨਹਤ ਸੂਰੁ ਉਜ੍ਹਾਰਾ
ਤਹ ਦੀਪਕ ਜਲੈ ਛੰਛਾਰਾ।(ਆਦਿ ਗ੍ਰੰਥ,ਪੰਨਾ ੬੫੭)

ਅਜਿਹੀ ਨੂਰ ਦੇ ਨੇੜੇ ਦੀ ਅਵਸਥਾ ਕਿਸੇ ਨਾਮ ਰਸੀਏ ਅਥਵਾ ਸ਼ਬਦ ਅਭਿਆਸੀ ਨੂੰ ਅਕਾਲ ਪੁਰਖ ਦੀ ਅਤਿਅੰਤ ਦਇਆ ਮਿਹਰ ਦੁਆਰਾ ਹੀ ਨਸੀਬ ਹੁੰਦੀ ਹੈ।ਇਸ ਪੁਸਤਕ ਵਿਚਲੀਆਂ ਕਾਵਿ ਮਣੀਆਂ ਅਜਿਹੀ ਅਵਸਥਾ ਦੀਆਂ ਲਖਾਇਕ ਜਾਪਦੀਆਂ ਹਨ। ਇਨ੍ਹਾਂ ਦੇ ਰਚਣਹਾਰ ਸਵਾਮੀ ਜੀ ਕੋਈ

ਅਨੁਭਵੀ, ਪ੍ਰਭੂ ਮੰਡਲਾਂ ਵਿੱਚ ਵਿਚਰਣ ਵਾਲੇ ਗੁਰਮੁਖ ਪਿਆਰੇ ਜਾਪਦੇ ਹਨ। ਪ੍ਰਸਤੁਤ ਸੰਗ੍ਰਹਿ ਵਿੱਚ ਆਤਮ ਗਿਆਨ ਅਥਵਾ ਬ੍ਰਹਮ ਗਿਆਨ ਦੀਆਂ ਜਿਨ੍ਹਾਂ ਗੁੱਝੀਆਂ ਤੇ ਭੇਤ ਭਰੀਆਂ ਰਮਜ਼ਾਂ ਦਾ ਜ਼ਿਕਰ ਕੀਤਾ ਗਿਆ ਹੈ, ਉਹ ਕੇਵਲ ਗੁਰੂ ਪ੍ਰੇਮ ਵਿੱਚ ਖੀਵੀ ਜੀਵਾਤਮਾ ਹੀ ਜਾਣ ਸਕਦੀ ਹੈ। ਕੁਝ ਬੰਦ ਪੇਸ਼ ਹਨ :-

ਖ਼ੁਦ ਸ਼ਬਦ ਰੂਪ ਹੋ ਜਾ ਬਣਾ ਲੈ ਸੁਰਤੀ ਨੂੰ ਪਟਰਾਣੀ।
ਜਪ ਜੈ ਜਗਦੀਸ਼ ਮਨਾਂ ਜਗਤ ਵਿੱਚ ਮੌਜ ਬਥੇਰੀ ਮਾਣੀ।

○

ਖ਼ੁਦ ਰੌਸ਼ਨ ਰੂਹ ਹੈਂ ਤੂੰ
ਆਪਣੇ ਆਪ ਚਰਾਗ਼ ਜਗਾ ਲੈ।
ਦੁਨੀਆਂ ਤਾਂ ਫਾਨੀ ਹੈ
ਦਿਲਾ ਦੋ ਰੋਣ ਰਾਮ ਗੁਣ ਗਾ ਲੈ।

○

ਦਸਵੇਂ ਵਿੱਚ ਦਾਖਲ ਹੋ
ਬਾਕੀ ਬੰਦ ਕਰਕੇ ਦਰਵਾਜ਼ੇ।
ਜਿਸ ਥਾਂ ਪੂਰ ਵੱਜਦੇ ਨੇ
ਪੰਜੇ ਸ਼ਬਦ ਅਨਾਹਦ ਵਾਜੇ।
ਲੰਘ ਕੇ ਛੀ ਚੱਕਰਾਂ ਨੂੰ
ਸੱਤਵੇ ਸੁੰਨ ਸਰੋਵਰ ਨ੍ਹਾ ਲੈ।
ਦੁਨੀਆਂ ਤਾਂ ਫਾਨੀ ਹੈ
ਦਿਲਾ! ਦੋ ਰੋਜ਼ ਰਾਮ ਗੁਣ ਗਾ ਲੈ।

ਦਿਸਦੇ ਤੋਂ ਉੱਪਰ ਹੋ
ਬਣ ਜਾ ਅਣਦਿਸਦੇ ਦਾ ਵਾਸੀ।
ਸੰਤਾਂ ਨੇ ਆਖਿਆ ਹੈ
ਜਿਸ ਨੂੰ ਚੌਥਾ ਪਦ ਅਬਿਨਾਸੀ।

○

ਦ੍ਰਿਸ਼ਟਮਾਨ ਸਭ ਤ੍ਰਿਗੁਣ ਵਿੱਚ ਹੈ
ਰੱਬ ਹੈ ਸਭ ਤੋਂ ਉੱਤੇ।
ਇਹ ਗੱਲ ਗੂੜ ਸਮਝ ਨਹੀਂ ਸਕਦੇ
ਮੋਹ ਮਾਇਆ ਵਿੱਚ ਸੁੱਤੇ।

○

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਅਜਿਹੇ ਅਬਿਨਾਸੀ ਚੌਥੇ ਪਦ ਨੂੰ ਪ੍ਰਾਪਤ ਕਰਨ ਲਈ ਅਥਵਾ ਅਣਦਿਸਦੇ ਦਾ ਵਾਸੀ ਹੋਣ ਲਈ ਅਤੇ,ਦਿਸਦੇ ਤੋਂ ਉੱਪਰ ਉਠਣ ਲਈ ਕਿਹੜੀ ਜੁਗਤੀ ਅਥਵਾ ਵਿਧੀ ਅਪਣਾਈ ਜਾਵੇ। ਇਸ ਦਾ ਉੱਤਰ ਸਵਾਮੀ ਜੀ ਦੀ ਰਚਨਾ ਵਿੱਚੋਂ ਇਸ ਪ੍ਰਕਾਰ ਮਿਲਦਾ ਹੈ :-

ਅੰਤਰ ਆਤਮ ਆਤਮ ਖੋਜੋ
ਤਿਆਗੋ ਮਾਇਆ ਛਾਇਆ।
ਉੱਠੋ ਤੱਕੋ ਉਸ ਪ੍ਰੀਤਮ ਨੂੰ
ਜੋ ਕਣ ਕਣ ਵਿੱਚ ਸਮਾਇਆ।

ਸਪੱਸ਼ਟ ਹੈ ਕਿ ਆਤਮ ਗਿਆਨ ਤੋਂ ਬਿਨਾਂ ਆਤਮ ਖੋਜ ਦੀ ਜੁਗਤੀ ਪ੍ਰਾਪਤ ਨਹੀਂ ਹੋ ਸਕਦੀ। ਆਤਮ ਗਿਆਨ ਕੇਵਲ ਪੁਸਤਕਾਂ ਦੇ ਅਧਿਐਨ-ਅਧਿਆਪਨ ਤੋਂ ਹੀ ਅਥਵਾ ਕਥਾ ਵਾਰਤਾ ਨੂੰ ਸੁਣ ਸੁਣਾ ਕੇ,ਜਾਂ ਹੱਠ ਕਰਮ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਹ ਅਭਿਆਸ ਦਾ ਮਾਰਗ ਹੈ -ਨਾਮ ਸਿਮਰਨ ਦਾ ਮਾਰਗ ਹੈ। ਇਹ ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ ਜਿਉਂਦੇ -ਜੀਅ ਮਰਨ ਦਾ ਮਾਰਗ ਹੈ। ਸਵਾਮੀ ਜੀ ਦੀ ਰਚਨਾ ਵਿੱਚ ਇਸ ਸਮੱਸਿਆ ਦਾ ਸਮਾਧਾਨ ਇਸ ਪ੍ਰਕਾਰ ਕੀਤਾ ਗਿਆ ਹੈ :-

ਉਤਨਾ ਚਿਰ ਨਹੀਂ ਪੀ ਸਕਦਾ
ਨਰ ਅਦਭੁੱਤ ਅੰਮ੍ਰਿਤ ਪਾਣੀ।
ਗੁਰਮੁਖ ਦੀ ਹੀ ਸਮਝ ਪਵੇਗੀ
ਇਹ ਅਨੁਭਵ ਦੀ ਬਾਣੀ।
ਸਤਿਗੁਰ ਹੀ ਕਰਵਾ ਸਕਦੇ ਨੇ
ਅਗਮ ਅਲੱਖ ਦਾ ਅਨੁਭਵ।
"ਬ੍ਰਹਮਦੇਵ" ਬਿਨ ਪੂਰੇ ਮੁਰਸ਼ਿਦ
ਦਿਸਦਾ ਨਹੀ ਉਹ ਪ੍ਰਣਵ।

ਇਸ ਚਰਚਾ ਤੋਂ ਇਹ ਤੱਥ ਸਪਸ਼ਟ ਹੋ ਕੇ ਸਾਡੇ ਸਾਹਮਣੇ ਆਉਂਦਾ ਹੈ ਕਿ ਇਸ ਪੁਸਤਕ ਦੀ ਕਾਵਿ ਰਚਨਾ ਦਾ ਸੁਭਾਵ ਤੇ ਸਰੂਪ ਸੂਫ਼ੀ ਕਾਵਿ, ਭਗਤੀ ਕਾਵਿ, ਅਥਵਾ ਸੰਤ ਕਾਵਿ ਦੇ ਨੇੜੇ ਤੇੜੇ ਦਾ ਹੈ। ਇਸ ਵਿੱਚ ਸਵਾਮੀ ਜੀ ਨੇ ਆਤਮ ਗਿਆਨ, ਪ੍ਰਭੂ ਪ੍ਰੇਮ, ਗੁਰੂ-ਭਗਤੀ, ਨਾਮ ਸਿਮਰਨ, ਕਾਮ ਦਹਨ, ਹਉਮੈ ਨਿਵ੍ਰਿਤੀ, ਆਦਿ ਅਧਿਆਤਮ ਚਿੰਤਨ ਦੇ ਜਟਿਲ ਵਿਸ਼ਿਆਂ ਨੂੰ ਆਪਣੀ ਅਭਿਵਿਅੰਜਨਾ ਦਾ ਮਾਧਿਅਮ ਬਣਾਇਆ ਹੈ ਅਤੇ ਇਸ ਪੁਸਤਕ ਦੀ ਹਰ ਪੰਗਤੀ ਵਿੱਚੋਂ ਮਾਨਵ ਪ੍ਰੇਮ, ਪਰਸਪਰ-ਪਿਆਰ, ਧਾਰਮਿਕ-ਸਹਿਣਸ਼ੀਲਤਾ, ਸਰਵ ਸਾਂਝੀਵਾਲਤਾ, ਭਰਾਤ੍ਰੀਅਤਾ, ਆਦਿ ਦਾ ਸੰਦੇਸ਼ ਮਿਲਦਾ ਹੈ :-

ਜੀਕਣ ਸਾਗਰ ਵਿੱਚ
ਜਾ ਡਿੱਗਦੇ ਸਾਰੇ ਨਦੀਆਂ ਨਾਲੇ।
ਏਵੇਂ ਹੀ ਇੱਕ ਜਗ੍ਹਾ ਪਹੁੰਚਦੇ
ਸਾਰੇ ਧਰਮਾਂ ਵਾਲੇ।

O

ਸੋਚਾਂ ਸਮਝਾਂ ਵਾਲਿਓ ਸਿਆਣਿਓ !
ਜਿਸ ਦੇ ਵਿੱਚ ਪ੍ਰਤਿਬਿੰਬਿਤ ਹੁੰਦਾ
ਪ੍ਰਕ੍ਰਿਤੀ ਦਾ ਕਣ ਕਣ।
ਜ਼ੱਰਰੇ ਜ਼ੱਰਰੇ ਦੇ ਵਿੱਚ ਵੱਸਦੈ
ਉਹ ਪਿਆਰਾ ਵਣ ਮਾਲੀ।
ਬਾਹਰੋਂ ਵੇਖਣ ਵਿੱਚ ਨਹੀਂ ਆਉਂਦਾ
ਜਿਉਂ ਮਹਿੰਦੀ ਦੀ ਲਾਲੀ।
ਹਰ ਸ਼ੈ ਵਿੱਚੋਂ ਝਲਕ ਰਿਹਾ ਹੈ
ਉਸ ਦਾ ਨੂਰ ਨਜ਼ਾਰਾ।
ਕਲੀ ਕਲੀ 'ਚੋਂ ਹੱਸ ਰਿਹਾ
ਉਹ ਪ੍ਰੀਤਾਂ ਦਾ ਵਣਜਾਰਾ।

ਪੁਸਤਕ ਦੇ ਸੰਪਾਦਕ ਨੇ ਇਨ੍ਹਾਂ ਰਚਨਾਵਾਂ ਨੂੰ ਦੋ ਭਾਗਾਂ, ਸਹਿਜ ਕਾਵਿ ਤੇ 'ਅਧਿਆਤਮ ਕਾਵਿ' ਵਿੱਚ ਵੰਡ ਕੇ ਸੰਕਲਿਤ ਕੀਤਾ ਹੈ ਪਰ ਪੁਸਤਕ ਦੇ ਅਧਿਐਨ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਵਿਚਲੀ ਕੁਝ ਅਜਿਹੀ ਸਾਮੱਗ੍ਰੀ ਹੈ ਜਿਹੜੀ ਨਿਰੋਲ ਸਦਾਚਾਰਕਤ ਸਮਾਜਿਕ ਸਿਖਿਆਵਾਂ ਨਾਲ ਪਰਿਪੂਰਨ ਹੈ। ਸਦਾਚਾਰਿਕ ਤੇ ਸਮਾਜਿਕ ਸਿੱਖਿਆ ਵਾਲੀਆਂ ਕਵਿਤਾਵਾਂ ਵਿੱਚ ਅਮਰ ਸੱਚਾਈਆਂ ਦੇ ਪ੍ਰਮਾਣ ਬੜੇ ਅਨੂਠੇ ਢੰਗ ਨਾਲ ਪ੍ਰਸਤੁਤ ਹੋਏ ਹਨ। ਇਨ੍ਹਾਂ ਵਿੱਚੋਂ ਪਾਠਕ ਨੂੰ ਬੜੀਆਂ ਅਨਮੋਲ ਸਦਾਚਾਰਿਕ ਸਿਖਿਆਵਾਂ ਮਿਲਦੀਆਂ ਹਨ। ਉਦਾਹਰਣ ਵੇਖੋ:-

ਗੁਰਮੁਖ ਗਿਆਨ ਨਿਧਾਨ ਜਨ
ਕਰਦੇ ਨਹੀਂ ਪਖੰਡ।
ਜਿਉਂ ਸਿਉਣਾ ਨਹੀਂ ਬੋਲਦਾ
ਕਾਂਸੀ ਪਾਉਂਦੀ ਡੰਡ।
ਸਾਕ, ਸੰਬੰਧੀ, ਪੁੱਤ ਧੀ,
ਧੀਰਜ ਬੁੱਧੀ, ਯਾਰ।
ਬਿਪਤਾ ਵੇਲੇ ਪਰਖੀਏ
ਬਲ,ਗੁਣ, ਨੀਤੀ, ਨਾਰ।
ਇਸ ਦੁਨੀਆਂ ਵਿੱਚ ਭੋਗਦੇ

ਦੋਵੇਂ ਕਸ਼ਟ ਉਪਾਧਿ।
ਗ੍ਰਿਹੀ ਜਨ ਪੈਸੇ ਬਿਨਾਂ
ਪੈਸੇ ਵਾਲੇ ਸਾਧੁ।

ਸਵਾਮੀ ਜੀ ਨੇ ਆਪਣੀ ਅਪਾਰ ਸ਼ਰਧਾ ਤੇ ਪ੍ਰੇਮ ਨਾਲ ਇਹ ਪੁਸਤਕ, ਕਾਵਿ ਮੰਡਲਾਂ ਦੇ ਸਮਰਾਟ ਪਾਤਸ਼ਾਹ ਦੇ ਪੁਨੀਤ ਚਰਨ ਕਮਲਾਂ ਵਿੱਚ ਸਮਰਪਿਤ ਕੀਤੀ ਹੈ ਜਿਸ ਤੋਂ ਸਵਾਮੀ ਜੀ ਦੇ ਗੁਰੂ ਘਰ ਨਾਲ ਅਥਾਹ ਪਿਆਰ ਬਾਰੇ ਸੰਕੇਤ ਮਿਲਦਾ ਹੈ।ਆਧੁਨਿਕ ਸਾਹਿਤ ਮੰਡਲ ਵਿੱਚ ਇਹ ਪੁਸਤਕ ਬੜੀ ਵਿਚਿੱਤ੍ਰ ਤੇ ਵਿਲੱਖਣ ਹੈ।ਇਸ ਵਿੱਚ ਦਾਰਸ਼ਨਿਕ ਚਿੰਤਨ, ਅਧਿਆਤਮਕ ਅਨੁਭਵ, ਆਤਮਿਕ ਗਿਆਨ ਤੇ ਸਹਿਜ ਸਿਮਰਨ ਜਿਹੇ ਗੰਭਰਿ ਤੇ ਜਟਿਲ ਵਿਸ਼ਿਆਂ ਨੂੰ ਬੜੀ ਸਰਲ, ਸਪੱਸ਼ਟ ਤੇ ਸੂਤ੍ਰਾਤਮਕ ਸ਼ੈਲੀ ਵਿੱਚ ਅਭਿਵਿਅਕਤ ਕੀਤਾ ਗਿਆ ਹੈ। ਕਾਵਿ ਸ਼ੈਲੀ ਵਿੱਚ ਵਿਦਮਾਨ ਸਨਾਤਨੀ ਸੁਭਾਵ ਦੀ ਸ਼ਬਦਾਵਲੀ ਲੇਖਕ ਦੀ ਵਿਸ਼ਾਲ ਵਿਦਵੱਤਾ ਦੀ ਸਾਖੀ ਭਰਦੀ ਹੈ, ਜਿਹਾ ਕਿ ਆਦਿੱਤ ਮੰਡਲ, ਮਧੁਕਰ, ਸੁਮਾਰਗ, ਬ੍ਰਹਮ ਬੋਧ, ਸੁੱਖ ਨਿਕੇਤਨ, ਤਨਧਾਰੀ, ਵਿਰਜ ਵਿਆਪਕ, ਸ਼ਕਤਿ ਨਿਧਾਨ, ਮੱਲਿਆਚਲ,ਜਲਚਰ, ਥਲਚਰ, ਖੇਚਰ, ਕਲੀ ਕਾਲ, ਤੱਤਵ ਨਿਸ਼ਠ, ਮਿਥਿਆਵਾਦੀ ਆਦਿ।

ਪੁਸਤਕ ਦੀ ਛਪਾਈ ਤੇ ਦੱਖ ਅਤਿਅੰਤ ਸੁੰਦਰ ਹੈ।ਆਸ ਹੈ ਕਿ ਪਰਮਾਰਥ ਦੇ ਜਗਿਆਸੂ ਇਸ ਪੁਸਤਕ ਵਿੱਚ ਸੰਗ੍ਰਹੀਤ ਸੰਤ-ਕਾਵਿ ਦਾ ਅਤਿਅੰਤ ਰਸ ਮਾਣਨਗੇ।ਇਸ ਪੁਸਤਕ ਦੀ ਪ੍ਰਕਾਸ਼ਨਾ ਦੁਆਰਾ ਆਧੁਨਿਕ ਪੰਜਾਬੀ ਸਾਹਿਤ ਖੇਤਰ ਵਿੱਚ ਇਕ ਨਵੇਂ ਦਿੱਸੇ ਹੱਦੇ ਨੂੰ ਮੂਰਤੀਮਾਨ ਕੀਤਾ ਗਿਆ ਹੈ।

# ਗੁਰਮਤਿ ਕਾਵਿ-ਦਰਸ਼ਨ ਦੀ ਪੇਸ਼ਕਾਰੀ

ਡਾ:ਮਹਿੰਦਰ ਕੌਰ ਗਿੱਲ

ਇਸ ਕਾਵਿ ਸੰਗ੍ਰਹਿ ਦੇ ਦੋ ਮੁੱਖ ਹਨ: ਸਹਿਜ ਕਾਵਿ ਤੇ ਅਧਿਆਤਮ ਕਾਵਿ। ਦੋਹਾਂ ਭਾਗਾਂ ਵਿੱਚ ਅਧਿਆਤਮਕ ਅਨੁਭੂਤੀ ਵਿਆਪਕ ਹੈ ਪਰ ਦੋਹਾਂ ਭਾਗਾਂ ਦੀ ਆਪੋ ਆਪਣੀ ਵੱਖਰਤਾ ਵੀ ਹੈ। ਅਧਿਆਤਮਕ ਕਾਵਿ ਦੇ ਵਿੱਚ ਦਾਰਸ਼ਨਿਕ ਸੰਕਲਪ ਦੀ ਵਿਆਖਿਆ ਸੰਕਲਪ ਵਿਸ਼ੇਸ਼ ਨਾਮ ਦੇ ਹੇਠ ਕੀਤੀ ਗਈ ਹੈ ਜੇਹਾ ਕਿ ਈਸ਼ਵਰ, ਸਰਗੁਣ ਬ੍ਰਹਮ, ਸਤਿਸੰਗਤ, ਮਾਇਆ ਦਾ ਪਰਿਵਾਰ, ਭਗਤ ਵੱਛਲ, ਯਾਚਨਾ, ਸਤਿਗੁਰ ਆਦਿ। ਸਹਿਜ ਕਾਵਿ ਵਿੱਚ ਇਹ ਸਾਰੇ ਸੰਕਲਪ ਮੌਜੂਦ ਹਨ ਪਰ ਇਸ ਭਾਗ ਦੀਆਂ ਕਵਿਤਾਵਾਂ ਦੇ ਆਪਣੇ ਨਾਮ ਵੀ ਹਨ।

ਸਤਿਪੁਰਖ, ਵਿੱਚ ਸੰਤ ਦੇ ਸਰੂਪ ਦੀ ਵਿਆਖਿਆ ਹੋਈ ਹੈ। ਉਦਾਹਰਣ ਹਾਜ਼ਰ ਹੈ:-

ਗੁਣ ਰਸਿਕ ਆਦਮੀ ਜੋ ਵਿੱਦਿਆ ਵੰਤ ਕਲਾ ਪਰਵੀਨ
ਹਰ ਪਲ ਪ੍ਰਸੰਨ ਰਹਿੰਦੇ ਵਿਰਤੀ ਸਦਾ ਰਾਮ ਰਸ ਲੀਨ।
ਸਭ ਦੇ ਸ਼ੁੱਭ ਚਿੰਤਕ ਜੋ ਕਰਦੇ ਰਹਿਣ ਸਦਾ ਉਪਕਾਰ
ਉਹਨਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ॥

ਇਸੇ ਤਰਾਂ ਮਨਮੁੱਖ ਸਿਰਲੇਖ ਹੇਠ ਮਨਮੁੱਖ ਸੰਕਲਪ ਦੀ ਪੇਸ਼ਕਾਰੀ ਹੈ। ਬੰਦਗੀ ਕਵਿਤਾ ਵਿੱਚ "ਮਨ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ" ਸੰਕਲਪ ਦੀ ਵਿਸਥਾਰ ਸਹਿਤ ਵਿਆਖਿਆ ਸਾਹਮਣੇ ਆਉਂਦੀ ਹੈ :-

ਧਰਤੀ ਪਹਾੜ ਸਮੁੰਦਰ ਤੇਰੇ ਵਿੱਚ ਵਸਦੇ ਨੇ,
ਸੂਰਜ ਤੇ ਚੰਦ ਸਿਤਾਰੇ ਤੇਰੇ ਵਿੱਚ ਹੱਸਦੇ ਨੇ।
ਸਾਰਾ ਬ੍ਰਹਿਮੰਡ ਸਿਆਣੇ ਤੇਰੇ ਵਿੱਚ ਦੱਸਦੇ ਨੇ,
ਤੈਨੂੰ ਹੈ ਲੋੜ ਸਿਰਫ ਤੇਰੀ ਇੱਕ ਪਹਿਚਾਨ ਦੀ।
ਕਰਿਆ ਕਰ ਹਰਦਮ ਬੰਦਿਆ ਬੰਦਗੀ ਭਗਵਾਨ ਦੀ॥
ਤੇਰਾ ਹੈ ਧਰਮ ਬੰਦਗੀ॥

ਨੂਰ ਦੇ ਨੇੜੇ ਕਾਵਿ ਸੰਗ੍ਰਹਿ ਦਾ ਪ੍ਰਮੁੱਖ ਪਛਾਣ ਚਿੰਨ੍ਹ ਹੈ ਇਹ ਅਧਿਆਤਮਕ ਗਿਆਨ ਨੂੰ ਕਾਵਿ ਰੂਪ ਰਾਹੀਂ ਪੇਸ਼ ਕਰਦਾ ਹੈ। ਇਸ ਪੁਸਤਕ ਦਾ ਆਰੰਭ ਮੰਗਲ ਨਾਲ ਹੋਇਆ ਹੈ। ਪਰੰਪਰਾ ਅਨੁਸਾਰ ਧਾਰਮਿਕ ਗ੍ਰੰਥਾਂ ਦੇ ਆਰੰਭ ਵਿਚ ਮੰਗਲ ਜਾਂ ਮੰਗਲਾਚਰਣ ਹੁੰਦੇ ਸਨ। ਇੱਕ ਲੇਖਕ ਗ੍ਰੰਥ ਸ਼ੁਰੂ ਕਰਨ ਤੋਂ ਪਹਿਲਾਂ ਇੱਕ ਤਰਾਂ ਆਪਣੇ ਇਸ਼ਟ ਦੀ ਆਰਾਧਨਾ ਕਰਦਾ ਸੀ ਤੇ ਨਾਲ ਹੀ ਸਫਲਤਾ ਦੀ ਕਾਮਨਾ ਕਰਦਾ ਸੀ। ਨੂਰ ਦੇ ਨੇੜੇ ਪੁਸਤਕ ਵਿਚਲੇ ਮੰਗਲ ੧ਓ ਦੇ ਸੰਕਲਪ ਦੀ ਵਿਆਖਿਆ ਪੇਸ਼ ਹੋਈ ਹੈ :-

ਸਤਿ ਚਿੱਤ ਆਨੰਦ ਰੂਪ ਪ੍ਰਭ ਪ੍ਰਣਵ ਅੱਖਰ ਓਮ<br>
ਘਟ ਘਟ ਦੇ ਵਿੱਚ ਰਮ ਰਿਹਾ ਜੀਕਣ ਸ਼ਬਦ ਵਿਓਮ॥

ਜ਼ਾਹਿਰ ਹੈ,ਇਹ ਕਾਵਿ ਸੰਗ੍ਰਹਿ ਇੱਕ ਪਾਸੇ,ਆਪਣੀ ਧਾਰਮਿਕ ਬਿਰਤੀ ਸਮੇਤ ਉਦੈ ਹੁੰਦਾ ਹੈ,ਦੂਜੇ ਪਾਸੇ ਮੰਗਲ ਲੇਖਨ ਨਾਲ ਪਰੰਪਰਾ ਪਾਲਕ ਸਿੱਧ ਹੁੰਦਾ ਹੈ। ਪਰੰਪਰਕ ਕਾਵਿ ਅਥਵਾ ਗੁਰਬਾਣੀ ਆਪਣੀ ਪ੍ਰਕ੍ਰਿਤੀ ਵਿੱਚ ਦਾਰਸ਼ਨਿਕ ਹੈ। "ਨੂਰ ਦੇ ਨੇੜੇ" ਦੀ ਪ੍ਰਕ੍ਰਿਤੀ ਵੀ ਅਧਿਆਤਮਕ ਆਖੀ ਜਾ ਸਕਦੀ ਹੈ। ਇਹ ਕਾਵਿ ਸੰਗ੍ਰਹਿ ਇੱਕ ਤਰਾਂ ਗੁਰਮਤਿ ਦਰਸ਼ਨ ਦੀ ਕਾਵਿ ਰੂਪ ਪੇਸ਼ਕਾਰੀ ਹੈ।

ਸਾਰੀ ਪੁਸਤਕ ਵਿੱਚ ਦਰਸ਼ਨ ਦੇ ਵੱਖ ਵੱਖ ਸੰਕਲਪ ਅਕਾਸ਼ ਤਾਰਾ ਮੰਡਲ ਵਾਂਗ ਵੱਖੋ ਵੱਖ ਝਿਲ-ਮਿਲਾਉਂਦੇ ਹਨ। ਤਾਰਿਆਂ ਵਾਂਗ ਕਦੀ ਕੋਈ ਇੱਕ ਸੰਕਲਪ ਇੱਕ ਕਵਿਤਾ ਵਿੱਚੋਂ ਸਾਹਮਣੇ ਆਉਂਦਾ ਹੈ ਤੇ ਕਦੀ ਕਿਸੇ ਦੂਸਰੀ ਕਵਿਤਾ ਵਿੱਚੋਂ ਸਾਰਾ ਕਾਵਿ ਸੰਗ੍ਰਹਿ ਦਰਸ਼ਨ-ਸੰਕਲਪਾਂ ਦੀ ਰੁਣਝੁਣ ਲਾਈ ਰੱਖਦਾ ਹੈ।

ਨੂਰ ਦੇ ਨੇੜੇ ਕਾਵਿ ਸੰਗ੍ਰਹਿ ਜਿੱਥੇ ਅਧਿਆਤਮਕ ਹੈ,ਉਥੇ ਜਨ ਸਾਧਾਰਣ ਦੀ ਪੱਧਰ ਉੱਪਰ ਪੂਰਾ ਉਤਰ ਕੇ ਉਪਦੇਸ਼ਾਤਮਕ ਅੰਸ਼ ਵੀ ਰੱਖਦਾ ਹੈ। ਇਸ ਵਿਚਲੇ ਉਪਦੇਸ਼ ਨੂੰ ਦੋ ਭਾਗਾਂ ਵਿੱਚ ਵੰਡ ਕੇ ਵਿਚਾਰਿਆ ਜਾ ਸਕਦਾ ਹੈ। ਵਿਧਾਨਾਤਮਕ ਅਤੇ ਨਿਸ਼ੇਧਆਤਮਕ ਮਨੁੱਖ ਨੂੰ ਜੋ ਸਦਗੁਣ ਧਾਰਨ ਕਰਨੇ ਚਾਹੀਦੇ ਹਨ,ਉਹਨਾਂ ਦਾ ਸੰਬੰਧ ਵਿਧਾਨਾਤਮਕ ਪੱਖ ਨਾਲ ਹੈ। ਵਿਧਾਨਾਤਮਕ ਪ੍ਰਵਿਰਤੀ ਪੱਖ ਨੂੰ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਮਨੁੱਖ ਨੂੰ ਜਿਹੜੇ ਔਗੁਣਾਂ ਦਾ ਤਿਆਗ ਕਰਨਾ ਚਾਹੀਦਾ ਹੈ ਜਾਂ ਨਹੀਂ ਕਰਨੇ ਚਾਹੀਦੇ ਉਹਨਾਂ ਦਾ ਸੰਬੰਧ ਨਿਸ਼ੇਧਾਤਮਕ ਪੱਖ ਨਾਲ ਹੈ। ਇਸ ਕਾਵਿ ਸੰਗ੍ਰਹਿ ਵਿੱਚ ਕਰਨ ਅਕਰਨ ਦੋਹਾਂ ਨੂੰ ਮਹੱਤਵ ਪੂਰਣ ਸਥਾਨ ਮਿਲਿਆ ਹੈ।

ਗੁਰਬਾਣੀ ਦੇ ਸ਼ਬਦ ਖੇਤਰ ਨਾਲ ਅੱਜ ਦੇ ਪਾਠਕ ਦੀ ਸਾਂਝ ਘਟਦੀ ਜਾ ਰਹੀ ਹੈ ਤੇ ਇਸੇ ਕਰਕੇ ਗੁਰਬਾਣੀ ਕਠਿਨ ਲੱਗਣ ਲੱਗ ਪਈ ਹੈ। ਗੁਰਬਾਣੀ ਪੜ੍ਹਕੇ ਅੱਜ ਦਾ ਪਾਠਕ ਰਸ ਤਾਂ ਮਾਣਦਾ ਹੈ,ਪਰ ਇਸਦੇ ਅਸਲੀ ਮਰਮ ਨੂੰ ਪ੍ਰਾਪਤ ਨਹੀਂ ਹੁੰਦਾ। ਨੂਰ ਦੇ ਨੇੜੇ ਕਾਵਿ ਸੰਗ੍ਰਹਿ ਦਾ ਸ਼ਬਦ ਖੇਤਰ ਆਧੁਨਿਕ ਹੋਣ ਕਰਕੇ ਹਰ ਇੱਕ ਦੀ ਸਮਝ ਵਿੱਚ ਆ ਜਾਂਦਾ ਹੈ। ਔਖੇ ਦਾਰਸ਼ਨਿਕ ਸੰਕਲਪਾਂ ਦੀ ਸਰਲ ਸੌਖੀ ਵਿਆਖਿਆ ਇਸ ਪੁਸਤਕ ਦੀ ਵਿਸ਼ੇਸ਼ ਪ੍ਰਾਪਤੀ ਹੈ। ਜਨ ਸਾਧਾਰਣ ਦੀ ਸਾਂਝ

ਕਠਿਨ ਅਧਿਆਤਮ ਗਿਆਨ ਨਾਲ ਪੁਆਉਣ ਕਰਕੇ ਇਸ ਪੁਸਤਕ ਦੀ ਚੋਣ ਬੇਜੋੜ ਹੈ।ਬ੍ਰਹਮ ਗਿਆਨ ਤੇ ਪ੍ਰੇਮ ਭਗਤੀ ਨੂੰ ਸਹਿਜ,ਸਾਧਾਰਣ ਬੋਲਾਂ ਰਾਹੀਂ ਲੋਕਾਂ ਤੱਕ ਪਹੁੰਚਾਕੇ ਸਵਾਮੀ ਜੀ ਨੇ ਇੱਕ ਬੜਾ ਵੱਡਾ ਪਰਉਪਕਾਰ ਕੀਤਾ ਹੈ।ਅੱਜ ਦੀ ਤਵਾਉਸ਼ੀਲ ਸਥਿਤੀ ਵਿੱਚ ਇਹ ਕਾਵਿ ਲੋਕਾਂ ਨੂੰ ਜਾਗ੍ਰਤ ਕਰੇਗਾ ਅਤੇ ਲੋਕ ਚੇਤਨਾ ਉੱਪਰ ਪ੍ਰਸ਼ਨ ਚਿੰਨ੍ਹ ਲਗਾਏਗਾ। ਲੋਕਾਂ ਨੂੰ ਟੁੰਬੇਗਾ,ਲੋਕ ਆਪਣੇ ਆਪ ਦੇ ਸੁਧਾਰ ਵੱਲ ਮੁੜਨਗੇ । ਅਜੇਹੇ ਕਾਵਿ ਸੰਗ੍ਰਹਿ ਤੋਂ ਅਜੇਹੀ ਕਾਮਨਾ ਹੀ ਕੀਤੀ ਜਾ ਸਕਦੀ ਹੈ।ਅੱਜ ਦੀ ਪੰਜਾਬੀ ਕਵਿਤਾ ਵਿੱਚ ਇਸ ਕਾਵਿ ਸੰਗ੍ਰਹਿ ਦਾ ਆਪਣਾ ਵਿਲੱਖਣ ਸਥਾਨ ਹੈ।

# ਨੂਰ ਦੇ ਨੇੜੇ

ਡਾ: ਅਜੀਤ ਸਿੰਘ

ਨੂਰ ਦੇ ਨੇੜੇ ਸਵਾਮੀ "ਬ੍ਰਹਮਦੇਵ" ਜੀ ਦਾ ਅਨੁਪਮ ਕਾਵਿ ਸੰਗ੍ਰਹਿ ਹੈ। ਇਸ ਪੁਸਤਕ ਦੇ ਅਧਿਐਨ ਪਿੱਛੋਂ ਜਿਹੜਾ ਤੁਰੰਤ, ਸੁਤੇ ਸਿੱਧ ਪ੍ਰਭਾਵ ਪੈਂਦਾ ਹੈ, ਉਹ ਬਿਲਕੁਲ ਇਸ ਤਰਾਂ ਹੈ ਜਿਵੇਂ ਜੇਠ-ਹਾੜ੍ਹ ਦੀ ਗਰਮੀ ਵਿੱਚ ਹਰਾਸਿਆ, ਪ੍ਰੇਸ਼ਾਨ,ਭੁੱਜਿਆ ਤੇ ਪਿਆਸਾ ਵਿਅਕਤੀ ਇੱਕ ਸ਼ੀਤਲ ਸਰ ਦੇ ਪਾਣੀ ਵਿੱਚ ਮਲਕੜੇ ਜਿਹੇ ਹੌਲੀ ਹੌਲੀ ਦਾਖ਼ਲ ਹੋ ਜਾਏ ਅਤੇ ਪੈਰਾਂ ਤੋਂ ਸਿਰ ਤੱਕ ਸ਼ੀਤਲਤਾ ਸੁਆਦ ਵਿੱਚ ਗੜੂੰਦ ਹੋ ਜਾਏ ਜਾਂ ਫਿਰ ਪੋਹ ਮਾਘ ਦੇ ਠੱਕੇ ਦਾ ਮਰਿਆ ਠੁਰ ਠੁਰ ਕਰਦਾ ਕੋਈ ਜੀਵ ਅੰਦਰੋਂ-ਬਾਹਰੋਂ ਠਰਦਾ ਯਕਾ ਯਕ ਇੱਕ ਨਿੱਘੇ ਬਿਸਤਰੇ ਵਿੱਚ ਜਾ ਘੁਸੇ। ਨਾ ਪਹਿਲੇ ਦਾ ਸੀਤਲ ਸਰ ਨੂੰ ਛੱਡਣ ਨੂੰ ਜੀ ਕਰਦਾ ਹੈ ਤੇ ਨਾ ਦੂਜੇ ਦਾ ਨਿੱਘੀ ਰਜ਼ਾਈ ਤਿਆਗਣ ਨੂੰ ਮਨ ਮੰਨਦਾ ਹੈ।

ਪਦਾਰਥਵਾਦੀਆਂ ਲਈ ਸੁੱਖ ਸ਼ਾਂਤੀ ਤੇ ਸੰਤੁਸ਼ਟਤਾ ਦਾ ਆਧਾਰ, ਮਾਰਕਸ ਦੇ ਫਲਸਫੇ ਅਨੁਸਾਰ,ਨਰੋਈ,ਲੁੱਟ-ਖਸੁੱਟ ਰਹਿਤ,ਆਰਥਕਤਾ ਹੈ ਪਰ ਮਾਰਕਸ ਅਤੇ ਮਾਰਕਸਵਾਦੀ ਪਦਾਰਥਵਾਦੀ ਹੁੰਦੇ ਹੋਏ ਵੀ ਵਿਅਕਤੀ ਦੀਆਂ ਅੰਦਰਲੀਆਂ ਸੂਖਮ ਤੇ ਕਲਾਤਮਕ ਕੀਮਤਾਂ ਦੀ ਅਹਿਮੀਅਤ ਤੋਂ ਇਨਕਾਰ ਨਹੀਂ ਕਰ ਸਕਦੇ। ਇਸੇ ਤਰਾਂ ਭਾਵੇਂ ਨੂਰ ਦੇ ਨੇੜੇ ਵਿੱਚ ਵਧੇਰੇ ਕਰਕੇਅਧਿਆਤਮਕਤਾ ਦੇ ਸੰਦਰਭ ਵਿੱਚ ਲਿਖੀਆਂ ਕਵਿਤਾਵਾਂ ਹਨ ਪਰ ਇਹਨਾਂ ਨੂੰ ਸਮਾਜ, ਜੀਵ ਤੇ ਠੋਸ ਸਮਾਜਕ ਸਥਿਤੀਆਂ ਤੋਂ ਵਿਛੁੰਨਿਆਂ ਨਹੀਂ ਗਿਆ। ਸਵਾਮੀ ਜੀ ਗੁਰੂ-ਕਾਵਿ ਦੇ ਆਸ਼ੇ ਅਨੁਸਾਰ ਹੀ ਆਖਦੇ ਹਨ ਕਿ ਮਨੁੱਖਾਂ ਸਰੀਰ ਆਪਣੇ ਆਪ ਵਿੱਚ ਮਾੜਾ ਨਹੀਂ ਸਗੋਂ ਮਾੜੀ ਗੱਲ ਇਸ ਮਨੁੱਖ ਦੇ ਮਾੜੇ, ਮੰਦੇ, ਨੀਚ, ਨਿਰਾਰਥਕ ਕਾਲੇ ਤੇ ਕੋਹਜੇ ਕੰਮ ਹਨ।

ਨੂਰ ਦੇ ਨੇੜੇ ਦੀਆਂ ਕਵਿਤਾਵਾਂ ਨੂੰ ਸਹਿਜ ਕਾਵਿ ਤੇ ਅਧਿਆਤਮ ਕਾਵਿ ਦੇ ਨਾਂ ਹੇਠ ਦੋ ਖੰਡਾਂ ਵਿੱਚ ਵੰਡਿਆ ਹੈ। ਸਹਿਜ ਕਾਵਿ ਖੰਡ ਵਿੱਚ ਵਧੇਰੇ ਕਰਕੇ ਸਮਾਜਕ ਸੰਦਰਭ ਵਿੱਚ ਆਖੀਆਂ ਅਧਿਆਤਮਕ ਗੱਲਾਂ ਹਨ। ਕਵੀ 'ਸਤਿਪੁਰਖ' 'ਮਨਮੁੱਖ' 'ਲੋਭੀ ਤੇ ਪਾਪੀ' 'ਦਾਨਵੀਰ ਤੇ ਧਰਮਵੀਰ' ਜੇਹੇ ਵਿਅਕਤੀਆਂ ਦੇ ਲੱਛਣ ਤੇ ਗੁਣ ਔਗੁਣ ਦੱਸਦਾ ਹੈ। ਇਸ ਤੋਂ ਬਿਨਾਂ 'ਸੇਵਾ' 'ਮਿੱਤਰਤਾ' ਸਵਰਗੀ ਜਾਂ ਨਰਕੀ ਗ੍ਰਹਿਸਥ 'ਵਿਸ਼ਵਾਸ ਤੇ ਅਵਿਸ਼ਵਾਸ'ਵਰਗੇ ਵਿਸ਼ਿਆਂ ਉੱਤੇ ਵੀ ਕਵਿਤਾਵਾਂ ਲਿਖੀਆਂ ਹਨ।

ਸਵਾਮੀ ਜੀ ਦਾ ਕਹਿਣਾ ਹੈ ਕਿ ਸਤਿਪੁਰਖ ਸਭ ਦੇ ਸ਼ੁੱਭਚਿੰਤਕ ਹੁੰਦੇ ਹਨ,ਧਰਮ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੰਦੇ ਹਨ, ਵੱਡੇ ਤੋਂ ਵੱਡਾ ਬਲੀਦਾਨ ਵੀ ਉਨ੍ਹਾਂ ਲਈ ਤੁੱਛ ਹੁੰਦਾ ਹੈ।ਮਨਮੁੱਖ ਦੰਭੀ, ਪਾਪੀ, ਕਪਟੀ, ਲੋਭੀ, ਝੂਠੇ ਤੇ ਬੇਵਫ਼ਾ ਲੋਕ ਹੁੰਦੇ ਹਨ।ਕਵੀ ਉਹਨਾਂ ਬਾਰੇ ਇੰਜ ਲਿਖਦਾ ਹੈ :-

ਕੂੜ ਦੀ ਕਮਾਈ ਖਾ ਕੇ ਜੀਣੇ ਆਦਮੀ,
ਰੱਬਾ ਕਾਹਨੂੰ ਭੇਜਦੈਂ ਕਮੀਨੇ ਆਦਮੀ॥

ਸਤਿਪੁਰਖ ਤੇ ਮਨਮੁੱਖ ਦਾ ਅੰਤਰ ਕਵੀ ਜੀ ਨੇ 'ਹੰਸਾਂ' ਤੇ 'ਸੂਰਾਂ ਦੇ' ਬਿੰਬ ਲੈ ਕੇ ਦਰਸਾਇਆ ਹੈ ਪਰ 'ਸੂਰ' ਵੀ 'ਬੰਦਗੀ' ਰਾਹੀਂ 'ਹੰਸ' ਬਣ ਸਕਦੇ ਹਨ ਤੇ ਬੰਦਗੀ ਦਾ ਇਹ ਸੰਕਲਪ ਕਵੀ ਲਈ ਭੇਖ ਧਾਰਨ ਕਰਨਾ ਨਹੀਂ,ਸਰੀਰ ਨੂੰ ਤਪਾਂ ਨਾਲ ਦੁਖੀ ਕਰਨਾ ਨਹੀਂ,ਤੀਰਥਾਂ ਉੱਤੇ ਭਟਕਣਾ ਨਹੀਂ, ਸਗੋਂ ਇਸ ਸੰਸਾਰ ਵਿੱਚ ਰਹਿ ਕੇ ਹੀ,'ਉੱਚੀ ਸੁੱਚੀ ਕਿਰਤ' ਕਰਨਾ ਅਤੇ ਸੱਚ ਨੂੰ ਪਛਾਣਨਾ ਹੈ:-

ਸੱਚ ਦੇ ਚਿਰਾਗ਼ ਅੰਦਰ ਜਗਾ ਲਵੇ
ਹਵਾ ਤੋਂ ਬਚਾ ਲਵੇ ਸਾਰੇ ਬੂਹੇ ਲਾ ਲਵੇ।

ਸੇਵਾ ਤੇ ਪ੍ਰੇਮ ਰਾਹੀਂ ਸੱਚ ਮਿਲਦਾ ਹੈ ਤੇ ਜਦੋਂ ਸੱਚ ਮਿਲਦਾ ਹੈ ਤਾਂ ਚੰਡਾਲ ਤੇ ਸ਼ੂਦਰ ਵੀ ਰਿਸ਼ੀਆਂ ਤੋਂ ਉੱਚੇ ਹੋ ਜਾਂਦੇ ਹਨ।ਸਹਿਜ ਕਾਵਿ ਖੰਡ ਵਿੱਚ ਸਵਾਮੀ ਜੀ ਦੀ ਪ੍ਰਭੂ ਦੇ ਨਾਂ ਲਿਖੀ ਚਿੱਠੀ ਵਿਸ਼ੇਸ਼ ਵਰਣਨ ਦੀ ਮੰਗ ਕਰਦੀ ਹੈ। ਹਾਸ ਵਿਅੰਗ ਤੇ ਕਟਾਖ਼ ਦੇ ਮਾਧਿਅਮ ਰਾਹੀਂ ਉਹ ਸਾਡੇ ਅਜੋਕੇ ਸਮਾਜ ਵਿੱਚ ਪਸਰੇ ਭ੍ਰਿਸ਼ਟਾਚਾਰ, ਦੁਰਾਚਾਰ,ਝੂਠ,ਬੇਈਮਾਨੀ,ਬੇਇਨਸਾਫ਼ੀ,ਜ਼ੁਲਮ ਜਬਰ ਦਾ ਪਾਜ ਉਘਾੜਦੇ ਹਨ ਤੇ ਬਹੁੜੀ ਪਾ ਕੇ 'ਪਾਤਸ਼ਾਹ'ਨੂੰ ਏਥੇ ਆਉਣ ਲਈ ਆਖਦੇ ਹਨ:-

ਮੇਰੀ ਚਿੱਠੀ ਦਾ ਤਾਂ ਏਨਾ ਕੁ ਨਿਚੋੜ ਹੈ ।
ਹੁਣ ਤੇਰੀ ਪਾਤਸ਼ਾਹ ਸਖ਼ਤ ਲੋੜ ਹੈ।

ਅਧਿਆਤਮ ਕਾਵਿ ਵਿੱਚ ਸਵਾਮੀ ਜੀ ਨੇ ਈਸ਼ਵਰ ਦੇ ਸੰਕਲਪ ਤੇ ਈਸ਼ਵਰ ਦੀ ਪ੍ਰਾਪਤੀ ਨੂੰ ਮੁੱਖ ਰੱਖਕੇ ਕਵਿਤਾਵਾਂ ਲਿਖੀਆਂ ਹਨ।ਈਸ਼ਵਰ ਨਿਰਗੁਣ ਵੀ ਹੈ ਤੇ ਸਰਗੁਣ ਵੀ ਇਸ ਗੱਲ ਉੱਤੇ ਝਗੜਾ ਕਰਨਾ ਫ਼ਜ਼ੂਲ ਹੈ। ਲੋੜ ਮਾਇਆ ਦੇ ਭੈੜੇ ਪ੍ਰਭਾਵ ਤੋਂ ਬਚਣ ਦੀ ਹੈ।ਜੀਵ ਜੇ ਆਪਣੇ ਆਪ ਨੂੰ ਸੁਧਾਰ ਲਵੇਗਾ ਤਾਂ ਪ੍ਰਭੂ ਨੂੰ ਪਾ ਲਵੇਗਾ:-

ਆਪਣਾ ਆਪ ਉਧਾਰ ਆਪੇ ਹੀ ਕਰੋ,
ਸਭ ਗੱਲਾਂ ਦਾ ਸਾਰ ਇੱਕੋ ਗੱਲ ਹੈ।

ਸਪੱਸ਼ਟ ਹੈ ਏਥੇ ਵੀ ਅਧਿਆਤਮ ਮੰਡਲਾਂ ਵਿੱਚ ਵਿਚਰਦੇ ਹੋਏ ਸਵਾਮੀ ਜੀ ਜੀਵ ਦੇ ਸਮਾਜਕ ਚਲਨ ਨੂੰ ਅੱਖੋਂ ਉਹਲੇ ਨਹੀਂ ਕਰਦੇ। ਜੀਵ ਦੀ ਉੱਤਮਤਾ ਤੇ ਸ਼੍ਰੇਸ਼ਟਤਾ ਦਾ ਸੰਕਲਪ ਵੀ ਕਵੀ ਦੇ ਦਿਮਾਗ ਵਿੱਚ ਕਮਾਲ ਦਾ ਹੈ :-

ਸ਼੍ਰਿਸ਼ਟੀ ਕਹੇ ਸਾਰੀ ਸਾਨੂੰ ਜੀ ਆਇਆ
ਜੇ ਕਰ ਫੇਰ ਮੁੜ ਕੇ ਏਥੇ ਆ ਜਾਈਏ।

ਨੂਰ ਦੇ ਨੇੜੇ ਦੀ ਕਵਿਤਾ ਵਿੱਚ ਵਰਤੇ ਗਏ ਛੰਦ ਲੋਕ ਧਾਰਨਾ ਦੇ ਬੜੇ ਨੇੜੇ ਹਨ। ਅਨੁਪ੍ਰਾਸ ਅਲੰਕਾਰ ਦੀ ਕਈ ਥਾਵਾਂ ਤੇ ਬੜੀ ਸੁੰਦਰ ਤੇ ਪ੍ਰਭਾਵਸ਼ਾਲੀ ਵਰਤੋਂ ਕੀਤੀ ਗਈ ਹੈ। ਕਵੀ ਦੀਆਂ ਕਹੀਆਂ ਕੁਝ ਗੱਲਾਂ ਪਰਮ ਸੱਚਾਈਆਂ ਹਨ ਤੇ ਕਹਾਵਤਾਂ ਬਣਨ ਦੀ ਸਮਰੱਥਾ ਰੱਖਦੀਆਂ ਹਨ :-

ਧਨ, ਜੋਬਨ ਤੇ ਕਾਮ ਸੁੱਖ ਬੱਦਲ ਸੰਦੀ ਛਾਂ,
ਖਲ ਪੁਰਖਾਂ ਦੀ ਦੋਸਤੀ ਖਿਨ ਵਿੱਚ ਹਾਂ ਖਿਨ ਨਾਂਹ।

ਇਸ ਕਾਵਿ ਸੰਗ੍ਰਹਿ ਵਿੱਚ ਕਵੀ ਨੇ ਥਾਂ ਥਾਂ ਆਪਣੇ ਬਾਰੇ ਵੀ ਲਿਖਿਆ ਹੈ। ਸਵਾਮੀ ਜੀ ਨੇ ਆਪਣੇ ਆਪ ਨੂੰ ਸਾਰਿਆਂ ਤੋਂ ਮੰਦਾ ਆਖਿਆ ਹੈ ਹਮਾਮ ਵਿੱਚ ਆਪਣੇ ਆਪ ਨੂੰ ਨੰਗਾ ਆਖਿਆ ਹੈ। ਪਰ ਸੇਵਾ ਤੇ ਪ੍ਰੇਮ ਰਾਹੀਂ ਉਹਨਾਂ ਆਪਣਾ ਪੱਲਾ ਬੋਚ ਵੀ ਲਿਆ ਹੈ ਤੇ ਬਚਾ ਵੀ ਲਿਆ ਹੈ।

ਨੂਰ ਦੇ ਨੇੜੇ ਇਕ ਸਰਲ ਸਪੱਸ਼ਟ ਸ਼ੁੱਧ ਸੁੰਦਰ ਤੇ ਸਮਰੱਥਾ ਵਾਨ ਹਿਰਦੇ ਵਿੱਚੋਂ ਨਿੱਕਲੇ ਬੋਲ ਹਨ। ਇਨ੍ਹਾਂ ਬੋਲਾਂ ਵਿੱਚੋਂ ਸਿੱਖਿਆ ਵੀ ਮਿਲਦੀ ਹੈ ਤੇ ਸੁਆਦ ਵੀ ਆਉਂਦਾ ਹੈ ;ਸ਼ਕਤੀ ਵੀ ਮਿਲਦੀ ਹੈ ਤੇ ਸ਼ਾਂਤੀ ਅਤੇ ਅਡੋਲਤਾ ਨੂੰ ਵੀ ਗ੍ਰਹਿਣ ਕੀਤਾ ਜਾ ਸਕਦਾ ਹੈ।

# ਅਧਿਆਤਮਕ ਇੱਕਸੁਰਤਾ ਦੇ ਲਖਾਇਕ

ਡਾ:ਗੁਰਦਿਆਲ ਸਿੰਘ ਫੁੱਲ

ਮੈਨੂੰ ਸਵਾਮੀ "ਬ੍ਰਹਮਦੇਵ" ਜੀ ਦੀ ਕਿਤਾਬ ਨੂਰ ਦੇ ਨੇੜੇ ਮਿਲੀ। ਮੈਂ ਇਹ ਕਿਤਾਬ ਬੜੀ ਹੀ ਰੀਝ ਨਾਲ ਪੜ੍ਹੀ ਤੇ ਇਸ ਦੀ ਕਵਿਤਾ ਤੇ ਨਿੱਗਰ ਵਿਚਾਰਧਾਰਾ ਮੈਨੂੰ ਬਹੁਤ ਚੰਗੀ ਲੱਗੀ। ਇਸ ਕਵਿਤਾ ਦੇ ਰਸ ਨਾਲ ਮੇਰੇ ਅੰਦਰ ਸਵਾਮੀ ਜੀ ਨੂੰ ਮਿਲਣ ਦੀ ਭਾਵਨਾ ਪੈਦਾ ਹੋਈ ਕਿਉਂਕਿ ਇਸ ਕਵਿਤਾ ਵਿੱਚ ਜਿੱਥੇ ਉੱਚਤਮ ਅਧਿਆਤਮਿਕ ਡੂੰਘਿਆਈ ਹੈ ਉੱਥੇ ਮਾਨਵੀ ਕਲਿਆਣ ਤੇ ਮਾਨਵੀ ਦਰਦ ਦੀ ਭਾਵਨਾ ਵੀ ਬੜੀ ਤੀਬਰ ਹੈ। ਮੈਂ ਸਵਾਮੀ ਜੀ ਨੂੰ ਪੱਤਰ ਲਿਖ ਕੇ ਦਰਸ਼ਨਾਂ ਲਈ ਇੱਛਾ ਪ੍ਰਗਟ ਕੀਤੀ। ਉਹਨਾਂ ਦਾ ਉੱਤਰ ਆਇਆ :-

'ਸੰਜੋਗ ਅਤੇ ਵਿਜੋਗ ਪ੍ਰਮਾਣਿਕ ਹੁੰਦੇ ਹਨ। ਆਤਮਿਕ ਮਿਲਣ ਕਿਸੇ ਖਾਸ ਸਮੇਂ ਵਿੱਚ ਹੀ ਸੰਭਵ ਹੋ ਸਕਦਾ ਹੈ। ਉਹ ਅਸਲ ਸੰਜੋਗ ਤਾਂ ਸ਼ਬਦਾਂ ਦਾ ਹੀ ਹੁੰਦਾ ਹੈ। ਸਾਡਾ ਤੁਹਾਡਾ ਮਿਲਾਪ ਸ਼ਬਦਾਂ ਦਾ ਹੈ ਸਰੀਰ ਦਾ ਨਹੀਂ ਤੇ ਸ਼ਾਬਦਿਕ ਮਿਲਾਪ ਅਸਾਧਾਰਨ ਹੁੰਦੇ ਹਨ '

(ਚਿੱਠੀ ਵਿੱਚੋਂ)

ਇਹਨਾਂ ਵਾਕਾਂ ਨੇ ਭਾਵੇਂ ਉਹਨਾਂ ਬਾਰੇ ਨੇੜੇ ਹੋ ਕੇ ਮਿਲਣ ਦੀ ਭੁੱਖ ਹੋਰ ਵੀ ਪ੍ਰਜਵਲਿਤ ਕਰ ਦਿੱਤੀ ਪਰ ਇਹ ਗੁਣਗੁਣਾਉਂਦਿਆਂ "ਯਾਰ ਹੋਣਗੇ ਮਿਲਣਗੇ ਆਪੇ,ਦਿਲਾਂ ਨੂੰ ਟਿਕਾਣੇ ਰੱਖੀਏ" "ਮੈਂ ਮਿਲਣ ਦੀ ਚਾਹ ਤਿਆਗ ਦਿੱਤੀ।"

੩੦ ਅਗਸਤ, ੧੯੯੨ ਸ਼ਾਮ ਨੂੰ ਮੈਂ ਕਿਸੇ ਡੂੰਘੀ ਸੋਚ ਵਿੱਚ ਸਾਂ ਕਿ ਕਿਉਂ ਅਧਿਆਤਮਕ ਤੇ ਸੱਭਿਆਚਾਰਕ ਸਾਂਝ ਤਿਆਗ ਕੇ ਅਸੀਂ ਪਦਾਰਥਕ ਤੇ ਦੁਨਿਆਵੀ ਸੁੱਖਾਂ ਲਈ ਇੱਕ ਦੂਜੇ ਦੇ ਲਹੂ ਨਾਲ ਹੱਥ ਰੰਗ ਰਹੇ ਹਾਂ ਕਿ ਘੰਟੀ ਵੱਜੀ, ਮੇਰੀ ਬੇਟੀ 'ਸੰਗੀਤਾ'ਬਾਹਰ ਗਈ। ਜਦ ਵਾਪਿਸ ਆਈ ਤਾਂ ਉਸ ਦੇ ਨਾਲ, ਸਰਲ, ਸਾਦਾ ਪਰ ਬਹੁਤ ਪ੍ਰਭਾਵਸ਼ਾਲੀ ਪਹਿਰਾਵੇ ਵਿੱਚ ਸਵਾਮੀ "ਬ੍ਰਹਮਦੇਵ" ਜੀ ਸਨ। ਉਹਨਾਂ ਦੇ ਅੰਦਰ ਆਉਣ ਨਾਲ ਇਉਂ ਅਨੁਭਵ ਹੋਇਆ ਜਿਵੇਂ ਸੁਗੰਧ ਸਮੀਰ ਦਾ ਬੁੱਲ੍ਹਾ ਅੰਦਰ ਆਇਆ ਹੋਵੇ,ਜਿਵੇਂ ਅਜੀਬ ਜਿਹਾ ਪ੍ਰਕਾਸ਼ ਸਾਰੇ ਫੈਲ ਗਿਆ ਹੋਵੇ।

ਰੱਬੀ ਸ਼ਾਨ ਤੇ ਇਲਾਹੀ ਨੂਰ ਵਿੱਚ ਨਹਾਤੀ ਹੋਈ ਸੱਚੇ ਰੱਬ ਦੀ ਘੜੀ ਮੂਰਤ ਮੇਰੇ ਘਰ ਨੂੰ ਲਾਲੋ ਲਾਲ ਕਰ ਰਹੀ ਸੀ। ਸਵਾਮੀ ਜੀ ਸਤਿ ਸ੍ਰੀ ਅਕਾਲ ਬੁਲਾ ਕੇ ਬਿਨਾਂ ਕਿਸੇ ਉਚੇਚ ਦੇ ਇਉਂ ਅੰਦਰ ਬੈਠ ਗਏ ਜਿਵੇਂ ਉਹਨਾਂ ਦਾ ਆਪਣਾ ਪੁਰਾਣਾ ਘਰ ਹੋਵੇ। ਉਹਨਾਂ ਦੀਆਂ ਅੱਖਾਂ ਕਹਿ ਰਹੀਆਂ ਸਨ, 'ਮੇਲ ਨਾਟਕੀ ਹੀ' ਸੁਆਦੀ ਹੁੰਦੇ ਹਨ। ਮੇਰਾ ਛੀ ਸਾਲ ਦਾ ਪੋਤਰਾ ਕਿਰਨਦੀਪ ਜਿਹੜਾ ਸੰਗਦਾ ਕਦੀ ਕਿਸੇ ਦੇ ਸਾਹਮਣੇ ਨਹੀਂ ਸੀ ਹੋਇਆ ਕਰਦਾ, ਆਇਆ ਤੇ ਸਵਾਮੀ ਜੀ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਮੇਰੇ ਕੋਲ ਹੀ ਬੈਠ ਗਿਆ। ਮੈਂ ਇਉਂ ਮਹਿਸੂਸ ਕੀਤਾ ਜਿਵੇਂ ਸਵਾਮੀ ਜੀ ਦੀ ਹੋਂਦ ਤੇ ਉਹਨਾਂ ਦੇ ਹਸੂੰ ਹਸੂੰ ਕਰਦੇ ਚਿਹਰੇ ਨੇ ਸਾਨੂੰ ਸਾਰਿਆਂ ਨੂੰ ਮੇਰੇ ਪੋਤਰੇ, ਮੇਰੀ ਲੜਕੀ, ਮੇਰੀ ਪਤਨੀ, ਮੇਰੀ ਬੈਠਕ ਅਰਥਾਤ ਮੇਰੇ ਘਰ ਦੀ ਹਰ ਚੀਜ਼ ਨੂੰ ਕੀਲ ਲਿਆ ਹੋਵੇ।

ਕਿੰਨਾ ਚਿਰ ਇੱਕ ਅਜੀਬ ਜਿਹਾ ਮੂਕ ਰਸ ਛਾਇਆ ਰਿਹਾ ਫੇਰ ਮੈਂ ਰਤਾ ਜਿਗਰਾ ਕਰਕੇ ਕਿਹਾ, 'ਸਵਾਮੀ ਜੀ ਜੇ ਆਪ ਆਗਿਆ ਦਿਓ ਤਾਂ ਮੈਂ ਆਪ ਜੀ ਦੀ ਬਾਬਤ ਥੋੜਾ ਬਹੁਤਾ ਜਾਨਣ ਲਈ ਕੁਝ ਕੁ ਪ੍ਰਸ਼ਨ ਕਰਨਾ ਚਾਹੁੰਦਾ ਹਾਂ।

ਆਪ ਮੁਸਕ੍ਰਾਏ ਤੇ ਕਹਿਣ ਲੱਗੇ, ਬੜੀ ਖੁਸ਼ੀ ਨਾਲ ਦਿਲ ਖੋਲ ਕੇ ਪੁੱਛੋ। ਤੁਹਾਡੇ ਵਰਗੇ ਵਿਦਵਾਨ ਸੱਜਨ ਦੇ ਸਵਾਲਾਂ ਦਾ ਜਵਾਬ ਦੇ ਕੇ ਮੈਨੂੰ ਇੱਕ ਆਤਮਿਕ ਅਨੰਦ ਆਵੇਗਾ।

ਪ੍ਰਸ਼ਨ: ਸਵਾਮੀ ਜੀ ਆਪ ਜੀ ਦੀ ਜਨਮ ਭੂਮੀ ਕਿਹੜੀ ਹੈ? ਉਹ ਕਿਹੜੀਆਂ ਸੁਭਾਗੀ ਤੇ ਪਵਿੱਤਰ ਜੜ੍ਹਾਂ ਹਨ ਜਿਹਨਾਂ ਨੂੰ ਆਪ ਵਰਗਾ ਫੁੱਲ ਪਿਆ ਹੈ।

ਉੱਤਰ: ਮੈਂ ਪਿੰਡ ਹਰੀਕੇ ਕਲਾਂ, ਜ਼ਿਲ੍ਹਾ ਫਰੀਦਕੋਟ ਵਿੱਚ ਜਨਮ ਲਿਆ ਹੈ। ਮੇਰੇ ਪਿਤਾ ਦਾ ਨਾਮ ਪੰ:ਟੇਕ ਚੰਦ ਤੇ ਮਾਤਾ ਦਾ ਨਾਮ ਚੰਦਨ ਦੇਵੀ ਹੈ। ਮੇਰੀ ਜ਼ਾਤ ਬ੍ਰਾਹਮਣ ਹੈ।

ਪ੍ਰਸ਼ਨ: ਤੁਹਾਡੇ ਅੰਦਰ ਅਧਿਆਤਮਿਕ ਲਗਨ ਕਿਵੇਂ ਲੱਗੀ ?

ਉੱਤਰ: ਮੈਂ ਅਜੇ ਪੰਜ-ਛੇ ਸਾਲਾਂ ਦਾ ਹੀ ਸਾਂ ਪਰ ਪਤਾ ਨਹੀਂ ਮੈਂ ਬੱਚਿਆਂ ਨਾਲ ਖੇਡਣ ਦੀ ਬਜਾਇ ਆਕਾਸ਼ ਵੱਲ ਅੱਖਾਂ ਪਾੜ ਪਾੜ ਕੇ ਦੇਖਦਾ ਰਹਿੰਦਾ ਸਾਂ। ਮੇਰੇ ਮਾਪੇ ਮੇਰੇ ਏਸ ਸੁਭਾ ਤੋਂ ਬਹੁਤ ਪਰੇਸ਼ਾਨ ਸਨ। ਉਹਨਾਂ ਨੇ ਮੈਨੂੰ ਸਕੂਲੇ ਪੜ੍ਹਨ ਪਾ ਦਿੱਤਾ। ਮੈਂ ਪੜ੍ਹਨ ਤਾਂ ਲੱਗ ਪਿਆ ਪਰ ਮੈਨੂੰ ਪੜ੍ਹਨ ਦੀ ਥਾਂ ਅਤੇ ਆਪਣੇ ਹਾਣ ਦੇ ਬੱਚਿਆਂ ਨਾਲ ਖੇਡਣ ਦੀ ਥਾਂ ਸਾਧੂਆਂ, ਫਕੀਰਾਂ, ਸੰਤਾਂ, ਆਦਿ ਦੀ ਸੰਗਤ ਵਿੱਚ ਬੈਠ ਕੇ ਵਧੇਰੇ ਆਨੰਦ ਆਉਂਦਾ ਸੀ। ਭਾਵੇਂ ਮੈਨੂੰ ਉਹਨਾਂ ਦੀਆਂ ਸਾਰੀਆਂ ਗੱਲਾਂ ਦੀ ਸਮਝ ਨਹੀਂ ਸੀ ਆਉਂਦੀ। ਗੁਰਬਾਣੀ ਦਾ ਕੀਰਤਨ ਮੈਨੂੰ ਬਹੁਤ ਹੀ ਪਿਆਰਾ ਲੱਗਦਾ ਸੀ। ਮੇਰੀਆਂ ਧਾਰਮਿਕ ਰੁਚੀਆਂ ਨੂੰ ਮੁੱਖ ਰੱਖਕੇ ਘਰ ਦਿਆਂ ਨੇ ਮੈਨੂੰ ਖੋਖਰ ਝਿੜੀ

ਵਾਲੇ ਉਦਾਸੀ ਮਹਾਤਮਾ ਸੰਤ ਨਿੱਕੂ ਰਾਮ ਜੀ ਦੇ ਡੇਰੇ ਪੜ੍ਹਨ ਪਾ ਦਿੱਤਾ। ਮੈਂ ਪੰਜ ਗ੍ਰੰਥੀ ਦਾ ਪਾਠ ਅਰੰਭਿਆ। ਜਦ ਮੈਂ ਸਿੱਧ ਗੋਸ਼ਟਿ ਤੇ ਆਇਆ ਤਾਂ ਮੇਰੇ ਅੰਦਰ ਸਿੱਧ ਗੋਸ਼ਟਿ ਵਿੱਚ ਜਿਨ੍ਹਾਂ ਸਿਧਾਂਤਾਂ ਬਾਰੇ ਦੱਸਿਆ ਹੈ, ਉਹਨਾਂ ਦਾ ਅਭਿਆਸ ਕਰਨ ਦੀ ਅਥਾਹ ਇੱਛਾ ਜਾਗੀ। ਮੇਰੇ ਅੰਦਰ ਦੁਨੀਆਂ ਤੋਂ ਉਪਰਾਮਤਾ ਤੇ ਭਟਕਣਾ ਪੈਦਾ ਹੋ ਗਈ। ਉਸ ਵੇਲੇ ਮੇਰੀ ਓਮਰ ਅਜੇ ੧੨ ਸਾਲਾਂ ਦੀ ਹੀ ਸੀ। ਮੈਂ ਬਿਨਾਂ ਕਿਸੇ ਸਿੱਖਿਆ ਦੇ ਆਪਣੇ ਆਪ ਹੱਠ ਯੋਗ ਕਰਨਾ ਆਰੰਭ ਕਰ ਦਿੱਤਾ। ਕਦੀ ਸਾਹ ਰੋਕਣ,ਕਦੇ ਭੁੱਖੇ ਰਹਿਣ ਤੇ ਕਦੇ ਮਨ ਨੂੰ ਇੱਕ ਨੁਕਤੇ ਤੇ ਟਿਕਾਉਣ ਦਾ ਅਭਿਆਸ ਕਰਨ ਲੱਗਾ। ਮੈਂ ਕਦੇ ਚੁੱਪ ਚਾਪ ਤੇ ਨਿਰ ਵਿਚਾਰ ਹੋ ਕੇ ਨੀਲੇ ਨੀਲੇ ਅਸਮਾਨਾਂ ਵੱਲ ਵੇਖਦਾ ਤੇ ਆਖਰ ਜਦੋਂ ਮੈਂ ਚਾਰ ਚੁਫੇਰੇ ਦ੍ਰਿਸ਼ਟੀ ਘੁਮਾਕੇ ਅੰਬਰਾਂ ਨੂੰ ਧਰਤ ਨਾਲ ਛੋਂਹਦਿਆਂ ਤੱਕਦਾ ਤਾਂ ਮੇਰੇ ਅੰਦਰੋਂ ਇਉਂ ਆਵਾਜ਼ ਆਉਂਦੀ ਕਿ ਜਿੱਥੇ ਜਾ ਕੇ ਮੇਰੀ ਵੇਖਣ ਦੀ ਸ਼ਕਤੀ ਮੁੱਕੀ ਹੈ,ਉਸ ਤੋਂ ਅੱਗੇ ਜੋ ਕੁਝ ਹੈ,ਉਸ ਦੀ ਮੈਨੂੰ ਤਲਾਸ਼ ਕਰਨੀ ਚਾਹੀਦੀ ਹੈ। ਕਦੀ ਚੜ੍ਹਦੇ ਸੂਰਜ ਦੀਆਂ ਕਿਰਨਾਂ ਨਾਲ ਇੱਕਸੁਰ ਹੋ ਕੇ ਕੁਝ ਲੱਭਣ ਦਾ ਯਤਨ ਕਰਦਾ ਤੇ ਕਦੇ ਰੋਹੀ ਦੀਆਂ ਵੀਰਾਨੀਆਂ 'ਚੋਂ ਕਿਸੇ ਅਨੰਤਤਾ ਦਾ ਅਨੁਭਵ ਕਰਦਾ ਭਾਵ ਹਰ ਵੇਲੇ ਗੁਆਚਿਆ ਰਹਿੰਦਾ ਸਾਂ। ਮੈਨੂੰ ਈਸ਼ਵਰ ਦਾ ਸਰਗੁਣ ਸਰੂਪ ਬਹੁਤ ਪਸੰਦ ਸੀ। ਮੈਂ ਰੱਬ ਦੀ ਸੁੰਦਰਤਾ 'ਚੋਂ ਅਨੰਦ ਲੈਂਦਾ ਸਾਂ। ਰਾਮ ਲੀਲਾ ਤੇ ਸ੍ਰੀ ਕ੍ਰਿਸ਼ਨ ਦੀਆਂ ਰਾਸ ਲੀਲਾ ਮੈਨੂੰ ਬਹੁਤ ਪ੍ਰਭਾਵਤ ਕਰਦੀਆਂ ਸਨ। ਮੈਂ ਪਰਮਾਤਮਾ ਦੇ ਅਨੰਤ ਕੋਟੀ ਕਾਮ ਦੇਵ ਸਮਾਨ ਸੋਹਣੇ ਸਰੂਪ ਦੇ ਦਰਸ਼ਨਾਂ ਲਈ ਭਟਕਦਾ ਤੇ ਤੜਪਦਾ ਰਹਿੰਦਾ ਸਾਂ। ਮਸਤ ਅਲਬੇਲੇ,ਲਟਬੌਰੇ ਪ੍ਰੇਮੀ ਵਾਂਗ ਆਪਣੇ ਪ੍ਰੀਤਮ ਨੂੰ ਉਸ ਦੀਆਂ ਕੁਦਰਤਾਂ ਵਿੱਚੋਂ ਭਾਲਦਾ ਫਿਰਦਾ ਸਾਂ। ਉਸ ਸਮੇਂ ਦੀ ਸਰਗੁਣ ਉਪਾਸਨਾ ਕਾਰਨ ਮੈਨੂੰ ਕਈ ਅਜੀਬ ਤੇ ਅਦਭੁਤ ਚਮਤਕਾਰ ਦਿਖਾਈ ਦਿੰਦੇ ਸਨ। ਪਹਿਲਾਂ ਚਮਤਕਾਰ ਇਉਂ ਵਾਪਰਿਆ :

ਮੇਰੇ ਪਿੰਡ ਦੇ ਲਾਗੇ ਗੁਰੂ ਅੰਗਦ ਦੇਵ ਜੀ ਦਾ ਜਨਮ ਸਥਾਨ 'ਮੱਤੇ ਦੀ ਸਰਾਂ' ਹੈ। ਉਥੇ ਬਹੁਤ ਵੱਡਾ ਗੁਰਦੁਆਰਾ ਹੈ। ਦੁਆਲੇ ਬਹੁਤ ਡਰਾਉਣੇ ਥੇਹ ਹਨ। ਉਸ ਗੁਰਦੁਆਰੇ ਦੇ ਲੰਗਰ ਲਈ ਮੈਂ ਦੁਆਲੇ ਦੇ ਪਿੰਡਾਂ ਵਿੱਚੋਂ ਪ੍ਰਸ਼ਾਦੇ ਤੇ ਰਾਸ਼ਨ ਲਿਆਇਆ ਕਰਦਾ ਸੀ ਤੇ ਵੇਹਲੇ ਵੇਲੇ ਥੇਹਾਂ ਵਿੱਚ ਫਿਰਦਾ ਰਹਿੰਦਾ ਸੀ। ਉਸ ਵੇਲੇ ਓਥੇ ਲੱਗਭੱਗ ਦੋ ਸੌ ਕੁੱਤੇ ਸਨ, ਕੁੱਤਿਆਂ ਨੂੰ ਰੋਟੀ ਪਾਉਣ ਦੀ ਡਿਊਟੀ ਵੀ ਮੇਰੀ ਸੀ। ਇੱਕ ਦਿਨ ਮੈਂ ਆਪਣੀ ਮਸਤੀ ਵਿੱਚ ਕੁੱਤਿਆਂ ਨੂੰ ਰੋਟੀ ਪਾਉਣੀ ਭੁੱਲ ਗਿਆ ਤੇ ਕੁੱਤਿਆਂ ਨੇ ਰੋਹ ਵਿੱਚ ਆ ਕੇ ਮੈਨੂੰ ਥੇਹ ਦੀਆਂ ਖੱਡਾਂ ਵਿੱਚ ਫਿਰਦੇ ਨੂੰ ਆ ਕੇ ਘੇਰ ਲਿਆ। ਮੈਂ ਡਰ ਕੇ ਬੇਹੋਸ਼ ਹੋ ਕੇ ਡਿੱਗ ਪਿਆ। ਕੁੱਤਿਆਂ ਨੇ ਮੈਨੂੰ ਪਾੜ ਸੁੱਟਣਾ ਸੀ ਪਰ ਕਿਸੇ ਨੂਰੀ ਆਕਾਰ ਵਾਲੇ ਇੱਕ ਬਜ਼ੁਰਗ ਨੇ ਮੈਨੂੰ ਬਚ ਲਿਆ। ਜਦ ਮੈਨੂੰ ਉਹਨਾਂ ਨੇ ਫੜ੍ਹਕੇ ਉਠਾਇਆ ਤਾਂ ਮੈਨੂੰ ਅਨੋਖੀ ਸ਼ਾਂਤੀ ਪ੍ਰਾਪਤ ਹੋਈ। ਉਹ ਮੈਨੂੰ ਬਾਹੋਂ ਫੜ ਕੇ ਬਾਹਰ ਲੈ ਆਏ ਤੇ ਅਲੋਪ ਹੋ ਗਏ। ਅਲੋਪ ਹੋਣ ਤੋਂ ਮਗਰੋਂ ਮੈਨੂੰ

ਅਨੁਭਵ ਹੋਇਆ ਕਿ ਉਹ ਜੋਤ ਸਰੂਪ ਗੁਰੂ ਨਾਨਕ ਦੇਵ ਜੀ ਸਨ। ਇਸ ਕਿਰਪਾ ਨਾਲ ਮੇਰੇ ਅੰਦਰ ਸਾਤਵਿਕ ਸੰਤੁਲਨ ਆ ਗਿਆ। ਇਹ ਮੇਰੀ ਪ੍ਰਾਪਤੀ ਨਹੀਂ ਸੀ, ਨਿਰੀ ਕਿਰਪਾ ਹੀ ਸੀ। ਏਸੇ ਤਰ੍ਹਾਂ ਹੀ ਇੱਕ ਵਾਰ ਭਗਵਾਨ ਸ੍ਰੀ ਕ੍ਰਿਸ਼ਨ ਮਹਾਰਾਜ ਦੇ ਦਰਸ਼ਨ ਵੀ ਹੋਏ। ਇਸ ਅਵਸਥਾ ਵਿੱਚ ਮੇਰਾ ਮੇਲ ਕੋਟਕਪੂਰੇ ਦੇ ਇੱਕ ਬ੍ਰਹਮਚਾਰੀ ਨਾਲ ਹੋ ਗਿਆ। ਉਸ ਨੇ ਕਿਹਾ ਜੇ ਕੋਈ ਯਾਤਰੂ ਬਿਨਾਂ ਪੁੱਛੇ ਜਾਂ ਬਿਨਾਂ ਗਿਆਨ ਕਿਸੇ ਮੰਜ਼ਿਲ ਵੱਲ ਤੁਰ ਪਵੇ ਤਾਂ ਉਹ ਬਹੁਤੀ ਉਮਰ ਤੇ ਸ਼ਕਤੀ ਬੇ-ਅਰਥ ਹੀ ਗੁਆ ਬੈਠੇਗਾ ਤੇ ਕਿਸੇ ਮੰਜ਼ਿਲ ਤੇ ਨਹੀਂ ਪੁੱਜ ਸਕੇਗਾ। ਨਕਸ਼ੇ ਤੋਂ ਬਿਨਾਂ ਕਦੇ ਸਹੀ ਯਾਤਰਾ ਨਹੀਂ ਕੀਤੀ ਜਾ ਸਕਦੀ। ਗੁਰੂ ਤੋਂ ਬਿਨਾਂ ਆਤਮਿਕ ਸ਼ੁੱਧੀ ਲਈ ਅਭਿਆਸ ਕਰਨਾ ਔਖਾ ਵੀ ਹੈ ਤੇ ਘਾਤਕ ਵੀ। ਇਸ ਲਈ ਤੈਨੂੰ ਪਹਿਲਾਂ ਕਿਸੇ ਮਹਾਂਪੁਰਖ ਤੋਂ ਦੀਖਿਆ ਉਪਦੇਸ਼ ਲੈਣਾ ਚਾਹੀਦਾ ਹੈ।

ਮੈਨੂੰ ਬ੍ਰਹਮਚਾਰੀ ਦੀ ਗੱਲ ਜਚ ਗਈ ਤੇ ਮੈਂ ਪਿੰਡ ਰਾਮਪੁਰ(ਰਾਪੁਰ ਮਾਖਾ)ਜ਼ਿਲ੍ਹਾ ਬਠਿੰਡਾ ਦੇ ਸਵਾਮੀ ਸਰਵੱਗ ਮੁਨੀ ਜੀ ਮਹਾਰਾਜ ਉਦਾਸੀਨ ਤੋਂ ਗੁਰ ਦੀਖਿਆ ਲੈ ਲਈ।

ਪ੍ਰਸ਼ਨ: ਤੁਸੀਂ ਆਪਣੀ ਅਧਿਆਤਮਕ ਭੁੱਖ ਮਿਟਾਉਣ ਵਾਸਤੇ ਧਾਰਮਿਕ ਲਿਟਰੇਚਰ ਕਿੰਨਾ ਕੁ ਪੜ੍ਹਿਆ ਹੈ ?

ਉੱਤਰ :ਮੈਂ ਆਦਿ ਗੁਰੂ ਗ੍ਰੰਥ ਸਾਹਿਬ, ਸਾਰਾ ਪ੍ਰਾਚੀਨ ਸਹਿਤ ਭਾਵ 'ਵਿਚਾਰ ਸਾਗਰ' 'ਵਿਰਤੀ ਪ੍ਰਭਾਕਰ' ਤੇ ਹੋਰ ਸਾਧੂਆਂ ਸੰਤਾਂ ਤੇ ਡੇਰਿਆਂ ਵਿੱਚੋਂ ਲੱਭਿਆ ਸਾਹਿਤ ਪੜ੍ਹਿਆ ਹੈ। ਜਿਵੇਂ ਜਿਵੇਂ ਮੈਂ ਪੜ੍ਹਦਾ ਗਿਆ. ਤਿਵੇਂ ਤਿਵੇਂ ਪੜ੍ਹਨ ਦੀ ਭੁੱਖ ਵਧਦੀ ਗਈ ਅਤੇ ਹੋਰ ਡੂੰਘਾ ਜਾਨਣ ਦੀ ਇੱਛਾ ਉਪਜਦੀ ਗਈ। ਇਸ ਲਈ ਵਿੱਦਿਆ ਦੀ ਖਾਤਿਰ ਮੈਂ ਹਰਿਦਵਾਰ,ਰਿਸ਼ਕੇਸ਼, ਬਿੰਦ੍ਰਾਬਨ, ਮਥੁਰਾ, ਆਦਿ ਕੇਂਦਰਾਂ ਵਿੱਚ ਵੀ ਗਿਆ ਅਤੇ ਜੋ ਵੀ ਅਧਿਆਤਮਕ ਗਿਆਨ ਪ੍ਰਾਪਤ ਕਰ ਸਕਿਆ ਉਹ ਕੀਤਾ। ਅਧਿਆਤਮਕਵਾਦ ਤੇ ਹੋਈਆਂ ਗੋਸ਼ਟੀਆਂ ਵਿੱਚ ਵੀ ਭਾਗ ਲਿਆ। ਅੰਤ ਵਿੱਚ ਮੈਂ ਬਨਾਰਸ ਦੇ ਉਦਾਸੀਨ ਮਹਾਂਵਿਦਿਆਲੇ ਵਿੱਚੋਂ ਸੰਸਕ੍ਰਿਤ ਦੀ ਉਚੀ ਵਿੱਦਿਆ ਪ੍ਰਾਪਤ ਕੀਤੀ। ਏਥੇ ਮੈਂ ਸੰਸਕ੍ਰਿਤ ਵਿਆਕਰਣ, ਭਾਰਤੀ ਦਰਸ਼ਨ ਸ਼ਾਸਤਰ, ਉਪਨਿਸ਼ਦ, ਗੀਤਾ,ਸਿਮਰਿਤੀਆਂ, ਪੁਰਾਣ, ਇਤਿਹਾਸ ਤੇ ਸਮੁੱਚੇ ਵੈਦਿਕ ਸਾਹਿਤ ਦਾ ਵਿਸ਼ਾਲ ਅਧਿਐਨ ਕੀਤਾ। ਇਸ਼ ਤੋਂ ਇਲਾਵਾ ਮੈਂ ਦੇਸ਼ ਦੇ ਅਨੇਕ ਅਨੁਭਵੀ ਸੰਤਾਂ ਦੀਆਂ ਸੰਤ ਬਾਣੀਆਂ ਦਾ ਵੀ ਬੜਾ ਗਹਿਰਾ ਪਠਨ ਪਾਠਨ ਕੀਤਾ ਹੈ।

ਪ੍ਰਸ਼ਨ: ਤੁਹਾਨੂੰ ਕਿਹੜੀ ਅਧਿਆਤਮਵਾਦੀ ਸੰਪ੍ਰਦਾਇ ਨੇ ਵਧੇਰੇ ਪ੍ਰਭਾਵਿਤ ਕੀਤਾ ਹੈ ?

ਉੱਤਰ: ਮੈਨੂੰ ਵਧੇਰੇ ਕਰਕੇ ਇਹਨਾਂ ਚਾਰ ਅਧਿਆਤਮਿਕ ਸੰਪ੍ਰਦਾਵਾਂ ਨੇ ਪ੍ਰਭਾਵਿਤ ਕੀਤਾ ਹੈ। ਸਨਾਤਨ ਧਰਮ,ਗੁਰਮਤ ਵਿਚਾਰਧਾਰਾ, ਸੂਫੀਵਾਦ ਤੇ ਨਿਰਗੁਣ ਸੰਤ ਧਾਰਾ। ਸਨਾਤਨ ਧਰਮ ਵਿੱਚ ਕਰਮ ਕਾਂਡ, ਉਪਾਸਨਾ ਤੇ ਗਿਆਨ ਆਉਂਦੇ

ਹਨ। ਗੁਰਮਤਿ ਵਿਚਾਰਧਾਰਾ ਨਿਰਗੁਣ ਬ੍ਰਹਮ ਦੀ ਉਪਾਸਨਾ ਤੇ ਭਗਤੀ ਦ੍ਰਿੜਾਉਂਦੀ ਹੈ ਸੂਫੀਵਾਦ ਪ੍ਰੇਮਵਾਦ ਜਾਂ ਇਸ਼ਕ ਹਕੀਕੀ ਪ੍ਰਧਾਨ ਮਾਰਗ ਹੈ। ਨਿਰਗੁਣ ਸੰਤ ਧਾਰਾ ਦੇ ਅਨੇਕ ਅੰਗ ਹਨ ਜਿਵੇਂ ਸੁਰਤ ਸ਼ਬਦ ਅਭਿਆਸ, ਨਿਰਾਕਾਰ ਦਾ ਧਿਆਨ, ਹਠ ਯੋਗ, ਸਹਿਜ ਯੋਗ ਆਦਿ। ਭਾਵੇਂ ਇਹਨਾਂ ਚੌਹਾਂ ਨੇ ਹੀ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਹੈ ਪਰ ਮੈਂ ਗੁਰੂ ਨਾਨਕ ਦੇਵ ਜੀ ਦੀ ਸੰਪੂਰਣ ਨਿਰਗੁਣ ਧਾਰਾ ਤੋਂ ਬਹੁਤਾ ਪ੍ਰਭਾਵਿਤ ਹੋਇਆ ਹਾਂ। ਪੁਰਾਣੇ ਸਾਰੇ ਅਧਿਆਤਮਵਾਦੀ ਆਪਣੇ ਆਪਣੇ ਘੇਰੇ ਵਿੱਚ ਸੀਮਿਤ ਸਨ।

ਕੇਵਲ ਗੁਰੂ ਨਾਨਕ ਦੇਵ ਜੀ ਹੀ ਐਸੇ ਰੂਹਾਨੀ ਚਿੰਤਕ ਹਨ ਜੋ ਸਾਰੀਆਂ ਸਾਂਝੀਆਂ ਸੱਚਾਈਆਂ ਦੀ ਗੱਲ ਕਰਦੇ ਹਨ।

ਪ੍ਰਸ਼ਨ : ਤੁਸੀਂ ਕਿਸੇ ਮਹਾਂਪੁਰਸ਼ ਨੂੰ ਆਪਣਾ ਵਿਸ਼ੇਸ਼ ਆਦਰਸ਼ ਵੀ ਬਣਾਇਆ ਹੈ ?

ਉੱਤਰ : ਮੈਂ ਗੁਰੂ ਨਾਨਕ ਦੇਵ ਜੀ ਤੋਂ ਸਰਬ ਸਾਂਝਾ ਅਧਿਆਤਮਿਕ ਚਿੰਤਨ, ਮਹਾਤਮਾ ਬੁੱਧ ਕੋਲੋਂ ਤਿਆਗ, ਗੋਸਵਾਮੀ ਤੁਲਸੀਦਾਸ ਤੋਂ ਆਦਰਸ਼ਵਾਦ ਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਦੇਸ਼ ਭਗਤੀ, ਆਦਿ ਸੰਕਲਪਾਂ ਦੀ ਸਿੱਖਿਆ ਲਈ ਹੈ। ਇਸ ਕਰਕੇ ਮੈਂ ਇਹਨਾਂ ਚੌਹਾਂ ਮਹਾਂਪੁਰਖਾਂ ਨੂੰ ਹੀ ਆਪਣੇ ਆਦਰਸ਼ ਮੰਨਦਾ ਹਾਂ।

ਪ੍ਰਸ਼ਨ : ਤੁਹਾਡੀ ਕਵਿਤਾ ਅਤੇ ਤੁਹਾਡੇ ਆਤਮਿਕ ਅਨੁਭਵ ਦਾ ਵਿਸ਼ੇਸ਼ ਆਧਾਰ ਕੀ ਹੈ ?

ਉੱਤਰ : ਮੇਰੇ ਅਧਿਆਤਮਿਕਵਾਦ ਦਾ ਆਧਾਰ ਸ਼ਬਦ ਹੈ। ਸ਼ਬਦ ਤੋਂ ਵਿਭਿੰਨ ਭਾਂਤ ਦਾ ਗਿਆਨ ਪ੍ਰਾਪਤ ਹੁੰਦਾ ਹੈ। ਵਰਣਾਤਮਕ ਗਿਆਨ, ਭਾਵ ਆਤਮਕ ਗਿਆਨ ਤੇ ਨਾਦ ਆਤਮਕ ਗਿਆਨ। ਸ਼ਬਦ ਦਾ ਨਾਦ ਆਤਮਕ ਗਿਆਨ ਮਨੁੱਖ ਨੂੰ ਪੂਰਨ ਭਾਂਤ ਸੂਰ ਕਰਕੇ ਆਪਣੇ ਆਪੇ ਨੂੰ ਪਛਾਨਣ ਦੇ ਸਮਰੱਥ ਵੀ ਬਣਾਉਂਦਾ ਹੈ ਤੇ ਪ੍ਰਭੂ ਦੇ ਚਰਨਾਂ ਨਾਲ ਵੀ ਜੋੜਦਾ ਹੈ। ਮੈਂ ਸਾਰੇ ਅਧਿਆਤਮਕ ਵਿਰਸੇ ਨੂੰ ਪੂਰਨ ਤੌਰ ਤੇ ਸਮਝ ਕੇ ਉਸ ਨੂੰ ਅਭਿਆਸ ਰਾਹੀਂ ਮਾਣਕੇ ਕਵਿਤਾ ਲਿਖਦਾ ਹਾਂ ਏਸੇ ਲਈ ਮੇਰੀ ਕਵਿਤਾ ਸਰਵ ਸਾਂਝੀਆਂ ਸੱਚਾਈਆਂ ਨਾਲ ਜੁੜੀ ਹੋਈ ਹੈ ਕਿਸੇ ਇੱਕ ਸੰਪ੍ਰਦਾਇ ਨਾਲ ਨਹੀਂ।

ਪ੍ਰਸ਼ਨ: ਵਰਤਮਾਨ ਦੇ ਅਧਿਆਤਮਿਕ ਚਿੰਤਕਾਂ ਬਾਰੇ ਤੁਹਾਡੇ ਕੀ ਵਿਚਾਰ ਹਨ ?

ਉੱਤਰ: ਵਰਤਮਾਨ ਦੇ ਬਹੁਤੇ ਅਧਿਆਤਮਿਕਵਾਦੀ ਅਸਲ ਵਿੱਚ ਇੱਕ ਪੱਖੀ ਹਨ ਉਹ ਅਜੇ ਤੱਕ ਨਿਰਗੁਣ ਤੇ ਸਰਗੁਣ ਨੂੰ ਹੀ ਸਪੱਸ਼ਟ ਨਹੀਂ ਕਰ ਸਕੇ। ਦੂਜਾ ਉਹ ਅਨੰਦ ਦਾ ਸਥਾਈ ਰੂਪ ਵੀ ਸਥਾਪਿਤ ਨਹੀਂ ਕਰ ਸਕੇ। ਕਈ ਇੱਕ ਤਾਂ ਅਨੰਦ ਦੀ ਵਿਆਖਿਆ ਅਤੇ ਪ੍ਰਾਪਤੀ ਵਿੱਚ ਹੀ ਭਟਕ ਗਏ, ਜਿਵੇਂ ਅਚਾਰਯ ਰਜਨੀਸ਼ ਆਦਿ। ਮੇਰੇ ਵਿਚਾਰ ਅਨੁਸਾਰ ਅੱਜ ਉਹ ਅਧਿਆਤਮਵਾਦ ਹੀ ਸਫਲ ਹੋ

ਸਕਦਾ ਹੈ ਜਿਹੜਾ ਇੱਕ ਖਾਸ ਸਿਧਾਂਤ ਨਾਲ ਬੱਝਣ ਦੀ ਥਾਂ ਸਮੁੱਚੇ ਮਾਨਵ ਦੇ ਕਲਿਆਣ ਦੀ ਗੱਲ ਕਰੇ। ਮੈਂ ਆਪਣੀ ਕਵਿਤਾ ਤੇ ਉਪਦੇਸ਼ਾਂ ਵਿੱਚ ਇਸ ਪ੍ਰਕਾਰ ਦੀ ਗੱਲ ਕਰਨ ਦਾ ਯਤਨ ਕਰਦਾ ਹਾਂ।

ਪ੍ਰਸ਼ਨ: ਤੁਸੀਂ ਪੰਜਾਬੀ ਦੇ ਕਿਸੇ ਅਧਿਆਤਮਵਾਦੀ ਕਵੀ ਨੂੰ ਪੜ੍ਹਿਆ ਹੈ?

ਉੱਤਰ: ਹਾਂ, ਮੈਂ ਭਾਈ ਵੀਰ ਸਿੰਘ, ਪ੍ਰੋ; ਪੂਰਨ ਸਿੰਘ, ਪ੍ਰੀਤਮ ਸਿੰਘ ਸਫ਼ੀਰ ਆਦਿ ਪੰਜਾਬੀ ਕਵੀ ਪੜ੍ਹੇ ਹਨ। ਭਾਈ ਵੀਰ ਸਿੰਘ ਨੂੰ ਆਧੁਨਿਕ ਧਾਰਮਿਕ ਪੰਜਾਬੀ ਕਵਿਤਾ ਦਾ ਸ਼ਰੋਮਣੀ ਕਵੀ ਮੰਨਦਾ ਹਾਂ ਪਰ ਭਾਈ ਸਾਹਿਬ ਦਾ ਇੱਕ ਤਰਫ਼ਾ ਝੁਕਾ ਮੈਨੂੰ ਪਸੰਦ ਨਹੀਂ।

ਪ੍ਰਸ਼ਨ: ਤੁਹਾਡਾ ਸਮਾਜ ਦੇ ਪ੍ਰਤੀ ਕੀ ਰਵੱਈਆ ਹੈ ?

ਉੱਤਰ: ਮੈਂ ਸਮਾਜ ਨੂੰ ਪਰਮਾਤਮਾ ਦੀ ਸਰਗੁਣ ਲੀਲ੍ਹਾ ਸਮਝਦਾ ਹਾਂ। ਲੀਲ੍ਹਾ ਸ਼ਬਦ ਕ੍ਰਿਸ਼ਨ ਸਾਹਿਤ ਵਿੱਚੋਂ ਆਇਆ ਹੈ ਤੇ ਇਸ ਦਾ ਅਰਥ ਹੈ ਸੰਸਾਰ ਦੁੱਖ ਰੂਪ ਨਹੀਂ ਅਤੇ ਨਾ ਹੀ ਈਸਵਰ ਇਸ ਵਿੱਚ ਖਚਤ ਹੈ ਸਗੋਂ ਇਹ ਰੱਬ ਦੀ ਲੀਲ੍ਹਾ ਹੈ ਭਾਵ ਕੌਤਕ ਹੈ ਇਸ ਕਰਕੇ ਮੈਂ ਸ੍ਰਿਸ਼ਟੀ ਵਿੱਚੋਂ ਪ੍ਰਭੂ ਦੀ ਝਲਕ ਨੂੰ ਅਨੁਭਵ ਕਰਦਾ ਹਾਂ। ਦੁਖੀਆਂ, ਗਰੀਬਾਂ, ਕਿਰਤੀਆਂ, ਕਿਸਾਨਾਂ ਤੇ ਧਰਮੀ ਲੋਕਾਂ ਨਾਲ ਮੇਰੀ ਖਾਸ ਹਮਦਰਦੀ ਹੈ। ਮੈਂ ਉਹਨਾਂ ਕੋਲ ਜਾ ਕੇ ਉਹਨਾਂ ਦੇ ਦੁੱਖ ਵੀ ਸੁਣਦਾ ਹਾਂ ਤੇ ਜੇ ਸੰਭਵ ਹੋਵੇ ਤਾਂ ਹਰ ਭਾਂਤ ਦੀ ਸਹਾਇਤਾ ਵੀ ਕਰਦਾ ਹਾਂ।

ਪ੍ਰਸ਼ਨ: ਤੁਸੀਂ ਬ੍ਰਾਹਮਣ ਘਰ ਜਨਮ ਲਿਆ ਹੈ ਤੇ ਤੁਸੀਂ ਬ੍ਰਿਜ ਭਾਸ਼ਾ, ਸੰਸਕ੍ਰਿਤ ਤੇ ਹਿੰਦੀ ਦੇ ਉੱਚ ਕੋਟੀ ਦੇ ਪੰਡਿਤ ਵੀ ਹੋ। ਤੁਹਾਡਾ ਸਾਰਾ ਪਹਿਰਾਵਾ ਵੀ ਸਨਾਤਨ ਧਰਮ ਦੇ ਵੱਡੇ ਆਚਾਰੀਆਂ ਵਰਗਾ ਹੈ। ਫੇਰ ਵੀ ਤੁਸੀਂ ਪੰਜਾਬੀ ਬੋਲੀ ਵੱਲ ਕਿਵੇਂ ਆ ਗਏ ?

ਉੱਤਰ: ਮੈਂ ਉਸ ਬੋਲੀ ਵਿੱਚ ਗੱਲ ਕਰਨਾ ਉਚਿਤ ਸਮਝਦਾ ਹਾਂ ਜਿਹੜੀ ਵਧੇਰੇ ਲੋਕ ਸਮਝਦੇ ਤੇ ਬੋਲਦੇ ਹੋਣ। ਮੇਰਾ ਕਾਰਜ ਖੇਤਰ ਵਧੇਰੇ ਕਰਕੇ ਪੰਜਾਬ ਹੈ ਤੇ ਪੰਜਾਬ ਦੀ ਬੋਲੀ ਪੰਜਾਬੀ ਹੈ। ਮੇਰੀ ਇਸ ਨਾਲ ਮਾਂ ਵਾਲੀ ਸਾਂਝ ਵੀ ਹੈ। ਇਸ ਕਰਕੇ ਮੈਂ ਆਪਣੇ ਲਿਖਣ ਅਤੇ ਬੋਲਣ ਦਾ ਮਾਧਿਅਮ ਪੰਜਾਬੀ ਨੂੰ ਹੀ ਬਣਾਇਆ ਹੋਇਆ ਹੈ। ਮੇਰੀ ਦ੍ਰਿਸ਼ਟੀ ਅਨੁਸਾਰ ਅਸਲੀ ਬ੍ਰਹਮ ਗਿਆਨੀ ਉਹ ਹੈ ਜੋ ਲੋਕਾਂ ਦੀ ਬੋਲੀ ਵਿੱਚ ਗੱਲ ਕਰੇ। ਜਦੋਂ ਰਿਸ਼ੀਆਂ ਨੇ ਵੇਦ ਉਚਾਰਨ ਕੀਤੇ ਸਨ ਤਾਂ ਉਦੋਂ ਲੋਕ ਉਸ ਬੋਲੀ ਨੂੰ ਸਮਝਦੇ ਸਨ। ਏਸੇ ਤਰ੍ਹਾਂ ਬੁੱਧ ਨੇ ਆਪਣੇ ਸਮੇਂ ਦੀ ਬੋਲੀ ਵਿੱਚ ਗੱਲ ਕੀਤੀ ਤੇ ਗੁਰੂ ਨਾਨਕ ਨੇ ਆਪਣੇ ਸਮੇਂ ਦੀ ਭਾਸ਼ਾ ਵਿੱਚ ਲੋਕਾਂ ਨੂੰ ਬ੍ਰਹਮ ਗਿਆਨ ਕਰਵਾਇਆ। ਸ਼ੁੱਧ, ਸੁੰਦਰ, ਸੱਚਾਈ ਅਤੇ ਸਪੱਸ਼ਟਤਾ ਨਾਲ ਗੱਲ ਕਰਨੀ ਹੀ

ਅਸਲੀ ਕਲਾਕਾਰੀ ਹੈ ਤੇ ਇਹੋ ਸਮੇਂ ਦੀ ਮੰਗ ਹੈ। ਟੇਢੀ ਵਿੰਗੀ ਤੇ ਗੁਪਤ ਵਿਧੀ ਨਾਲ ਜਾਂ ਕਿਸੇ ਔਖੀ ਭਾਸ਼ਾ ਵਿੱਚ ਗੱਲ ਕਰਨੀ ਕੋਈ ਬਹੁਤੀ ਸਮਝਦਾਰੀ ਨਹੀਂ।

ਪ੍ਰਸ਼ਨ: ਵਰਤਮਾਨ ਯੁੱਗ ਨੂੰ ਵਾਰਤਕ ਦਾ ਯੁੱਗ ਆਖਿਆ ਜਾਂਦਾ ਹੈ ਪਰ ਤੁਸੀਂ ਇਹ ਰਾਹ ਛੱਡਕੇ ਕਵਿਤਾ ਦੇ ਪੁਰਾਣੇ ਰਾਹ ਉੱਪਰ ਕਿਵੇਂ ਚੱਲ ਪਏ ?

ਉੱਤਰ: ਡਾ: ਸਾਹਿਬ! ਰਾਹ ਕਦੇ ਵੀ ਕੋਈ ਪੁਰਾਣਾ ਨਹੀਂ ਹੁੰਦਾ। ਸਿਰਫ ਲੋਕਾਂ ਦੇ ਨਜ਼ਰੀਏ ਹੀ ਬਦਲਦੇ ਹਨ। ਕਵਿਤਾ ਇੱਕ ਆਤਮਿਕ ਖੇੜਾ ਦੇਣ ਵਾਲੀ, ਅੰਦਰ ਮਹਿਕ ਖਿਲਾਰਨ ਵਾਲੀ ਹੈ ਤੇ ਆਪਣੇ ਮੂਲ ਸਰੋਤ ਨਾਲ ਜੋੜਨ ਵਾਲੀ ਅਮਰ ਕਲਾ ਹੈ ਮੈਂ ਅਧਿਆਤਮਿਕ ਅਨੁਭਵ ਕਵਿਤਾ ਰਾਹੀਂ ਏਸ ਕਰਕੇ ਪੇਸ਼ ਕਰਦਾ ਹਾਂ ਕਿ ਕਵਿਤਾ ਦੁਆਰਾ ਦਿੱਤਾ ਸੁਨੇਹਾ ਲੋਕਾਂ ਤੇ ਸ਼ੀਘਰ ਅਸਰ ਕਰਦਾ ਹੈ। ਕਵਿਤਾ ਵਿੱਚ ਕਹੀ ਗੱਲ ਸੰਗੀਤ ਆਤਮਕ ਹੋਣ ਕਰਕੇ ਲੋਕ ਦਿਲਾਂ ਨੂੰ ਕੀਲ ਕੇ ਆਪਣੀ ਬਹੁਤ ਗਹਿਰੀ ਛਾਪ ਲਾ ਦਿੰਦੀ ਹੈ। ਇਹੋ ਹੀ ਵਜ੍ਹਾ ਹੈ ਕਿ ਗੁਰੂ ਨਾਨਕ ਨੇ ਵੀ ਰੱਬ ਨੂੰ ਗਾਇਆ ਹੈ। ਉਸਦੀ ਵਾਰਤਕ ਵਿੱਚ ਵਿਆਖਿਆ ਨਹੀਂ ਕੀਤੀ। ਵਾਰਤਕ ਵਿੱਚ ਤੱਥਾਂ ਨੂੰ ਤੋੜ ਤੋੜ ਕੇ ਸਮਝਿਆ ਤੇ ਸਮਝਾਇਆ ਜਾਂਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਕੋਈ ਸਾਇੰਸਦਾਨ ਫੁੱਲ ਦੀ ਸੁੰਦਰਤਾ ਅਤੇ ਖੁਸ਼ਬੂ ਨੂੰ ਭੁੱਲ ਕੇ ਉਸ ਦਾ ਰਸਾਇਣਕ ਵਿਸ਼ਲੇਸ਼ਣ ਕਰਦਾ ਹੈ। ਕਵਿਤਾ ਇਸ ਦੇ ਬਿਲਕੁਲ ਉਲਟ ਹੈ। ਕਵਿਤਾ ਤੱਥਾਂ ਨੂੰ ਤੋੜ ਕੇ ਨਹੀਂ ਸਗੋਂ ਜੋੜ ਕੇ ਲਿਖੀ ਜਾਂਦੀ ਹੈ। ਕਵਿਤਾ ਵਿੱਚ ਤਰਕ ਘੱਟ ਤੇ ਪਿਆਰ ਬਹੁਤਾ ਹੁੰਦਾ ਹੈ। ਦਲੀਲ ਨਾਲੋਂ ਦਿਲ ਨੂੰ ਥਾਂ ਵੱਧ ਹੁੰਦਾ ਹੈ। ਕਵਿਤਾ ਹਿਰਦੇ 'ਚੋਂ ਨਿਕਲਦੀ ਹੈ। ਜਿਵੇਂ ਨਾਟਕ ਰੱਬ ਨਾਲ ਇੱਕ ਸੁਰ ਹੋ ਕੇ ਲਿਖੇ ਜਾਂਦੇ ਹਨ, ਏਵੇਂ ਕਵਿਤਾ ਆਪਣੇ ਆਪ ਨਾਲ ਏਕਤਾ ਸਥਾਪਿਤ ਕਰਕੇ ਰਚੀ ਜਾਂਦੀ ਹੈ।

ਪ੍ਰਸ਼ਨ: ਤੁਸੀਂ ਕਵਿਤਾ ਲਿਖਣੀ ਕਦੋਂ ਆਰੰਭੀ ਸੀ ? ਨੂਰ ਦੇ ਨੇੜੇ ਵਿੱਚ ਕਿਸ ਕਾਲ ਦੀਆਂ ਕਵਿਤਾਵਾਂ ਹਨ ?

ਉੱਤਰ: ਮੈਂ ਪਹਿਲਾਂ ਦੱਸਿਆ ਹੈ ਕਿ ਮੈਂ ਯੁਵਕ ਅਵਸਥਾ ਵਿੱਚ ਸਰਗੁਣ ਦਾ ਉਪਾਸਕ, ਮਸਤ ਅਲਬੇਲਾ ਤੇ ਲਟਬੌਰਾ ਪ੍ਰੇਮੀ ਸਾਂ। ਮੈਂ ਇੱਕ ਮਹਿਕ ਵਾਂਗ ਤੇ ਇੱਕ ਚਾਨਣ ਵਾਂਗ ਸਾਰੇ ਫੈਲਣਾ ਚਾਹੁੰਦਾ ਸਾਂ। ਅਨੰਤ ਸੁੰਦਰਤਾ ਵਿੱਚ ਗੁਆਚਣ ਦੀ ਮੇਰੀ ਤੀਬਰ ਇੱਛਾ ਸੀ। ਇਹਨਾਂ ਦਿਨਾਂ ਵਿੱਚ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਪੜ੍ਹਨ ਦਾ ਅਵਸਰ ਮਿਲਿਆ। ਗੁਰੂ ਸਾਹਿਬ ਦੀ ਸ਼ਬਦ ਚੋਣ, ਉਹਨਾਂ ਦੀ ਛੰਦ ਵਿਉਂਤ, ਉਹਨਾਂ ਦੀ ਸ਼ਬਦ ਜੜਤ, ਉਹਨਾਂ ਦੇ ਸ਼ਬਦ ਨਾਦ ਤੇ ਉਹਨਾਂ ਦੀ ਨੂਰ ਤੇ ਅਰੂਪ ਨੂੰ ਬਿਆਨਣ ਦੀ ਸ਼ਕਤੀ ਨੇ ਮੇਰੀ ਮਸਤੀ ਨੂੰ ਸੁਰ ਕਰਕੇ ਤੇ ਮੇਰੇ ਸਮੁੰਦਰੋਂ ਡੂੰਘੇ ਦਿਲ ਦਰਿਆ ਨੂੰ ਇਕਾਗਰ ਕਰਕੇ ਮੇਰੇ ਅੰਦਰ ਕਾਵਿ ਸਿਰਜਨਾ ਦੀ ਜਾਗ ਲਾ ਦਿੱਤੀ। ਉਹਨਾਂ ਦੀਆਂ ਰਚਨਾਵਾਂ ਜਾਪੁ ਸਾਹਿਬ, ਚੰਡੀ ਚਰਿੱਤਰ ਤੇ ਕ੍ਰਿਸ਼ਨ ਅਵਤਾਰ ਦੇ ਰਾਸ ਲੀਲ੍ਹਾ ਪ੍ਰਸੰਗ ਹੁਣ ਵੀ ਮੈਨੂੰ ਖਿੱਚ ਪਾਉਂਦੇ ਹਨ। ਮੈਂ ਆਪਣੀ ਕਵਿਤਾ ਦਾ ਸਰੋਤ ਦਸਮ ਪਾਤਸ਼ਾਹ ਦੀ ਬਾਣੀ ਨੂੰ ਹੀ ਮੰਨਦਾ ਹਾਂ। ਪਹਿਲੀ ਕਵਿਤਾ ੧੭ ਸਾਲ ਦੀ ਉਮਰ ਵਿੱਚ ਮੈਂ ਇੱਕ ਗਜ਼ਲ ਲਿਖੀ ਸੀ ਜਿਸ ਦੇ ਮੁੱਢਲੇ ਬੋਲ ਸਨ :

ਕਈ ਰੰਗ ਯਾਰੋ,ਰੰਗਾਏ ਨੇ ਮੈਂ।
ਬਹੁਤ ਫਾਰਮੂਲੇ ਅਜ਼ਮਾਏ ਨੇ ਮੈਂ।

ਨੂਰ ਦੇ ਨੇੜੇ ਕਾਵਿ ਸੰਗ੍ਰਹਿ ਵਿੱਚ ੧੯੯੦-੯੧ ਦੀਆਂ ਲਿਖੀਆਂ ਕਵਿਤਾਵਾਂ ਹਨ।

ਪ੍ਰਸ਼ਨ: ਪੰਜਾਬੀ ਵਿੱਚ ਲਿਖਣ ਲੱਗਿਆਂ ਤੁਹਾਨੂੰ ਕਿਸੇ ਭਾਂਤ ਦੀ ਕੋਈ ਦਿੱਕਤ ਤਾਂ ਨਹੀਂ ਆਈ ?

ਉੱਤਰ: ਬਹੁਤ ਆਈ ਹੈ। ਹਿੰਦੂ ਮੈਨੂੰ ਹਿੰਦੂ ਨਹੀਂ ਮੰਨਦੇ,ਕਿਉਂਕਿ ਮੈਂ ਕੇਸ ਰੱਖਦਾ ਹਾਂ,ਗੁਰਬਾਣੀ ਪੜ੍ਹਦਾ ਹਾਂ ਤੇ ਪੰਜਾਬੀ ਬੋਲਦਾ ਹਾਂ ਏਵੇਂ ਸਿੱਖ ਮੈਨੂੰ ਸਿੱਖ ਨਹੀਂ ਮੰਨਦੇ। ਕਾਰਨ,ਮੈਂ ਅਮ੍ਰਿੰਤਧਾਰੀ ਨਹੀਂ ਤੇ ਮਜ਼ਬੀ ਤੁਅੱਸਬ ਦੀ ਸਖ਼ਤ ਮੁਖਾਲਫਤ ਕਰਦਾ ਹਾਂ। ਮੈਂ ਸਮਝਦਾ ਸਾਂ,ਮੈਨੂੰ ਦੋਵੇਂ ਧਿਰ ਚਾਹੁਣਗੀਆਂ,ਕਿਉਂਕਿ ਮੇਰੇ ਵਿਚਾਰ ਸਾਂਝੇ ਹਨ,ਪਰ ਹੋਇਆ ਇਸ ਦੇ ਉਲਟ। ਦੁਖਾਂਤ ਇਹ ਹੈ ਕਿ ਅੱਜ ਲੋਕ ਕੇਵਲ ਬਾਹਰ ਮੁੱਖੀ ਰਾਜਸੀ ਨੀਤੀ ਨਾਲ ਹੀ ਸੋਚਦੇ ਹਨ ਤੇ ਉਲਾਰੂ ਰਾਜਸੀ ਵੇਗ ਵਿੱਚ ਹੁੜ੍ਹੇ ਜਾ ਰਹੇ ਹਨ। ਉਹਨਾਂ ਨੂੰ ਫਰਜ਼ ਦੀ ਥਾਂ ਹੱਕ ਪਿਆਰੇ ਹਨ। ਉਹ ਮਨੁੱਖੀ ਸਾਂਝ, ਸਦੀਵੀ ਪਿਆਰ ਤੇ ਆਪਣੇ ਅਧਿਆਤਮਿਕ ਵਿਰਸੇ ਨੂੰ ਤਿਆਗ ਕੇ ਆਪਸ ਵਿੱਚ ਟਕਰਾ ਰਹੇ ਹਨ। ਜੇ ਅਸੀਂ ਸਾਂਝੇ ਅਧਿਆਤਮਿਕ ਚਿੰਤਨ ਦੀ ਪਛਾਣ ਕਰ ਲਈਏ ਤਾਂ ਸਾਰੇ ਝਗੜੇ ਅੱਜ ਹੀ ਮੁੱਕ ਸਕਦੇ ਹਨ। ਹਿੰਦੂ ਵਿਰਸਾ ਗਿਆਨ ਨਾਲ ਭਰਪੂਰ ਹੈ ਤੇ ਸਿੱਖ ਕੌਮ ਕੁਰਬਾਨੀਆਂ ਨਾਲ ਭਰੀ ਹੈ। ਵਰਤਮਾਨ ਸਮੇਂ ਵਿੱਚ ਦੋਹਾਂ ਗੱਲਾਂ ਦੀ ਹੀ ਸਖਤ ਲੋੜ ਹੈ। ਏਸੇ ਕਰਕੇ ਮੈਂ ਇਹਨਾਂ ਦੋਹਾਂ ਵਰਗਾਂ ਨੂੰ ਹੀ ਪਿਆਰ ਅਤੇ ਸਤਿਕਾਰ ਨਾਲ ਸਮਝਾਉਣ ਦੀ ਕੋਸ਼ਿਸ਼ ਵਿੱਚ ਲੱਗਿਆ ਹੋਇਆ ਹਾਂ।

ਪ੍ਰਸ਼ਨ : ਸਵਾਮੀ ਜੀ ਜਿਵੇਂ ਕਿ ਤੁਹਾਨੂੰ ਪੰਜਾਬੀ ਤੇ ਏਨਾ ਆਬੂਰ ਹਾਸਿਲ ਹੈ ਤੁਸੀਂ ਪੰਜਾਬੀ ਸਾਹਿਤ ਵੀ ਬਹੁਤ ਪੜ੍ਹਿਆ ਹੋਵੇਗਾ। ਤੁਹਾਨੂੰ ਕਿਹੜੇ ਪੰਜਾਬੀ ਸਾਹਿਤਕਾਰ ਨੇ ਵਧੇਰੇ ਪ੍ਰਭਾਵਿਤ ਕੀਤਾ ਹੈ?

ਉੱਤਰ : ਮੈਂ ਨਵਾਂ ਅਤੇ ਪੁਰਾਣਾ ਪੰਜਾਬੀ ਸਾਹਿਤ ਕਾਫੀ ਪੜ੍ਹਿਆ ਹੈ ਤੇ ਨਾਲੋ ਨਾਲ ਆਪਣੇ ਸਮਕਾਲੀਆਂ ਨੂੰ ਪੜ੍ਹਦਾ ਵੀ ਰਹਿੰਦਾ ਹਾਂ। ਸਿਰਫ਼ ਵਾਸ਼ਨਾ ਵਾਦੀ ਸਾਹਿਤ ਮੈਂ ਨਹੀਂ ਪੜ੍ਹਦਾ। ਉਹ ਮੈਨੂੰ ਉਲਾਰੂ ਤੇ ਬੇ-ਅਰਥ ਜਾਪਦਾ ਹੈ। ਉਸ ਦੇ ਪੜ੍ਹਨ ਨਾਲ ਗਿਆਨ ਵਿੱਚ ਵਾਧੇ ਦੀ ਬਜਾਏ ਸਗੋਂ ਦਿਲੋ ਦਿਮਾਗ ਵਿੱਚ ਖਲਾਅ ਪੈਦਾ ਹੁੰਦਾ ਹੈ। ਅੱਜ ਕਲ ਦੇ ਬਹੁਤੇ ਲੇਖਕਾਂ ਨੂੰ ਆਪ ਵੀ ਪਤਾ ਨਹੀਂ ਕਿ ਉਹ ਕੀ ਕਹਿਣਾ ਚਾਹੁੰਦੇ ਹਨ। ਅਸਪੱਸ਼ਟਤਾ ਜਿਸਨੂੰ ਅੱਜ ਦਾ ਪੰਜਾਬੀ ਸਾਹਿਤਕਾਰ ਉੱਤਮ ਗੁਣ ਸਮਝਦਾ ਹੈ,ਮੇਰੇ ਅਨੁਸਾਰ ਇਹ ਖਿੱਲਰਵੀਂ ਸੋਚਣੀ ਦਾ ਸੂਚਕ ਹੈ। ਮੈਨੂੰ ਪ੍ਰਸਿੱਧ ਹਾਸ ਵਿਅੰਗ ਲੇਖਕ ਪਿਆਰਾ ਸਿੰਘ ਦਾਤਾ ਤੇ ਡਾ:ਗੁਰਨਾਮ ਸਿੰਘ ਤੀਰ ਬਹੁਤ ਚੰਗੇ ਲੱਗਦੇ

ਹਨ।ਤੁਹਾਡੇ ਨਾਟਕ ਵੀ ਮੈਂ ਬਹੁਤ ਪੜ੍ਹਦਾ ਹਾਂ।ਤੁਹਾਡਾ ਨਵਾਂ ਡਰਾਮਾ 'ਬੰਦਾ ਬਹਾਦਰ'ਤਾਂ ਮੈਨੂੰ ਏਨਾ ਚੰਗਾ ਲੱਗਿਆ ਕਿ ਉਸ ਦੇ ਅਧਾਰ ਉੱਪਰ ਮੈਂ ਇੱਕ ਥਾਂ ਲੈਕਚਰ ਵੀ ਦੇ ਆਇਆ ਹਾਂ। ਉਂਝ ਪ੍ਰਭਾਵ ਦੇ ਤੌਰ ਤੇ ਮੈਂ ਆਪਣੀ ਲਿਖਤ ਵਿੱਚ ਕਿਸੇ ਇੱਕ ਲੇਖਕ ਤੋਂ ਪ੍ਰਭਾਵਿਤ ਨਹੀਂ ਹੁੰਦਾ।

ਪ੍ਰਸ਼ਨ : ਤੁਹਾਡੇ ਅਨੁਸਾਰ ਸੰਤ ਦੀ ਪਰਿਭਾਸ਼ਾ ਕੀ ਹੈ ? ਅੱਜ ਦੇ ਸੰਤਾਂ ਬਾਰੇ ਤੁਹਾਡੇ ਕੀ ਵਿਚਾਰ ਹਨ ?

ਉੱਤਰ : ਪ੍ਰੋ: ਸਾਹਿਬ!ਸੰਤ ਧਰਤੀ ਦਾ ਸੰਪੂਰਨ ਸਰੂਪ ਹੁੰਦਾ ਹੈ।ਉੱਚੇ ਤੋਂ ਵੀ ਉੱਚੇ ਚਿੰਤਕ ਨੂੰ ਸੰਤ ਆਖਿਆ ਜਾਂਦਾ ਹੈ।ਮੈਂ ਸੰਤ ਨੂੰ ਰੱਬ ਦਾ ਸਰਗੁਣ ਸਰੂਪ ਮੰਨਦਾ ਹਾਂ।ਸੁਆਸ ਤੇ ਗ੍ਰਾਸ ਨਾਲ ਰੱਬ ਦੀ ਯਾਦ ਵਿੱਚ ਲੀਨ ਰਹਿਣ ਵਾਲਾ ਮਨੁੱਖ ਅਸਲੀ ਸੰਤ ਹੁੰਦਾ ਹੈ।ਮੈਂ ਇਹੋ ਜਿਹੇ ਕੁਝ ਕੁ ਸੱਚੇ ਸਾਧੂਆਂ ਦੇ ਦਰਸ਼ਨ ਵੀ ਕੀਤੇ ਹਨ।ਅੱਜ ਦੇ ਯੁੱਗ ਵਿੱਚ ਅਸਲੀ ਸੰਤ ਹੋਣਾ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਹੈ।ਪਦਾਰਥਵਾਦ ਹਰ ਇੱਕ ਨੂੰ ਆਪਣੀ ਲਪੇਟ ਵਿੱਚ ਲਈ ਜਾ ਰਿਹਾ ਹੈ।ਮੌਜੂਦਾ ਯੁੱਗ ਦੇ ਬਹੁਤੇ ਸੰਤਾਂ ਨੇ ਸੰਤ ਮੱਤ ਨੂੰ ਇੱਕ ਕਿੱਤਾ ਬਣਾ ਲਿਆ ਹੈ।ਇਹਨਾਂ ਕੋਲ ਨਾ ਅਧਿਆਤਮਿਕ ਚਿੰਤਨ ਹੈ ਨਾ ਰੱਬੀ ਗਿਆਨ,ਨਾ ਲੋਕ ਕਲਿਆਣ ਦੀ ਭਾਵਨਾ ਤੇ ਨਾ ਆਤਮਿਕ ਅਭਿਆਸ।ਇਹਨਾਂ ਨੇ ਕੇਵਲ ਆਪਣੇ ਸੁੱਖਾਂ ਨੂੰ ਹੀ ਮੁੱਖ ਰੱਖਿਆ ਹੋਇਆ ਹੈ।ਇਸ ਸਮੇਂ ਦੇ ਕਈ ਸੰਤਾਂ ਨੂੰ ਵੇਖਕੇ ਸਿਰ ਸ਼ਰਮ ਨਾਲ ਨੀਵਾਂ ਹੋ ਜਾਂਦਾ ਹੈ ਕਿ ਉਹ ਇਸ ਭਾਰਤ ਦੇ ਸੰਤ ਬਣੇ ਫਿਰਦੇ ਹਨ ਜਿੱਥੇ ਰਿਸ਼ੀ ਵੇਦ ਵਿਆਸ,ਸਵਾਮੀ ਸ਼ੁਕਦੇਵ,ਸ੍ਰੀ ਗੁਰੂ ਨਾਨਕ ਦੇਵ ਜੀ ਤੇ ਵਿਵੇਕਾਨੰਦ ਵਰਗੇ ਮਹਾਂਪੁਰਖ ਵਿਚਰੇ ਹਨ।

ਪ੍ਰਸ਼ਨ: ਕੀ ਤੁਹਾਡੀ ਕਵਿਤਾ ਲੋਕਾਂ ਦੀ ਮਾਨਸਿਕ ਤ੍ਰਿਪਤੀ ਤੇ ਦੁੱਖਾਂ ਦੀ ਨਿਵਰਤੀ ਕਰਦੀ ਹੈ ?

ਉੱਤਰ: ਇਸ ਪ੍ਰਸ਼ਨ ਦਾ ਸਹੀ ਜਵਾਬ ਤਾਂ ਮੇਰੇ ਪਾਠਕ ਹੀ ਦੇ ਸਕਦੇ ਹਨ।ਹਾਂ ਜਿਨ੍ਹਾਂ ਨੇ ਮੇਰੀ ਕਵਿਤਾ ਪੜ੍ਹੀ ਹੈ ਉਹਨਾਂ ਦੇ ਪਿਆਰ ਅਤੇ ਪ੍ਰਸ਼ੰਸਾ ਭਰੇ ਬੇਅੰਤ ਪੱਤਰ ਮੈਨੂੰ ਪ੍ਰਾਪਤ ਹੋਏ ਹਨ ਜਿਨ੍ਹਾਂ ਵਿੱਚ ਵੱਡੇ ਵੱਡੇ ਲੇਖਕ, ਬਹੁਚਰਚਿਤ ਆਲੋਚਕ ਤੇ ਆਤਮ ਅਭਿਆਸੀ ਲੋਕ ਵੀ ਆਉਂਦੇ ਹਨ।ਬਲਕਿ ਕਈ ਇੱਕ ਅਜੋਕੇ ਕੱਟਰ ਪ੍ਰਯੋਗਵਾਦੀ ਤੇ ਨਾਸਤਿਕ ਲੇਖਕਾਂ ਨੇ ਵੀ ਮੇਰੀ ਗੱਲ ਦਾ ਬੜਾ ਡੂੰਘਾ ਹੁੰਗਾਰਾ ਭਰਿਆ ਹੈ।ਜੋ ਲੋਕ ਗੁਰਬਾਣੀ,ਗੀਤਾ ਤੇ ਉਪਨਿਸ਼ਦਾਂ ਦੇ ਡੂੰਘੇ ਮਰਮ ਨੂੰ ਸਮਝਣ ਵਿੱਚ ਸਮਰੱਥ ਨਹੀਂ,ਉਹਨਾਂ ਲਈ ਮੇਰੀ ਕਵਿਤਾ ਬਹੁਤ ਹੀ ਸੌਖਾ,ਸਰਲ ਅਤੇ ਰਸਦਾਇਕ ਸਾਧਨ ਹੈ। ਉਹ ਇਸ ਨੂੰ ਪੜ੍ਹਕੇ ਮਨ ਦਾ ਭਾਰ ਹੌਲਾ ਕਰਨ ਵਿੱਚ ਸਫਲ ਹੁੰਦੇ ਹਨ।ਦੂਜਾ,ਲੋਕਾਂ ਉੱਪਰ ਕਵੀ ਦੀ ਗੱਲ ਦਾ ਉਸੇ ਕਿਸਮ ਦਾ ਹੀ ਪ੍ਰਭਾਵ ਪੈਂਦਾ ਹੈ ਜਿਹੋ ਜਿਹਾ ਉਸਦੇ ਆਪਣੇ ਦਿਲ ਵਿੱਚ ਹੋਵੇ।ਮੇਰੀ ਕਵਿਤਾ ਮੇਰੇ ਜੀਵਨ ਵਿੱਚੋਂ ਤੇ ਮੇਰੇ ਤਜਰਬਿਆਂ ਵਿੱਚੋਂ ਨਿਕਲਦੀ ਹੈ।ਇਸ ਕਰਕੇ ਇਸ ਨਾਲ ਪਾਠਕ ਸਹਿਜ ਸੁਭਾ ਹੀ ਕੀਲਿਆ ਜਾਂਦਾ ਹੈ।

ਪ੍ਰਸ਼ਨ: ਕੀ ਤੁਸੀਂ ਆਪਣੇ ਇਸ ਜੀਵਨ ਤੋਂ ਸੰਤੁਸ਼ਟ ਹੋ ?

ਉੱਤਰ: ਹਾਂ,ਬਹੁਤ ਸੰਤੁਸ਼ਟ ਹਾਂ।

ਪ੍ਰਸ਼ਨ: ਗੁਰੂ ਨਾਨਕ ਦੇਵ ਜੀ 'ਏਕਾ ਨਾਰੀ ਜਤੀ' ਦਾ ਸੰਕਲਪ ਪੇਸ਼ ਕਰਦੇ ਹਨ। ਤੁਹਾਡਾ ਇਸ ਬਾਰੇ ਕੀ ਵਿਚਾਰ ਹੈ?

ਉੱਤਰ: ਡਾ:ਸਾਹਿਬ!ਗੁਰੂ ਨਾਨਕ ਦੇਵ ਜੀ ਨੇ ਵੇਖਿਆ ਕਿ ਕਲਯੁਗ ਵਿੱਚ ਕਾਮ ਬਹੁਤ ਚਤੁਰ ਹੋ ਗਿਆ ਹੈ। ਇਹ ਹੁਣ ਕਈ ਤਰਾਂ ਦੇ ਰੂਪ ਵਟਾ ਕੇ ਮਨੁੱਖਾਂ ਨੂੰ ਡੰਗੇਗਾ। ਇਸ ਲਈ ਉਹਨਾਂ ਨੇ 'ਏਕਾ ਨਾਰੀ ਜਤੀ' ਦਾ ਸਿਧਾਂਤ ਦਿੱਤਾ ਹੈ ਉਂਝ ਵੀ ਗ੍ਰਹਿਸਥ ਅਧਿਆਤਮ ਦੀ ਪਾਠਸ਼ਾਲਾ ਹੈ। ਜੀਵ ਗ੍ਰਹਿਸਥ ਰਾਹੀਂ ਪ੍ਰਭੂ ਦੇ ਚਰਨਾਂ ਵਿੱਚ ਸ਼ੀਘਰ ਤੇ ਸੌਖਾ ਪੁੱਜਣ ਦੇ ਸਮਰਥ ਹੋ ਜਾਂਦਾ ਹੈ। ਮਨੁੱਖ ਪਤਨੀ ਦੇ ਪਿਆਰ ਵਿੱਚੋਂ ਸੰਗਤ ਦਾ,ਸੰਗਤ ਵਿੱਚੋਂ ਵਿਸ਼ਵ ਦਾ ਤੇ ਵਿਸ਼ਵ ਵਿੱਚੋਂ ਵਿਸ਼ਵਪਤੀ ਪਰਮਾਤਮਾ ਦਾ ਪਿਆਰ ਹਾਸਲ ਕਰਦਾ ਹੈ। ਇਉਂ ਉਹ ਕਲਗੁਗ ਵਿੱਚ ਹੱਸਦਾ ਖੇਲਦਾ ਤੇ ਪਹਿਨਦਾ ਅਕਾਲ ਪੁਰਖ ਨਾਲ ਅਭੇਦ ਹੋ ਜਾਂਦਾ ਹੈ ਮੈਂ ਜਿਸ ਜਤ ਨੂੰ ਧਾਰਨ ਕੀਤਾ ਹੈ ਉਹ ਇਸਤ੍ਰੀ ਵਿਰੋਧੀ ਨਹੀਂ,ਸਗੋਂ ਵਾਸਨਾ ਵਿਰੋਧੀ ਹੈ। ਬ੍ਰਹਮਚਾਰੀ ਬ੍ਰਹਮਵਾਦ ਦਾ ਸਮਰਥਕ ਹੁੰਦਾ ਹੈ। ਮਨੁੱਖ ਸੱਚਾ ਬ੍ਰਹਮਵਾਦੀ ਤਾਂ ਹੀ ਹੋ ਸਕਦਾ ਹੈ ਜੇ ਉਹ ਆਪਣਾ ਖਾਣਾ ਪੀਣਾ,ਰਹਿਣਾ ਬਹਿਣਾ ਤੇ ਪਹਿਨਣਾ ਸਾਦਾ ਤੇ ਸੰਜਮੀ ਕਰਕੇ ਆਪਣੇ ਆਪ ਤੇ ਕਾਬੂ ਪਾਵੇ। ਪਰ ਇਹ ਕੰਮ ਹਠ ਯੋਗ ਰਾਹੀਂ ਨਹੀਂ ਕਰਨਾ ਚਾਹੀਦਾ। ਇਸ ਵਾਸਤੇ ਸਹਿਜ ਮਾਰਗ ਹੀ ਠੀਕ ਹੈ। ਜੇ ਕਿਸੇ ਤੋਂ ਸਹਿਜ ਸੁਭਾ ਇਹ ਗੱਲ ਨਾ ਬਣੇ ਤਾਂ ਉਸਨੂੰ ਗੁਰੂ ਨਾਨਕ ਦਾ 'ਏਕਾ ਨਾਰੀ ਜਤੀ' ਦਾ ਫੁਰਮਾਨ ਮੰਨ ਲੈਣਾ ਚਾਹੀਦਾ ਹੈ।

ਅੰਤ ਵਿੱਚ ਮੈਂ ਕਿਹਾ ਸੰਤ ਜੀ ਤੁਹਾਡੀ ਸਖਸ਼ੀਅਤ ਬਹੁਤ ਹੀ ਵਿਲੱਖਣ ਹੈ। ਮੈਂ ਆਪਣੀ ੭੨ ਸਾਲ ਦੀ ਉਮਰ ਵਿੱਚ ਬਹੁਤ ਸੰਤ ਵੇਖੇ ਹਨ। ਮੇਰੇ ਇਲਾਕੇ ਵਿੱਚ ਵੀ ਬਹੁਤ ਸੰਤ ਹਨ। ਮੈਂ ਅੱਠ ਸਾਲ ਦੀ ਉਮਰ ਵਿੱਚ ਹੀ ਸੰਤਾਂ ਦੇ ਡੇਰਿਆਂ ਵਿੱਚ ਜਾਣ ਲੱਗ ਪਿਆ ਸਾਂ,ਪਰ ਆਪ ਵਰਗਾ ਸਾਦਾ ਤੇ ਸਪੱਸ਼ਟ ਵਕਤਾ ਸੰਤ ਮੈਂ ਕੋਈ ਨਹੀਂ ਵੇਖਿਆ। ਤੁਸੀਂ ਮੇਰੇ ਗਰੀਬ ਖਾਨੇ ਵਿੱਚ ਚਰਨ ਪਾਏ ਤੇ ਸਾਧਾਰਣ ਥਾਂ ਤੇ ਬੈਠ ਗਏ,ਫੇਰ ਸਾਡੇ ਨਾਲ ਹੀ ਬੈਠ ਕੇ,ਪਰੋਸੇ ਹੋਏ ਦਹੀਂ ਮੱਖਣ ਨੂੰ ਛੱਡ ਕੇ ਸਧਾਰਣ ਪ੍ਰਸ਼ਾਦੇ ਅਚਾਰ ਨਾਲ ਛਕ ਲਏ। ਅੱਜਕੱਲ ਤਾਂ ਜਿਗਰੀ ਮਿੱਤਰ ਵੀ ਇਉਂ ਰੋਟੀ ਖਾਣ ਨੂੰ ਤਿਆਰ ਨਹੀਂ। ਆਪ ਦੇ ਵਿੱਚ ਇਹ ਬਹੁਤ ਵੱਡੀ ਗੱਲ ਹੈ। ਤਦੇ ਮੈਂ ਇਹ ਕਹਿਣ ਦੀ ਜ਼ੁਰਅਤ ਕਰ ਰਿਹਾ ਹਾਂ ਕਿ ਆਪ ਜੀ ਦਾ ਅਧਿਆਤਮਵਾਦ ਲੋਕਾਂ ਦਾ ਜੀਵਨ ਮਈ ਅਧਿਆਤਮਵਾਦ ਹੈ। ਲੋਕਾਂ ਦਾ ਕਲਿਆਣ ਕਰਨ ਵਾਲਾ ਹੈ ਤੇ ਦੂਜੀ ਮਹਾਨ ਗੱਲ ਇਹ ਹੈ ਕਿ ਆਪ ਇਸ ਨੂੰ ਸਰਲ ਸੌਖੀ,ਮਿੱਠੀ ਤੇ ਰਸੀਲੀ ਅੰਦਰੋਂ ਆਪਣੇ ਆਪ ਫੁੱਟੀ ਕਵਿਤਾ ਨਹੀਂ ਸਗੋਂ ਆਪਣੀ ਸਾਦੀ ਅਮਲੀ ਰਹਿਣੀ ਬਹਿਣੀ ਵਿੱਚੋਂ ਸਹਿਜ ਸੁਭਾ ਪ੍ਰਚਾਰ ਕਰ ਰਹੇ ਹੋ। ਜਿਵੇਂ ਚੰਦਨ ਮਹਿਕ ਖਿਲਾਰਿਆ ਕਰਦਾ ਹੈ,ਜਿਵੇਂ

ਚੰਦ ਆਪਣੀ ਪਵਿੱਤਰ ਅਨੰਦਮਈ ਚਾਨਣੀ ਦੇ ਵੇਹੜੇ ਵਿੱਚ ਛੱਟੇ ਦਿਆ ਕਰਦਾ ਹੈ।

ਸਵਾਮੀ ਜੀ ਮੁਸਕਰਾਏ ਤੇ ਕਹਿਣ ਲੱਗੇ,ਇਹ ਉਸ ਦੀ ਹੀ ਕ੍ਰਿਪਾ ਹੈ ਜਿਸ ਬਾਰੇ ਮੇਰੀ 'ਨੂਰ ਦੇ ਨੇੜੇ'ਦੀ ਇੱਕ ਨਜ਼ਮ ਦੇ ਅਖੀਰਲੇ ਬੋਲ ਹਨ :-

ਕਈਆਂ ਕਲਪਾਂ ਵਿੱਚ ਬ੍ਰਹਮ ਨਹੀਂ ਲਿਖ ਸਕਦਾ
ਜਿਤਨਾ ਬ੍ਰਹਮ ਨੂੰ ਪਿਆਰ ਮਲਹਾਰ ਦਿੱਤਾ॥

ਕਿੰਨਾ ਚਿਰ ਚੁੱਪ ਚਾਪ,ਸ਼ਾਂਤ ਅਤੇ ਅਡੋਲ ਬੈਠੇ ਰਹਿਣ ਤੋਂ ਬਾਅਦ ਉਹਨਾਂ ਨੇ ਜਾਣ ਦੀ ਤਿਆਰੀ ਕਰ ਲਈ। ਮੈਂ ਧੰਨਵਾਦ ਕੀਤਾ ਤੇ ਉਹ ਚਲੇ ਗਏ।

# ਸਾਧੂ ਕੀ ਮਹਿਮਾ

ਡਾ:ਕਾਲਾ ਸਿੰਘ ਬੇਦੀ

ਸਾਧੂ ਕੀ ਮਹਿਮਾ ਬਰਨੈ ਕਉਨ ਪ੍ਰਾਨੀ
ਨਾਨਕ ਸਾਧ ਕੀ ਸੋਭਾ ਪ੍ਰਭੂ ਮਾਹਿ ਸਮਾਨੀ॥

ਸਤਿਗੁਰ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਇਕ ਪਰਖ ਕਸੌਟੀ ਕਾਇਮ ਕੀਤੀ ਹੈ,ਜੋ ਸਦਾ ਇੱਕ ਰਸ ਹੈ,ਹਰ ਸਮੇਂ ਉਹ ਪੂਰੀ ਉਤਰਦੀ ਰਹੇਗੀ, ਪਰ ਉਸ ਕਸੌਟੀ ਦੇ ਮਿਆਰ ਵਿੱਚ ਕਿਸੇ ਪ੍ਰਕਾਰ ਦੀ ਘਾਟ ਜਾਂ ਵਾਧ ਨਹੀਂ ਹੋ ਸਕਦੀ। ਗੁਰੂ ਦੇਵ ਫਰਮਾਉਂਦੇ ਹਨ ਕਿ ਪਰਮਾਤਮਾ ਨੂੰ ਸਮਝਣ ਲਈ, ਪਰਮਾਤਮਾ ਜਿਡਾ ਬਣਨਾ ਪੈਂਦਾ ਹੈ। ਜਿਸ ਇਨਸਾਨ ਵਿੱਚ ਸਾਰੀ ਦੀਆਂ ਸਾਰੀਆਂ ਇਲਾਹੀ ਸਿਫਤਾਂ ਇਕੱਤ੍ਰ ਹੋ ਜਾਣ,ਉਹੋ ਇਨਸਾਨ ਪਰਮਾਤਮਾ ਨੂੰ ਸਮਝ ਸਕਦਾ ਹੈ :-

ਵਡਾ ਸਾਹਿਬੁ ਊਚਾ ਥਾਉ॥
ਊਚੇ ਉਪਰ ਊਚਾ ਨਾਉ॥
ਏਵਡ ਊਚਾ ਹੋਵੈ ਕੋਇ॥
ਤਿਸ ਊਚੇ ਕਉ ਜਾਣੈ ਸੋਇ॥ (ਜਪੁ)

ਨੂਰ ਦੇ ਨੇੜੇ ਨਾਮੀ ਪੁਸਤਕ ਦੇ ਲੇਖਕ ਅਨੁਭਵੀ ਤੇ ਤਜ਼ਰਬੇਕਾਰ, ਸੰਤ ਕਵੀ ਸਵਾਮੀ "ਬ੍ਰਹਮਦੇਵ"ਜੀ ਮਹਾਰਾਜ ਹਨ। ਪੁਸਤਕ ਬਹੁਤ ਹੀ ਉੱਚ ਕੋਟੀ ਦੀ ਹੈ, ਕਿਉਂਕਿ ਸਵਾਮੀ ਜੀ ਨੇ ਇਸ ਵਿੱਚ ਪਰਮਾਤਮਾ ਦੇ ਸਰੂਪ ਤੇ ਉਸ ਦੀਆਂ ਸਿਫਤਾਂ ਨੂੰ ਇਕ ਉੱਚ ਕਲਾਕਾਰ ਦੇ ਨਾਤੇ ਚਿਤ੍ਰਿਆ ਹੈ,ਸੰਵਾਰਿਆ ਹੈ ਤੇ ਨਿਖਾਰਿਆ ਹੈ; ਇਨਸਾਨ ਨੂੰ ਅਸਲੀ ਅਰਥਾਂ ਵਿੱਚ ਇਨਸਾਨ ਬਣਨ ਲਈ ਪ੍ਰੇਰਣਾ ਦਿੱਤੀ ਹੈ ਤੇ ਜੀਵਨ ਜਾਂਚ ਸਿਖਾਈ ਹੈ।

ਸਾਹਿਤ ਪਰਖ ਲਈ ਸਿਆਣਿਆਂ ਨੇ ਦੋ ਕਸਵੱਟੀਆਂ ਰੱਖੀਆਂ ਹਨ। ਉਨ੍ਹਾਂ ਵਿੱਚੋਂ ਇੱਕ ਹੈ ਰੂਪ ਪੱਖ ਦੂਸਰਾ ਹੈ ਵਿਸ਼ੇ ਪੱਖ। ਅਸੀਂ ਹੇਠ ਇਨ੍ਹਾਂ ਪੱਖਾਂ ਨੂੰ ਦ੍ਰਿਸ਼ਟੀ ਵਿੱਚ ਰੱਖਦਿਆਂ 'ਨੂਰ ਦੇ ਨੇੜੇ' ਦਾ ਵਿਸ਼ਲੇਸ਼ਣ ਤੇ ਵਿਵੇਚਨ ਪੇਸ਼ ਕਰ ਰਹੇ ਹਾਂ। ਅਸਾਂ ਇਸ ਪੁਸਤਕ ਨੂੰ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਪੜ੍ਹਿਆ, ਵਾਚਿਆ, ਘੋਖਿਆ ਤੇ ਪਰਖਿਆ ਹੈ ਤੇ ਇਸ ਨਤੀਜੇ ਤੇ ਪੁੱਜੇ ਹਾਂ ਕਿ ਇਹ ਪੁਸਤਕ ਗੁਰਮਤ ਵਿਚਾਰਧਾਰਾ, ਸੂਫੀ ਵਿਚਾਰਧਾਰਾ,ਸੰਤਬਚਨ ਤੇ ਲੇਖਕ ਤੇ ਨਿੱਜੀ ਅਨੁਭਵਾਂ ਉੱਪਰ ਅਧਾਰਿਤ ਹੈ। ਰੂਪ

ਪੱਖੋਂ,ਸਵਾਮੀ ਜੀ ਨੇ ਦਵੈਯਾ, ਦੋਹਰਾ, ਬੈਂਤ, ਕਬਿੱਤ, ਕੋਰੜਾ, ਸਿਰਖਿੰਡੀ, ਚੌਪਾਈ, ਆਦਿ ਉੱਪਰ ਕਲਮ ਅਜ਼ਮਾਈ ਹੈ ਤੇ ਇਨ੍ਹਾਂ ਕਾਵਿ ਰੂਪਾਂ ਨੂੰ ਅਨੁਭਵੀ ਕਲਾਕਾਰ ਦੇ ਨਾਤੇ ਖ਼ੂਬ ਨਿਭਾਇਆ ਹੈ। ਸ਼ਬਦ ਚੋਣ ਕਾਬਿਲੇ ਤਾਰੀਫ਼ ਹੈ। ਵਿਸ਼ੇ ਅਨੁਸਾਰ, ਸ਼ੁੱਧ,ਪਵਿੱਤਰ, ਸਾਫ਼ ਤੇ ਸੁਥਰੇ ਸ਼ਬਦਾਂ ਦੀ ਜੜਤ ਜੜੀ ਹੈ। ਇਹ ਜੜਤ ਆਪ ਦੀਆਂ ਕਵਿਤਾਵਾਂ ਵਿੱਚ ਇਸ ਤਰ੍ਹਾਂ ਦੀ ਪ੍ਰਤੀਤ ਹੁੰਦੀ ਹੈ ਜਿਵੇਂ ਕਿਸੇ ਮਹਾਨ ਫ਼ਨਕਾਰ (ਕਲਾਕਾਰ) ਨੇ ਸੋਨੇ ਦੀ ਅੰਗੂਠੀ ਵਿੱਚ ਲਿਸ਼ਕਦੇ ਪੁਸ਼ਕਦੇ, ਤਰਾਸ਼ੇ ਖਰਾਸ਼ੇ ਤੇ ਚਮਕਦਾਰ ਨਗੀਨੇ ਜੜ ਦਿੱਤੇ ਹੋਣ। ਸੁਵਾਮੀ ਜੀ ਨੇ ਆਪਣੀ ਛੋਹ ਦੇ ਕੇ, ਨਿੱਜੀ ਅਨੁਭਵੀ ਛਾਪ ਲਗਾ ਕੇ ਫਰਸ਼ੀ ਸ਼ਬਦਾਂ ਨੂੰ ਅਰਸ਼ੀ ਕੁਰਸੀਆਂ ਤੇ ਬਿਠਾ ਦਿੱਤਾ ਹੈ ਜੋ ਆਪਣੀ ਅਸਲੀ ਕੀਮਤ ਤੋਂ ਬਹੁਤ ਅਧਿਕ ਮੁੱਲਵਾਨ ਹੋ ਗਏ ਹਨ। ਹਰ ਸ਼ਬਦ ਇੱਕ ਸੰਤ ਰੂਪ ਹੈ। ਸੰਖੇਪਤਾ ਤੇ ਨਵੀਨਤਾ ਵੀ ਇਸ ਪੁਸਤਕ ਦੇ ਖਾਸ ਗੁਣ ਹਨ। 'ਆਸਾ ਦੀ ਵਾਰ' ਵਿੱਚ ਸ੍ਰੀ ਗੁਰੂ ਨਾਨਕ ਦੇਵ ਨੇ ਨੀਰਸ ਗੁਣਹੀਨ ਤੇ ਚਰਿੱਤਰਹੀਨ ਮਨੁੱਖ ਨੂੰ ਸਿੰਮਲ ਦੇ ਰੁੱਖ ਨਾਲ ਉਪਮਾ ਦੇ ਕੇ ਇੱਕ ਅਛੂਤਾ ਬਿੰਬ ਕਾਇਮ ਕੀਤਾ ਹੈ। ਸਵਾਮੀ ਜੀ ਨੇ ਗੁਰਬਾਣੀ ਤੋਂ ਲਾਭ ਉਠਾ ਕੇ ਸਿੰਮਲ ਰੁਖ ਦੇ ਸਹਾਰੇ ਸਾਡੀ ਰਾਹ ਨੁਮਾਈ ਇਸ ਪ੍ਰਕਾਰ ਕੀਤੀ ਹੈ:-

ਸੂਹਣੇ ਪਹਿਰੇ ਕੱਪੜੇ ਸੱਜਰਾ ਗੋਰਾ ਮੁੱਖ<br>
ਬਿਨ ਗੁਣ ਨਾ ਨਰ ਸ਼ੋਭਦਾ ਜਿਉਂ ਸਿੰਮਲ ਦਾ ਰੁੱਖ।

ਸਵਾਮੀ ਜੀ ਨੇ ਉਪਮਾ(ਤਸਬੀਹ) ਤੇ ਰੂਪਕ (ਇਸ਼ਤਿਆਰੇ) ਦਾ ਬੜਾ ਹੀ ਢੁੱਕਵਾਂ ਪ੍ਰਯੋਗ ਕੀਤਾ ਹੈ। ਫ਼ਸਾਹਤ ਅਤੇ ਬਲਾਗ਼ਤ ਇੱਕ ਇੱਕ ਪਦ ਵਿੱਚ ਸਮੋਈ ਗਈ ਹੈ। ਇੱਕ ਗੁਣ ਇਨ੍ਹਾਂ ਕਵਿਤਾਵਾਂ ਦਾ ਹੋਰ ਇਹ ਹੈ ਕਿ ਵੱਡੇ ਵੱਡੇ ਮਜ਼ਮੂਨਾਂ ਨੂੰ ਸੰਖੇਪਤਾ ਦੇ ਚੌਖਟੇ ਵਿੱਚ ਜੜ ਦਿੱਤਾ ਹੈ।

ਵਿਸ਼ੇ ਪੱਖ ਨੂੰ ਦ੍ਰਿਸ਼ਟੀ ਵਿੱਚ ਰੱਖਦਿਆਂ ਅਸੀਂ ਕਹਿ ਸਕਦੇ ਹਾਂ ਕਿ ਇਹ ਪੁਸਤਕ ਨੂਰ ਦੇ ਨੇੜੇ ਅਧਿਆਤਮਿਕ (ਰੂਹਾਨੀ) ਵਿਚਾਰਾਂ ਦਾ ਭੰਡਾਰ ਹੈ ਤੇ ਭੰਡਾਰ ਵੀ ਅਮੁੱਕ। ਸਵਾਮੀ ਜੀ ਨੇ ਬਾਰੀਕ ਬੀਨੀ ਤੇ ਬੜੀ ਸੂਝ ਬੂਝ ਨਾਲ ਸਤਾਈ ਵਿਸ਼ਿਆਂ- ਮੰਗਲ, ਸਤਿਪੁਰਖ, ਮਨਮੁੱਖ, ਬੰਦਗੀ, ਸੁਭਾਸ਼ਿਤ, ਸੇਵਾ, ਦਾਨਵੀਰ ਤੇ ਧਰਮਵੀਰ, ਮਿੱਤਰਤਾ,ਗ੍ਰਿਹਸਥ ਬਨਾਮ ਸਵਰਗ, ਗ੍ਰਿਹਸਥ ਬਨਾਮ ਨਰਕ, ਵਿਸ਼ਵਾਸ ਤੇ ਅਵਿਸ਼ਵਾਸ, ਲੋਭੀ ਤੇ ਪਾਪੀ, ਵਿਅਕਤੀਗਤ ਚਿੱਠੀ, ਈਸ਼ਵਰ, ਸਰਗੁਣ ਬ੍ਰਹਮ, ਠਿਕਾਣਾ, ਪ੍ਰੇਮ ਤੇ ਸੰਤ, ਸਤਿ ਸੰਗਤ, ਮਾਇਆ ਤੇ ਮਾਇਆ ਦਾ ਪਰਿਵਾਰ, ਅਨਅਧਿਕਾਰੀ, ਸੁਮਾਰਗ, ਉਸਤਤਿ ਤੇ ਉਪਾਸਨਾ, ਭਗਤ ਵੱਛਲ, ਅਦਭੁੱਤ, ਯਾਚਨਾ,ਇਨ੍ਹਾਂ ਸ਼ਰਧਾਲੂਆਂ ਤੋਂ ਬਚ ਕੇ, ਸਤਿਗੁਰੂ ਤੇ ਕਲਮ ਅਜ਼ਮਾਈ ਕੀਤੀ ਹੈ। ਇਨ੍ਹਾਂ ਕਵਿਤਾਵਾਂ ਵਿੱਚੋਂ ਦਇਆ, ਧਰਮ, ਸਤ, ਸੰਤੋਖ, ਹਮਦਰਦੀ, ਰਵਾਦਾਰੀ, ਪ੍ਰੇਮਭਗਤੀ, ਬ੍ਰਹਮ ਗਿਆਨ, ਮਾਨਵਤਾ, ਨੇਕੀ, ਉਪਕਾਰ, ਸਦਾਚਾਰ,ਨਿਮਰਤਾ, ਆਦਿ ਦੀ ਜ਼ਬਰਦਸਤ ਪ੍ਰੇਰਣਾ ਮਿਲਦੀ ਹੈ। ਵਿਸ਼ੇ ਪੱਖੋਂ ਇਹ ਪੁਸਤਕ ਇੱਕ ਅਕਸੀਰ(ਅੰਮ੍ਰਿਤ) ਹੈ, ਜੋ ਹਰ ਮਾਨਸਿਕ ਬੀਮਾਰੀ ਦਾ ਇਲਾਜ ਹੈ। ਵਾਸਤਵ ਵਿੱਚ ਇਸ ਪੁਸਤਕ ਦਾ ਇੱਕ ਇੱਕ ਪਦ ਹਾਜਕ ਹਕੀਮ ਦੇ ਨਿੱਜੀ ਅਨੁਭਵ ਦਾ ਨੁਸਖਾ ਹੈ। 'ਨੂਰ ਦੇ ਨੇੜੇ'ਭਾਰਤੀ ਸੰਸਕ੍ਰਿਤੀ ਦਾ ਸੁਥਰਾ ਤੇ ਸਫ਼ਾਫ਼ ਸ਼ੀਸ਼ਾ ਹੈ। ਇਹ

ਇੱਕ (ਨੂਰ ਦੇ ਨੇੜੇ) ਤਰਿਆਕ (ਜ਼ਹਿਰ ਦੂਰ ਕਰਨ ਦੀ ਦਵਾਈ) ਹੈ।ਜੋ ਪੱਛਮੀ ਸੱਭਿਅਤਾ ਦੇ ਜ਼ਹਿਰ ਨੂੰ ਪੜ੍ਹਦਿਆਂ ਪੜ੍ਹਦਿਆਂ ਨੇਸਤੋ ਨਾਬੂਦ ਕਰਨ ਦੀ ਸਮਰੱਥਾ ਰੱਖਦੀ ਹੈ।ਮੰਗਲਾ ਚਰਣ ਵਿੱਚ ਸਵਾਮੀ ਜੀ ਨੇ ਪਰਮਾਤਮਾ ਦੇ ਅਨੰਤ,ਅਗੋਚਰ,ਅਲਖ ਤੇ ਅਜੂਨੀ ਸਰੂਪ ਨੂੰ ਇੰਞ ਪੇਸ਼ ਕੀਤਾ ਹੈ :-

ਸਤਿ ਚਿੱਤ ਆਨੰਦ ਰੂਪ ਪ੍ਰਭੁ,ਪ੍ਰਣਵ ਅੱਖਰ ਓਮ
ਘਟ ਘਟ ਦੇ ਵਿੱਚ ਰਮ ਰਿਹਾ ਜੀਕਣ ਸ਼ਬਦ ਵਿਓਮ।

ਅਸਲੀ ਇਨਸ਼ਾਨ ਦੀ ਤਸਵੀਰ ਚੰਦ ਇੱਕ ਸ਼ਬਦਾਂ ਵਿੱਚ ਇਸ ਪ੍ਰਕਾਰ ਖਿੱਚੀ ਹੈ :-

ਓਹਨਾਂ ਚੋਂ ਆਉਂਦੀ ਏ ਮਿੱਠੀ ਮਹਿਕ ਜਿਵੇਂ ਕਸਤੂਰੀ
ਨਾਜ਼ੁਕ ਦਿਲ ਸੋਹਣੇ ਜੋ ਮਸਤੀ ਭਿੰਨੇ ਨੈਣ ਸਰੂਰੀ।
ਈਨ ਕਦੇ ਨਹੀਂ ਮੰਨਦੇ ਉਹ ਜ਼ਾਲਿਮ ਜ਼ਰਵਾਣਿਆਂ ਦੀ
ਲੇਕਿਨ ਫੜਦੇ ਪਿਆਰ ਨਾਲ ਬਾਂਹ ਨੀਚ ਨਿਤਾਣਿਆਂ ਦੀ।

ਇਨਸਾਨੀਅਤ ਤੋਂ ਡਿੱਗੇ ਮਨੁੱਖਾਂ ਦੀ ਪਛਾਣ ਸਵਾਮੀ ਜੀ ਇੰਜ ਕਰਵਾਉਂਦੇ ਹਨ:-

ਸਭ ਦੇ ਅਕਾਰਣ ਵਿਰੋਧੀ ਹਨ ਜੋ
ਕਾਲੇ ਮਨ ਕਪਟੀ ਕਿਰਤਘਣ ਜੋ।
ਵਿੱਚੋਂ ਠੱਗ ਉੱਤੋਂ ਮਸਕੀਨੇ ਆਦਮੀ।

ਇਨਸਾਨ ਨੂੰ ਐਸ਼ ਇਸ਼ਰਤਾਂ ਤੇ ਵਿਸ਼ੇ ਵਿਕਾਰਾਂ ਤੋਂ ਇਸ ਤਰ੍ਹਾਂ ਰੋਕਦੇ ਹਨ : ਨਹੀਂ ਭੋਗ ਤੂੰ ਭੋਗੇ ਭੋਗਾਂ ਤੈਨੂੰ ਭੋਗ ਲਿਆ।

ਵਾਸਤਵ ਵਿੱਚ 'ਨੂਰ ਦੇ ਨੇੜੇ' ਇੱਕ ਮਿੱਠੀ ਰੋਟੀ ਹੈ।ਜਿਸ ਪਾਸਿਉਂ ਵੀ ਇਸਦਾ ਸਵਾਦ ਚੱਖੋ ਉਸੇ ਪਾਸਿਉਂ ਮਿੱਠੀ ਨਿੱਕਲਦੀ ਹੈ।ਅਸਾਂ ਇੱਕ ਇੱਕ ਸ਼ਬਦ ਵਿੱਚ ਸਵਾਮੀ ਜੀ ਦੀ ਨਿਰਪੱਖਤਾ ਤੇ ਮਾਨਵਤਾ-ਪ੍ਰੇਮ ਦੇ ਦਰਸ਼ਨ ਕੀਤੇ ਹਨ।ਇਸ ਪੁਸਤਕ ਵਿੱਚ ਜਾਤ-ਪਾਤ,ਊਚਨੀਚ, ਛਲ, ਕਪਟ,ਮਜ਼ਹਬੀ ਵਿਤਕਰਿਆਂ ਤੋਂ ਉੱਪਰ ਉੱਠ ਕੇ ਖਾਲਸ ਮਾਨਵਤਾ,ਭਰਾਤਰੀ ਪਿਆਰ,ਸ਼ੁੱਧ ਸਦਾਚਾਰ ਦਾ ਉਪਦੇਸ਼ ਦਿੱਤਾ ਗਿਆ ਹੈ।ਇਹ ਠੀਕ ਹੈ ਕਿ ਇਹ ਪੁਸਤਕ ਉਪਦੇਸ਼ਾਂ ਦਾ ਇੱਕ ਸਾਂਝਾ ਵਿਰਸਾ ਹੈ, ਪਰ ਕਾਵਿ ਕਸੌਟੀ ਤੇ ਵੀ ਪੂਰਾ ਉੱਤਰਦੀ ਹੈ।ਨਿਰਾ ਉਪਦੇਸ਼ ਹੀ ਨਹੀਂ ਸਗੋਂ ਸਵਾਮੀ ਜੀ ਦੀ ਤਪੱਸਿਆ,ਕੁਰਬਾਨੀ ਤੇ ਅਨੁਭਵ ਇਸ ਵਿੱਚ ਸਮਾਇਆ ਹੋਇਆ ਹੈ।ਇਸ ਪੁਸਤਕ ਦੀ ਜਿੰਨੀ ਵੀ ਵਡਿਆਈ ਕੀਤੀ ਜਾਵੇ,ਉਹ ਸਾਡੇ ਵਿਚਾਰ ਵਿੱਚ ਥੋੜੀ ਹੀਨਿਕਲੇਗੀ।ਮੈਂ ਆਪਣੇ ਨਿੱਜੀ ਅਨੁਭਵ ਦੇ ਆਧਾਰ ਤੇ ਸਿਫ਼ਾਰਿਸ਼ ਕਰਦਾ ਹਾਂ ਕਿ 'ਨੂਰ ਦੇ ਨੇੜੇ' ਹਰ ਪੰਜਾਬੀ ਸਾਹਿਤ ਪ੍ਰੇਮੀ,ਇਲਮ ਦੋਸਤ,ਮਾਂ ਬੋਲੀ ਦੇ ਉਪਾਸਕਾਂ ਦੀ ਲਾਇਬਰੇਰੀ ਦਾ ਸ਼ਿੰਗਾਰ ਜ਼ਰੂਰ ਬਣਨੀ ਚਾਹੀਦੀ ਹੈ।ਇਹ ਪੁਸਤਕ ਵਾਕਿਆ ਹੀ ਇੱਕ ਇਲਾਹੀ ਨੂਰ ਹੈ ਜੋ ਅਗਿਆਨ ਦਾ ਵਿਨਾਸ਼ਕ ਹੈ।

# ਨੂਰ ਦੇ ਨੇੜੇ -ਇੱਕ ਅਧਿਐਨ

**ਬਲਜੀਤ ਸਿੰਘ ਬੱਲੀ**

ਅਜੋਕਾ ਸੰਸਾਰ,ਪਹਿਲਾਂ ਦੀ ਨਿਸਬਤ, ਸਮਾਜਕ ਤੇ ਸਦਾਚਾਰਕ ਪੱਖੋਂ ਦਿਨੋਂ ਦਿਨ ਵਧੇਰੇ ਪਦਾਰਥਵਾਦੀ, ਸੁਆਰਥੀ, ਸੰਕੀਰਣ, ਨਾਸਤਕ ਅਤੇ ਖੰਡਤ ਹੋ ਗਿਆ ਹੈ।ਮਨੁੱਖ ਮਾਤਰ ਵਿੱਚੋਂ ਉਸਦੇ ਸਦੀਵੀ ਤੇ ਮੌਲਿਕ ਸਦਗੁਣ ਅਲੋਪ ਹੁੰਦੇ ਜਾ ਰਹੇ ਹਨ।ਫਲ ਸਰੂਪ ਮਨੁੱਖਤਾ ਦੁਖੀ ਅਤੇ ਪੀੜਾਂ ਵਿਧੀ ਹੋਈ ਜਾ ਰਹੀ ਹੈ।ਇਸ ਦਾ ਇੱਕ ਵਿਸ਼ੇਸ਼ ਕਾਰਨ ਸਾਡਾ ਆਪਣੇ ਅਸਲੇ ਤੋਂ ਵਿਛੜ ਜਾਣਾ ਹੈ, ਆਪਣੇ ਮੂਲ ਸੋਮੇ ਨੂੰ ਭੁੱਲ ਜਾਣਾ ਹੈ,ਆਪਣੇ ਸ਼ਕਤੀ ਸਰੋਤ ਤੋਂ ਬੇਮੁੱਖ ਹੋ ਜਾਣਾ ਹੈ।ਜਿੱਧਰ ਵੇਖੋ ਕੁਰਲਾਹਟ ਹੀ ਕੁਰਲਾਹਟ ਮੱਚੀ ਹੋਈ ਹੈ, ਮਨੁੱਖੀ ਕਦਰਾਂ ਕੀਮਤਾਂ ਪਰ ਲਾਕੇ ਉੱਡ ਗਈਆਂ ਹਨ,ਬੰਦਾ ਬੰਦੇ ਦਾ ਵੈਰੀ ਬਣਦਾ ਜਾ ਰਿਹਾ ਹੈ, ਕੋਈ ਵਿਰਲਾ ਵਾਂਝਾ ਹੀ ਇੱਕ ਸੁਰ ਹੋ ਆਪਣੇ ਅਸਲੇ ਨਾਲ ਜੁੜਿਆ,ਇਹਨਾਂ ਵਰਤਮਾਨ ਰਸਾਂ ਕਸਾਂ ਤੋਂ ਨਿਰਲੇਪ, ਪ੍ਰਭੂ ਪਿਆਰ ਵਿੱਚ ਲੀਨ ਜੀਵਨ ਬਿਤਾ ਰਿਹਾ ਹੈ।

ਇਸ ਗੱਲ ਦੀ ਬਹੁਤ ਸਖਤ ਲੋੜ ਸੀ ਕਿ ਸਾਨੂੰ ਭੁੱਲੜਾਂ ਨੂੰ ਕੁਰਾਹੇ ਪਏ ਲੋਕਾਂ ਨੂੰ,ਸੁਆਰਥ ਵਿੱਚ ਬੱਝੇ ਜੀਵਾਂ ਨੂੰ,ਹਨੇਰੇ ਵਿੱਚ ਭਟਕਦੀ ਮਨੁੱਖਤਾ ਨੂੰ ਕੋਈ ਸੱਚ ਤੇ ਚਾਨਣ ਦਾ ਰਸਤਾ ਵਿਖਾਵੇ।ਇੱਕ ਦਿਨ ਅਚਾਨਕ ਮੈਨੂੰ ਸਵਾਮੀ "ਬ੍ਰਹਮਦੇਵ" ਜੀ ਦੀ ਪੁਸਤਕ 'ਨੂਰ ਦੇ ਨੇੜੇ'ਪ੍ਰਾਪਤ ਹੋਈ ਤੇ ਮੈਂ ਪੜ੍ਹਕੇ ਨੂਰੋ ਨੂਰ ਹੋ ਗਿਆ,ਨਿਹਾਲ ਹੋ ਗਿਆ।ਇਹ ਵਿਸ਼ਵਾਸ ਫਿਰ ਉਗਮ ਪਿਆ ਕਿ ਸਾਡੀ ਭਟਕਣਾ ਨੂੰ ਦੂਰ ਕਰਨ ਵਾਲਾ ਇਸ ਵੇਲੇ ਵੀ ਜੱਗ ਵਿੱਚ ਕੋਈ ਹੈ।ਪਰਮ ਆਤਮਾ ਨਾਲ ਜੁੜਿਆ ਕੋਈ ਜਿਉੜਾ ਸਾਡੀ ਬਾਂਹ ਪਕੜਨ ਲਈ ਬਹੁੜ ਪਿਆ ਹੈ।ਇਸ ਪੁਸਤਕ ਨੇ ਇੱਕ ਵਾਰੀ ਫਿਰ ਹਨੇਰੇ ਮਨਾਂ ਵਿੱਚ ਚਾਨਣ ਦਾ ਪ੍ਰਕਾਸ਼ ਅਤੇ ਵਿਸ਼ਵਾਸ ਦੀ ਜੋਤ ਪ੍ਰਜਵਲਤ ਕਰ ਦਿੱਤੀ ਹੈ।

ਸਵਾਮੀ "ਬ੍ਰਹਮਦੇਵ" ਜੀ ਇਕ ਉਦਾਸੀਨ ਮਹਾਤਮਾ ਹਨ,ਜੋ ਇਸ ਪਦਾਰਥਵਾਦੀ ਸੰਸਾਰ ਵਿੱਚ ਕਮਲ ਵਾਂਗ ਨਿਰਲੇਪ ਵਿਚਰ ਰਹੇ ਹਨ।ਉਹਨਾਂ ਦੀਜੀਵਨ ਝਲਕ ਪੜ੍ਹਿਆਂ ਇਹ ਆਸ ਬੱਝ ਗਈ ਹੈ ਕਿ ਜੇਕਰ ਉਹਨਾਂ ਦੀ ਕਾਵਿ ਰਚਨਾ 'ਨੂਰ ਦੇ ਨੇੜੇ' ਏਨੀ ਮਹਾਨ ਹੈ ਤਾਂ ਉਹ ਆਪ ਵੀ ਬਹੁਤ ਮਹਾਨ ਹੋਣਗੇ।

ਸੰਤ "ਬ੍ਰਹਮਦੇਵ" ਜੀ ਨੇ ਸਾਡੇ ਸਨਾਤਨੀ ਚਿੰਤਨ ਨੂੰ ਪੰਜਾਬੀ ਕਾਵਿ ਦਾ ਜਾਮਾ ਪਹਿਨਾਇਆ ਹੈ,ਉਹ ਇੱਕ ਉੱਚ ਕੋਟੀ ਦੇ ਵਿਦਵਾਨ,ਧਰਮ ਸ਼ਾਸਤਰਾਂ ਦੇ ਗਿਆਤਾ,ਰੂਹਾਨੀ ਮੰਡਲਾਂ ਦੇ ਹੰਸ,ਵਿਰਾਟ ਚਿੰਤਕ,ਉੱਚ ਕੋਟੀ ਦੇ ਕਵੀ ਅਤੇ ਇੱਕ ਕ੍ਰਾਂਤੀਕਾਰੀ ਧਰਮ ਉਪਦੇਸ਼ਕ ਹਨ।

ਸਵਾਮੀ ਜੀ ਨੇ ਜਿੱਥੇ ਪਰੰਪਰਾਵਾਦੀ ਕਾਵਿ ਛੰਦਾਂ ਵਿੱਚ ਪਰਮ-ਆਤਮਾ ਦੀ ਜੋਤ ਦਾ ਝਲਕਾਰਾ ਪਾਇਆ ਹੈ,ਉੱਥੇ ਮਨੁੱਖੀ ਸਮਾਜ ਨੂੰ ਹਰ ਪੱਖੋਂ ਝਿੰਜੋੜ ਕੇ ਸੱਚ ਦਾ ਰਾਹ ਵਿਖਾਇਆ ਹੈ।ਧਰਮ ਕੀ ਹੈ,ਭਗਤੀ ਕੀ ਹੈ, ਪ੍ਰਾਰਥਨਾ ਕੀ ਹੈ,ਅਸੀਂ ਕੀ ਹਾਂ,ਸੱਚਾ ਮਿੱਤਰ ਕੌਣ ਹੈ,ਸ਼ਤਰੂ ਕੌਣ ਹੈ,ਇਹ ਮਾਇਆ ਵਾਦੀ ਸੰਸਾਰ ਮਨੁੱਖਤਾ ਨੂੰ ਕਿਵੇਂ ਇੱਕ ਅਜਗਰ ਵਾਂਗ ਆਪਣੇ ਅੰਦਰ ਨਿਗਲੀ ਜਾ ਰਿਹਾ ਹੈ,ਨਰਕ ਕੀ ਹੈ, ਸੁਰਗ ਕੀ ਹੈ,ਪ੍ਰੇਮ ਤੇ ਸਤਿਸੰਗ ਕੀ ਹੈ,ਇਹਨਾਂ ਪਰਮਾਰਥਕ ਵਿਸ਼ਿਆਂ ਨੂੰ ਬੜੇ ਪ੍ਰਬੀਨ ਤੇ ਸੂਝਵਾਨ ਢੰਗ ਨਾਲ ਬਿਆਨਿਆ ਹੈ। ਇਹ ਅਧਿਆਤਮਕ ਵਚਨ ਕਾਵਿ ਰੂਪ ਵਿੱਚ ਪੜ੍ਹਕੇ ਸਾਡਾ ਮਨ ਆਪ ਮੁਹਾਰੇ ਵਿਸਮਾਦ ਵਿੱਚ ਆ ਜਾਂਦਾ ਹੈ।ਮਨੁੱਖ ਨੂੰ ਪ੍ਰਮਾਤਮਾ ਨਾਲ ਜੋੜਨ ਲਈ ਕਿੰਜ ਪ੍ਰੇਰਨਾ ਦਿੱਤੀ ਹੈ:

ਦਿਸਦੇ ਤੋਂ ਉੱਪਰ ਹੋ
ਬਣਜਾ ਅਣਦਿਸਦੇ ਦਾ ਵਾਸੀ।
ਸੰਤਾਂ ਨੇ ਆਖਿਆ ਹੈ
ਜਿਸਨੂੰ ਚੌਥਾ ਪਦ ਅਬਿਨਾਸੀ।
ਉਸ ਪਰਮ ਲੋਕ ਜਾ ਕੇ
ਅਮਰ ਫਲ ਓਸ ਚਮਨ ਦੇ ਖਾ ਲੈ।
ਦੁਨੀਆਂ ਤਾਂ ਫਾਨੀ ਹੈ
ਦਿਲਾ!ਦੋ ਰੋਜ਼ ਰਾਮ ਗੁਣ ਗਾ ਲੈ।

ਇਸ ਕਾਵਿ ਰਚਨਾ ਵਿੱਚ ਉਚੇਰੇ ਵਲਵਲੇ,ਸ਼੍ਰੇਸ਼ਟ ਉਪਮਾਵਾਂ,ਉੱਤਮ ਅਲੰਕਾਰ,ਚਮਤਕਾਰ ਮਈ ਸ਼ਬਦ ਯੋਜਨਾ,ਅਦਭੁਤ ਤੇ ਅਨੋਖੇ ਬਿੰਬ,ਸੁਹਜ ਸੰਯੁਕਤ ਪ੍ਰਤੀਕ,ਢੁੱਕਵੇਂ ਮੁਹਾਵਰੇ,ਭਾਵ ਪੂਰਨ ਕਾਵਿ ਉਕਤੀਆਂ ਅਤੇ ਅੱਡੋ ਅੱਡ ਕਿਸਮ ਦੀਆਂ ਵਰਨਣ ਸ਼ੈਲੀਆਂ ਦਾ ਪ੍ਰਯੋਗ ਥਾਂ ਥਾਂ ਕੀਤਾ ਹੈ ਜੋ ਸਵਾਮੀ ਜੀ ਦੀ ਕਾਵਿ-ਪ੍ਰਤਿਭਾ ਅਤੇ ਇੱਕ ਮਹਾਨ ਸ਼ਖ਼ਸੀਅਤ ਦਾ ਲਖਾਇਕ ਹਨ।ਜ਼ਰਾ ਮਿਸਾਲ ਵੇਖੋ :

ਸੋਚਾਂ ਸਮਝਾਂ ਵਾਲਿਓ ਸਿਆਣਿਓ
ਪਰਮੇਸ਼ਵਰ ਹੈ ਦਰਪਣ
ਜਿਸ ਦੇ ਵਿੱਚ ਪ੍ਰਤਿਬਿੰਬਤ ਹੁੰਦਾ
ਪ੍ਰਕਿਰਤੀ ਦਾ ਕਣ ਕਣ
ਜ਼ੱਰੇ ਜ਼ੱਰੇ ਦੇ ਵਿੱਚ ਵੱਸਦੈ
ਉਹ ਪਿਆਰਾ ਵਣ ਦਾ ਮਾਲੀ।

ਬਾਹਰੋਂ ਵੇਖਣ ਵਿੱਚ ਨਹੀਂ ਆਉਂਦਾ
ਜਿਉਂ ਮਹਿੰਦੀ ਦੀ ਲਾਲੀ
ਹਰ ਸ਼ੈ ਵਿੱਚੋਂ ਝਲਕ ਰਿਹਾ ਹੈ
ਉਸ ਦਾ ਨੂਰ ਨਜ਼ਾਰਾ
ਕਲੀ ਕਲੀ 'ਚੋਂ ਹੱਸ ਰਿਹਾ
ਉਹ ਪ੍ਰੀਤਾਂ ਦਾ ਵਣਜ਼ਾਰਾ।

ਜਾਂ ਫਿਰ ਮਨ ਨੂੰ ਕਿਵੇਂ ਸਲਾਹੁਤਾ ਦਿੱਤੀਆਂ ਗਈਆਂ ਹਨ :-

ਝੂਠੇ ਤੇਰੇ ਭੋਗ ਪਦਾਰਥ ਤੂੰ ਵੀ ਝੂਠਾ ਏਂ
ਕਾਲ ਕੂਟ ਵਿਉਹ ਭਰਿਆ
ਤੂੰ ਮਾਇਆ ਦਾ ਨੂਠਾ ਏਂ।
ਮੈਂ ਵੀ ਝੂਠਾ ਪੈ ਗਿਆ ਜੁੜਕੇ ਤੇਰੇ ਸੰਗ ਮਨਾਂ
ਹੁਣ ਕਿਰਪਾ ਕਰ ਬਖ਼ਸ਼
ਮੈਂ ਤੈਥੋਂ ਆ ਗਿਆ ਤੰਗ ਮਨਾਂ।

ਸਵਾਮੀ "ਬ੍ਰਹਮਦੇਵ" ਜੀ ਅਜੋਕੇ ਯੁੱਗ ਦੇ ਇੱਕ ਮਹਾਨ ਸੰਤ ਕਵੀ ਹਨ। ਉਹਨਾਂ ਸਾਡੇ ਜੀਵਨ ਦੇ ਸੱਚ ਨੂੰ ਕਿੰਨੀ ਦਲੇਰੀ ਨਾਲ ਪੇਸ਼ ਕੀਤਾ ਹੈ :-

ਹਿਤ ਚਿੰਤਕ ਸੋ ਆਪਣਾ
ਅਣਹਿਤ ਕਰੇ ਸੋ ਗ਼ੈਰ।
ਉਹ ਆਪਣੇ ਕਿਸ ਅਰਥ ਨੇ
ਜੋ ਨਹੀਂ ਪੁੱਛਦੇ ਖੈਰ।
ਦੋਸਤ ਕਰਦੇ ਦੁਸ਼ਮਣੀ
ਜਦੋਂ ਵਿਗੜਦੇ ਭਾਗ।
ਆਪਣਾ ਹੀ ਘਰ ਫੂਕਦਾ
ਆਪਣਾ ਜਿਵੇਂ ਚਰਾਗ।
ਮਨ,ਮਧੁਕਰ,ਮਦ ਮਾਨਿਨੀ,
ਮਰਕਟ ਮਦਨ ਸੁਭਾ।
ਮੀਨ,ਮਰੁਤ,ਮਾਂ ਲੱਛਮੀ
ਚੰਚਲ ਰਹਿਣ ਸਦਾ।
ਖਿਮਾ ਕਰੇ ਸੋ ਬਲੀ ਹੈ
ਗੁਣੀ ਕਹਿਣ ਸੋ ਰਾਹ।
ਭਜਨ ਕਰੇ ਸੋ ਸੰਤ ਹੈ
ਦਾਨ ਕਰੇ ਸੋ ਸ਼ਾਹ।

ਸਵਾਮੀ ਜੀ ਨੇ 'ਨੂਰ ਦੇ ਨੇੜੇ' ਰਾਹੀਂ ਸਾਨੂੰ ਸੱਚਾ ਦਾ ਰਾਹ ਵਿਖਾਇਆ ਹੈ,ਜੋ ਨਵੀਂ ਪੀੜ੍ਹੀ ਲਈ ਇੱਕ ਚਾਨਣ ਮੁਨਾਰਾ ਹੈ।ਸਭ ਤੋਂ ਵੱਧ ਕੇ ਅੱਜ ਦੇ ਯੁੱਗ ਵਿੱਚ,ਜਦ ਕਿ ਪਲ ਪਲ ਸਾਡਾ ਸਮਾਜ ਨਿੱਘਰਦਾ ਜਾ ਰਿਹਾ ਹੈ ......।ਇਸ ਕਾਵਿ-ਗ੍ਰੰਥ ਨੇ ਪੰਜਾਬੀ ਸਾਹਿਤ ਦਾ ਕੱਦ ਬਹੁਤ ਹੀ ਉੱਚਾ ਕਰ ਦਿੱਤਾ ਹੈ।ਇਸ ਤੇ ਸਾਨੂੰ ਗਰਵ ਹੈ ।ਇਸ ਦਾ ਜਿੰਨਾ ਵੀ ਮੁੱਲ ਪਾਇਆ ਜਾਵੇ ਥੋੜ੍ਹਾ ਹੈ।ਇਹ ਪੁਸਤਕ ਹਰ ਘਰ ਵਿੱਚ ਹੋਣੀ ਚਾਹੀਦੀ ਹੈ।ਇਹੀ ਮੇਰੀ ਅਰਦਾਸ ਹੈ,ਤਮੰਨਾ ਹੈ,ਲਾਲਸਾ ਹੈ।

# ਸਤਿ ਚਿੱਤ ਆਨੰਦ

**ਐਸ.ਐਸ.ਸਹੋਤਾ**

ਉਦਾਸੀ ਸੰਪਰਦਾਇ ਦੇ ਵਿਦਵਾਨਾਂ ਨੇ ਗੁਰਬਾਣੀ ਦੀ ਸਮੀਖਿਆ ਅਤੇ ਪ੍ਰਚਾਰ ਵਿੱਚ ਬਹੁਤ ਯੋਗਦਾਨ ਪਾਇਆ ਹੈ। ਪੜਚੋਲ ਅਧੀਨ ਪੁਸਤਕ 'ਨੂਰ ਦੇ ਨੇੜੇ' ਸੁਆਮੀ "ਬ੍ਰਹਮਦੇਵ" 'ਉਦਾਸੀ'ਦੀਕਿਰਤ ਹੈ ਜਿਸ ਵਿੱਚ ਸਮਾਜਕ, ਧਾਰਮਿਕ, ਅਧਿਆਤਮਕ ਅਤੇ ਹਾਸ ਵਿਅੰਗ ਦੇ ਵਿਸ਼ਿਆਂ ਉੱਤੇ ਬਹੁਤ ਪ੍ਰਭਾਵਸ਼ਾਲੀ ਕਵਿਤਾਵਾਂ ਸ਼ਾਮਲ ਹਨ। ਸਮਾਜਿਕ ਕਵਿਤਾਵਾਂ ਵਿੱਚ ਚੰਗੇ ਮਨੁੱਖਾਂ ਦੇ ਗੁਣਾਂ ਅਤੇ ਭੈੜੇ ਦੇ ਔਗੁਣਾਂ ਨੂੰ ਬੜੀ ਢੁੱਕਵੀਂ ਭਾਸ਼ਾ ਵਿੱਚ ਅੰਕਿਤ ਕੀਤਾ ਗਿਆ ਹੈ। ਈਸ਼ਵਰ ਦੇ ਨਿਰਾਕਾਰ ਪੱਖ ਅਤੇ ਸਰਗੁਣ ਸਰੂਪ ਦਾ ਵਰਨਣ ਪ੍ਰਸ਼ੰਸਾਯੋਗ ਢੰਗ ਨਾਲ ਕੀਤਾ ਗਿਆ ਹੈ। ਇਹ ਪੁਸਤਕ ਸੁਆਮੀ ਜੀ ਦੀ ਬਹੁ ਪੱਖੀ ਬੌਧਿਕ ਸੋਚ ਅਤੇ ਡੂੰਘੇ ਗਿਆਨ ਦੀ ਪ੍ਰਤੀਕ ਹੈ। ਉਨ੍ਹਾਂ ਦੀ ਵਿਚਾਰਧਾਰਾ ਦਾ ਅਧਾਰ ਮੁੱਖ ਤੌਰ ਤੇ ਗੁਰਬਾਣੀ ਹੈ ਤੇ ਉਨ੍ਹਾਂ ਦੀ ਸਾਰੀ ਫਿਲਾਸਫੀ ਗੁਰਬਾਣੀ ਦੇ ਆਸ਼ਿਆਂ ਦੇ ਦੁਆਲੇ ਘੁੰਮਦੀ ਹੈ। ਈਸ਼ਵਰ ਦੀ ਉਪਮਾ ਕਰਦੇ ਹੋਏ ਆਪਣੀ ਕਵਿਤਾ 'ਮੰਗਲ'ਵਿੱਚ ਸੁਆਮੀ ਜੀ ਲਿਖਦੇ ਹਨ :

ਸਤਿ ਚਿੱਤ ਆਨੰਦ ਰੂਪ ਪ੍ਰਭ ਪ੍ਰਣਵ ਅੱਖਰ ਓਮ।
ਘਟ ਘਟ ਦੇ ਵਿੱਚ ਰਮ ਰਿਹਾ ਜੀਕਣ ਸ਼ਬਦ ਵਿਓਮ।
ਦਿਸ਼ਾ ਦੇਸ਼ ਅਤੇ ਕਾਲ ਤੋਂ ਉੱਪਰ ਪੁਰਖ ਅਨੂਪ।
ਸਹਿਜ ਸ਼ਾਂਤ ਚੇਤੰਨ ਨਿੱਤ ਅਚਰਜ ਅਨੁਭਵ ਰੂਪ।

ਉਹ ਸਤਿ ਪੁਰਖਾਂ ਭਾਵ ਆਦਰਸ਼ਕ ਮਨੁੱਖਾਂ ਦੇ ਗੁਣ ਅੰਕਿਤ ਕਰਦੇ ਹੋਏ ਲਿਖਦੇ ਹਨ

ਸਭ ਦੇ ਸ਼ੁਭਚਿੰਤਕ ਜੋ ਕਰਦੇ ਰਹਿਣ ਸਦਾ ਉਪਕਾਰ।
ਉਨ੍ਹਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ।

'ਲੋਭੀ ਤੇ ਪਾਪੀ' ਦੇ ਸਿਰਲੇਖ ਹੇਠ ਕਵਿਤਾ ਵਿੱਚ ਉਹ ਕੁਚੱਜੇ ਅਤੇ ਮੰਦ-ਭਾਵਨਾ ਰੱਖਣ ਵਾਲੇ ਵਿਅਕਤੀ ਪ੍ਰਤੀ ਲਿਖਦੇ ਹਨ :

ਸਵਾਰਥ ਸਾਰ ਕੇ ਦੋਸਤੀ ਤੋੜ ਦੇਣੀ,
ਲੋਭੀ ਲੋਕਾਂ ਦੀ ਮੁੱਢ ਤੋਂ ਰੀਤ ਹੁੰਦੀ।

ਸਦਾ ਸੱਜਣਾਂ ਨਾਲ ਵਿਰੋਧ ਹੁੰਦੈ,
ਅਤੇ ਦੁਰਜਨਾਂ ਨਾਲ ਪ੍ਰੀਤ ਹੁੰਦੀ।

ਇਸ ਕਾਵਿ ਸੰਗ੍ਰਹਿ ਵਿੱਚ ਕਵਿਤਾ ਦੇ ਵੱਖ ਵੱਖ ਰੂਪ ਵਰਤੇ ਗਏ ਹਨ ਜਿਨ੍ਹਾਂ ਦੇ ਪਾਠ ਤੋਂ ਪਤਾ ਲੱਗਦਾ ਹੈ ਕਿ ਸੁਆਮੀ ਜੀ ਉੱਚ ਕੋਟੀ ਦੇ ਅਧਿਆਤਮਕ ਚਿੰਤਕ ਹਨ ਅਤੇ ਉਨ੍ਹਾਂ ਨੇ ਇਤਿਹਾਸ ਤੇ ਮਿਥਿਹਾਸ ਦਾ ਕਾਫੀ ਡੂੰਘਾ ਅਧਿਐਨ ਕੀਤਾ ਹੈ।

# ਅਧਿਆਤਮਵਾਦ ਦਾ ਪੁਨਰ ਜਾਗਰਣ

ਕੰਵਲ ਕਸ਼ਮੀਰੀ

ਜਿਵੇਂ ਕਿ ਪੁਸਤਕ ਦੇ ਨਾਂ ਤੋਂ ਹੀ ਪਰਗਟ ਹੁੰਦਾ ਹੈ,ਇਹ ਰਚਨਾ ਨੂਰ ਦੇ ਨੇੜੇ ਪੰਜਾਬੀ ਦੇ ਅਧਿਆਤਮਕ ਕਾਵਿ ਪਰੰਪਰਾ ਦਾ ਪੁਨਰ ਜਾਗਰਣ ਹੈ।

ਆਧੁਨਿਕਤਾ ਦੇ ਰੋਲ ਘਚੋਲ ਵਿੱਚ ਲੱਗਦਾ ਸੀ ਜਿਵੇਂ ਪੁਰਾਤਨ ਪੰਜਾਬੀ ਕਾਵਿ ਸੋਮਿਆਂ ਅਤੇ ਕਾਵਿ ਰੂਪਾਂਦੇ ਸਰੋਤ ਸੁੱਕ ਗਏ ਹਨ ਪਰ ਕਵਿਤਾ ਦੇ ਅਧਿਐਨ ਮਗਰੋਂ ਯਕੀਨ ਹੋਣ ਲੱਗਦਾ ਹੈ, ਕਿ ਬੀਜ ਰੂਪ ਵਿੱਚ ਪਿਆ ਕੋਈ ਵੀ ਤੱਤ ਖ਼ਤਮ ਨਹੀਂ ਹੁੰਦਾ, ਸਗੋਂ ਅਨੁਕੂਲ ਵਾਤਾਵਰਣ ਉਪਲਬਧ ਹੋਣ ਤੇ ਮੁੜ ਪੁੰਗਰ ਪੈਂਦਾ ਹੈ।

ਸਵਾਮੀ "ਬ੍ਰਹਮਦੇਵ" ਜੀ ਇੱਕ ਉਦਾਸੀ ਸੰਤ ਕਵੀ ਹਨ,ਜਿਹਨਾਂ ਅੰਦਰੋਂ ਸੜਦੇ ਹਿਰਦਿਆਂ ਨੂੰ ਠਾਰਨ ਲਈ ਇ ਕਵਿਤਾ ਸ਼ੀਤਲ ਫੁਹਾਰ ਵਾਂਗ ਫੁੱਟੀ ਹੈ।ਵਾਸਤਵ ਵਿੱਚ ਸਵਾਮੀ ਜੀ ਉਦਾਸੀ ਸੰਪਰਦਾਇ ਨਾਲ ਸੰਬੰਧ ਰੱਖਦੇ ਹਨ, ਜਿਸਦੀ ਇੱਕ ਲੰਮੀ ਸਾਹਿਤਕ ਪਰੰਪਰਾ ਮੌਜੂਦ ਹੈ।

ਉਦਾਸੀਆਂ ਨੇ ਪੰਜਾਬੀ ਸਾਹਿਤ (ਸੰਤ ਸਾਹਿਤ),ਗੁਰਮੁਖੀ ਅੱਖਰ ਤੇ ਗੁਰਮਤ ਦੇ ਪਰਚਾਰ ਅਤੇ ਵਿਕਾਸ ਵਿੱਚ ਪਿਛਲੀਆਂ ਸਾਢੇ ਚਾਰ ਸਦੀਆਂ ਤੋਂ ਨਿਰੰਤਰ ਹਿੱਸਾ ਪਾਇਆ ਹੈ।ਇਹ ਕਵਿਤਾ ਉਦਾਸੀਨ ਪ੍ਰਣਾਲੀ ਵਿੱਚ ਭੁੱਲੀ ਵਿਸਰੀ ਕਵਿਤਾ,ਅਤੇ ਸੰਤ ਕਾਵਿ ਨੂੰ ਅਜੋਕੇ ਪ੍ਰਸੰਗ ਵਿੱਚ ਅੱਗੇ ਤੋਰਦੀ ਹੈ।

"ਨੂਰ ਦੇ ਨੇੜੇ" ਅਧਿਆਤਮਕ ਅਨੁਭਵ,ਸਰਬ ਦੇ ਭਲੇ ਅਤੇ ਮਾਨਵੀ ਸਾਂਝ ਦੇ ਰਿਸ਼ਤਿਆਂ ਤੇ ਅਧਾਰਤ ਮੰਤਵੀ ਕਾਵਿ ਰਚਨਾ ਹੈ।ਇਹ ਕਾਵਿ ਰਚਨਾ ਅੱਜ ਦੇ ਯੁੱਗ ਵਿੱਚ ਭਾਵੇਂ ਸਾਡੇ ਬਹੁਤੇ ਬੁੱਧੀਜੀਵੀਆਂ ਅਤੇ ਸਾਹਿਤ ਰਸੀਆਂ ਨੂੰ ਬੀਤੇ ਕੱਲ ਦਾ ਹੈਰਵਾ ਜਾਪੇ ਪਰ ਇਸ ਰਚਨਾ ਨੂੰ ਅਜੋਕੇ ਸੰਦਰਭ ਵਿੱਚ ਨਵੇਂ ਅਰਥ ਪਰਦਾਨ ਕੀਤੇ ਗਏ ਹਨ।

ਪੰਜਾਬ ਸਿਰਫ ਭਾਰਤ ਦੀ ਖੜਗ ਭੁਜਾ ਹੀ ਨਹੀਂ ਰਹੀ ਸਗੋਂ ਹਜ਼ਾਰਾਂ ਵਰ੍ਹਿਆਂ ਤੋਂ ਮਨੁੱਖੀ ਸੱਭਿਅਤਾ ਦਾ ਪੰਘੂੜਾ ਵੀ ਰਿਹਾ ਹੈ,ਜਿੱਥੇ ਹਮੇਸ਼ਾ ਪੂਰਬ ਅਤੇ ਪੱਛਮ ਤੋਂ ਨਾ ਸਿਰਫ਼ ਕਾਰਵਾਨ ਹੀ ਆਕੇ ਮਿਲਦੇ ਰਹੇ ਹਨ ਸਗੋਂ ਰਾਜਨੀਤਿਕ ਅਤੇ ਸੱਭਿਆਚਾਰਕ ਦਰਸ਼ਨਾਂ ਅਤੇ ਦ੍ਰਿਸ਼ਟੀਕੋਣਾਂ ਦੇ ਦਲ ਵੀ ਟਕਰਾਂਦੇ ਰਹੇ ਹਨ।ਸਿੱਟੇ ਵਜੋਂ 'ਪੰਜਾਬ'ਆਪਣੇ ਵਿਅਕਤਿਵ ਨੂੰ ਸੱਭਿਆਚਾਰਕ ਤੌਰ ਤੇ ਲੰਮੇ ਸਮੇਂ

ਤੱਕ ਸੰਗਠਿਤ ਨਹੀਂ ਰੱਖ ਸਕਿਆ ਹੈ। ਹਰ ਆਕਰਮਣ ਨਾਲ ਨਵੇਂ ਦਿਰਾੜ ਪੈਂਦੇ ਗਏ ਤੇ ਸਪਤ ਸਿੰਧੂ ਬੜੇ ਤਿੱਖੇ ਪਰਿਵਰਤਨਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ, ਮਿਸ਼ਰਤ ਹੁੰਦਾ ਰਿਹਾ ਹੈ, ਆਪਣੇ ਵਿੱਚ ਸਮੇਂ ਦਾ ਰਿਹਾ ਹੈ ਤੇ ਛੋਟੇ ਛੋਟੇ ਕਬੀਲਿਆਂ ਵਿੱਚ ਅਤੇ ਅਨੇਕ ਜਾਤੀ ਅਜਾਤੀ ਸੰਗਠਨਾਂ ਦੀ ਏਕਤਾ,ਅਨੇਕਤਾ ਵਿੱਚ ਵਟੀਂਦਾ ਰਿਹਾ ਹੈ। ਇਹੋ ਕਾਰਨ ਹੈ ਕਿ ਆਪਣੀਆਂ ਭੁਗੋਲਕ ਅਵਿਸ਼ਾਲਤਾਵਾਂ ਦੇ ਬਾਵਜੂਦ ਵੀ ਸਮੁੱਚਾ ਪੰਜਾਬੀ ਕਲਚਰ,ਸੁਭਾਂਤੀ ਪਰਕਾਰ ਦਾ ਰਿਹਾ ਹੈ। ਪੰਜਾਬ ਦਾ ਧਾਰਮਿਕ ਵਿਸ਼ਵਾਸ ਨਾਨਾ ਪ੍ਰਕਾਰ ਦਾ ਰਿਹਾ ਹੈ। ਨਿਰੋਲ ਪੰਜਾਬੀਅਤ ਵਾਲਾ ਵੀ ਹੈ ਅਤੇ ਸਮੇਂ ਸਮੇਂ ਪੂਰਬ ਅਤੇ ਪੱਛਮ ਵੱਲੋਂ ਆਈਆਂ ਧਾਰਮਿਕ ਲਹਿਰਾਂ ਤੋਂ ਪ੍ਰਭਾਵਿਤ ਵੀ ਰਿਹਾ ਹੈ।

ਪੰਜਾਬੀ ਕਵਿਤਾ ਇਸ ਸੁਭਾਂਤੀ ਸੰਸਕ੍ਰਿਤੀ ਦੇ ਪ੍ਰਤਿਬਿੰਬ ਨੂੰ ਸਦੀਆਂ ਤੋਂ ਆਪਣੇ ਅੰਦਰ ਸਮੋਈ ਬੈਠੀ ਹੈ।

ਇਸ ਨੇ ਪਿਛਲੀਆਂ ਕਈਆਂ ਸਦੀਆਂ ਤੋਂ ਪੂਰਬ ਅਤੇ ਪੱਛਮ ਤੋਂ ਆਈਆਂ ਵਿਪਰੀਤ ਅਤੇ ਵਿਰੋਧੀ ਲਹਿਰਾਂ ਦੇ ਬਾਵਜੂਦ ਆਪਣੀ ਹੋਂਦ ਨੂੰ ਵਕਤੀ ਤੌਰ ਤੇ ਭਾਵੇਂ ਵਟਾਇਆ ਹੋਵੇ ਪਰ ਕਿਸੇ ਨਾ ਕਿਸੇ ਰੂਪ ਵਿੱਚ ਸਥਿਰ ਰੱਖਿਆ ਹੈ। ਪੰਜਾਬੀ ਕਵਿਤਾ ਨੇ ਹਰ ਸਮੇਂ ਪਰਭਾਵ ਅਤੇ ਯੁੱਗ ਦੀ ਗੱਲ ਕਹੀ ਹੈ। ਪੰਜਾਬੀ ਮਨ ਅਤੇ ਮਾਨਸਿਕਤਾ ਦੀ ਨਾਕਾਰਕ ਅਤੇ ਸਾਕਾਰਕ ਅੱਕਾਸੀ ਕੀਤੀ ਹੈ।

ਪੰਜਾਬੀਅਤ ਦੇ ਵਿਵਹਾਰ ਅਤੇ ਆਚਰਨ ਵਿੱਚ ਇਸ ਮੂਲ ਤੱਤ ਦੇ ਲੱਛਣ ਅਜੇ ਤੱਕ ਲੁਕਵੇਂ ਜਾਂ ਪਰਤੱਖ ਰੂਪ ਵਿੱਚ ਮੌਜੂਦ ਹਨ। ਇਸ ਤਰ੍ਹਾਂ ਨਿੱਕੇ ਨਿਕੇ ਕਬੀਲਿਆਂ ਅਤੇ ਜਾਤੀਆਂ ਦੇ ਹੁੰਦਿਆਂ ਹੋਇਆਂ ਵੀ ਪੰਜਾਬੀ ਕਵਿਤਾ ਦਾ ਇਤਿਹਾਸ ਆਪਣੇ ਵੇਲੇ ਦੇ ਲੋਕਾਂ ਦੇ ਜਜ਼ਬਿਆਂ ਅਤੇ ਬੋਧ ਦਾ ਨਿਰੰਤਰ ਸਮੂਹਕ ਅਭਿਵਿਅੰਜਨ ਆਖਿਆ ਜਾ ਸਕਦਾ ਹੈ।

ਪੰਜਾਬੀ ਭਾਸ਼ਾ ਅਤੇ ਸਾਹਿਤ ਨੇ ਉਕਤ ਵਰਣਨ ਇਤਿਹਾਸਕ ਅਤੇ ਕਬੀਲਾਈ ਪ੍ਰਵਿਰਤੀ ਕਾਰਨ ਅੰਤਰ-ਮੁਖੀ ਅਤੇ ਬਾਹਰ-ਮੁਖੀ ਵਿਪਰੀਤ ਦੌਰ ਵੀ ਵੇਖੇ ਹਨ। ਇੱਕ ਸਮੇਂ,ਜ਼ਿਆਦਾ ਪੁਰਾਣੀ ਕਥਾ ਨਹੀਂ,ਕੁਝ ਜਾਤੀ ਅਤੇ ਕੁਝ ਬਾਹਰ ਵਰਤੀ ਪ੍ਰਭਾਵਾਂ ਕਾਰਨ ਕੁਝ ਪੰਜਾਬੀਆਂ ਨੇ ਪੰਜਾਬੀ ਭਾਸ਼ਾ ਤੋਂ ਮੁੱਖ ਮੋੜ ਲਿਆ ਸੀ ਜਾਂ ਇਸ ਭਾਸ਼ਾ ਪ੍ਰਤਿ ਹੀਣਤਾ ਗ੍ਰੰਥੀ ਦਾ ਸ਼ਿਕਾਰ ਬਣੇ ਜਾ ਰਹੇ ਹਨ।

ਸਵਾਮੀ ਜੀ ਭਾਵੇਂ ਹੋਰ ਅਨੇਕ ਭਾਸ਼ਾਵਾਂ ਦੇ ਗੂੜ੍ਹ ਗਿਆਨੀ ਵੀ ਹਨ ਪਰੰਤੂ ਆਪਣੇ ਵਿਚਾਰਾਂ ਦੇ ਅਭਿਵਿਅੰਜਨ ਤੇ ਸੰਚਾਰ ਲਈ ਪੰਜਾਬੀ ਮਾਧਿਅਮ ਨੂੰ ਚੁਣਨਾ,ਨਾ ਸਿਰਫ਼ ਸਿਹਤਮੰਦ ਤੇ ਨਵੇਂ ਝੁਕਾਓ ਨੂੰ ਦਰਸਾਉਂਦਾ ਹੈ ਸਗੋਂ ਉਦਾਸੀ ਪ੍ਰਣਾਲੀ ਦੀ ਲੋਕ ਹਿੱਤੀ ਬਿਰਤੀ ਦਾ ਲਖਾਇਕ ਵੀ ਬਣਦਾ ਹੈ ਅਤੇ ਆਪਣੇ ਮੂਲ ਨੂੰ ਪਹਿਚਾਣਦ ਹੈ।

ਪੰਜਾਬੀ ਭਾਸ਼ਾ ਦਾ ਪ੍ਰਸਾਰ ਬੜੀ ਤੇਜ਼ੀ ਨਾਲ ਪਿਛਲੇ ਕੁਝ ਵਰ੍ਹਿਆਂ ਤੋਂ ਹੋਇਆ ਹੈ,ਜਿਸ ਨਾਲ ਇਸ ਭਾਸ਼ਾ ਪ੍ਰਤਿ ਪਿਛਲੀ ਇੱਕ ਸਦੀ ਤੋਂ ਫੈਲਾਏ ਭੁਲੇਖਿਆਂ ਦੀ ਨਵ੍ਰਿਤੀ ਹੋਈ ਹੈ ਅਤੇ ਧੁੰਦ ਛੱਟ ਗਈ ਹੈ।

ਇਸ ਕਾਵਿ ਰਚਨਾ ਵਿਚਲੀ ਸੋਚਣੀ ਅਲੂਣੀ ਸਿੱਲ੍ਹ ਚੱਟਣ ਵਾਂਗੂੰ ਔਖਿਆਂ ਭਾਸੇਗੀ,ਕਿਉਂਕਿ ਅਜੋਕੀ ਪੰਜਾਬੀ ਮਾਨਸਿਕ ਬਿਰਤੀ ਲਈ ਇਹ ਰੂਪ ਕੁਝ ਪੁਰਾਣਾ ਹੋ ਗਿਆ ਹੈ ਅਤੇ ਨਵੀਂ ਨਸਲ ਇਸ ਤੋਂ ਅਭਿੱਜ ਹੋ ਗਈ ਹੈ। ਇਨ੍ਹਾਂ ਕਵਿਤਾਵਾਂ ਦਾ ਰਚੇਤਾ ਚੂੰਕਿ ਇੱਕ ਖਾਸ ਸੋਚ ਧਾਰਨਾ ਨਾਲ ਸੰਬੰਧ ਰੱਖਦਾ ਹੈ,ਇਸ ਕਾਰਣ ਸੰਰਚਨਾਤਮਕ ਤੌਰ ਤੇ ਸੋਚਣੀ ਅਤੇ ਸਿਸਟਮ ਦੀ ਜੁਗਤ ਬੰਦੀ ਅਤੇ ਸ਼ਬਦਾਵਲੀ ਦਾ ਉਪਯੋਗ ਮਿਲੇਗਾ। ਇਸ ਕਾਰਣ ਇਹ ਕੁਝ ਓਪਰੀ ਅਤੇ ਪਰੰਪਰਾਵਾਦੀ ਲਗੇਗੀ ਭਾਵੇਂ ਇਸ ਵਿੱਚ ਨਵੇਂ ਅਰਥਾਂ ਅਤੇ ਬਿੰਬਾਂ ਦੀ ਘਾਟ ਨਹੀਂ। ਇਹ ਕਵਿਤਾ ਆਪਣੀ ਪਰੰਪਰਾਵਾਦੀ ਨੁਹਾਰਦੇ ਹੁੰਦਿਆਂ ਹੋਇਆਂ ਵੀ ਅਜੋਕੇ ਮਨੁੱਖੀ ਦਰਦਾਂ ਅਤੇ ਮਨੋਵੇਗਾਂ ਦੀ ਪ੍ਰਤੀਨਿਧਤਾ ਕਰਦੀ ਹੈ।

ਭਾਵੇਂ ਅਜੋਕੇ ਮਨੁੱਖ ਦੇ ਪ੍ਰਗਤੀਵਾਦੀ ਝੁਕਾਓ ਲਈ ਉਦਾਸੀਨਤਾ ਅਨੁਕੂਲ ਨਹੀਂ ਪਰੰਤੂ ਫਿਰ ਵੀ ਇਸ ਲਹਿਰ ਨੇ ਸਮੁੱਚੀ ਮਨੁੱਖਤਾ ਦੇ ਵਿਕਾਸ ਸਹਿਹੋਂਦ,ਸਹਿਨਸ਼ੀਲਤਾ ਅਤੇ ਮਾਨਵ ਬਰਾਬਰੀ ਦੀ ਪਹਿਚਾਣ ਦਾ ਸਦੀਆਂ ਪੁਰਾਣਾ ਸੰਦੇਸ਼ ਦਿੱਤਾ ਹੈ ਅਤੇ ਇਹ ਕਵਿਤਾ ਇਸ ਸਵਰ ਅਤੇ ਸੰਚਾਰ ਦੀ ਅੱਜ ਵੀ ਲਖਾਇਕ ਹੈ ਜਿਵੇਂ :-

ਮਗਰਮੱਛ ਤੇ ਬਾਜ਼ ਬਘਿਆੜ ਵਾਂਗੂ,
ਲੋਭੀ ਪੁਰਖ ਦਾ ਸਦਾ ਵਿਹਾਰ ਹੁੰਦੈ।
ਧਰਮ ਥਾਨ ਮੈਦਾਨ ਸ਼ਮਸ਼ਾਨ ਅੰਦਰ,
ਹਰ ਥਾਂ ਲੋਭੀ ਦੀ ਲਾਭ ਦੀ ਨੀਤ ਹੁੰਦੀ।

ਲੋਭੀ ਨੂੰ ਅਸੀਂ ਵਿਅਕਤੀਗਤ ਤੋਂ ਸਮੂਹ ਦੇ ਸੰਦਰਭ ਵਿੱਚ ਵੀ ਲੈ ਸਕਦੇ ਹਾਂ। ਲੋਭ ਕਮਾਉਣ ਵਾਲਿਆਂ ਦਾ ਨਾ ਕੋਈ ਧਰਮ ਅਤੇ ਨਾ ਹੀ ਜ਼ਮੀਰ ਹੁੰਦੀ ਹੈ। 'ਲੋਭੀ' ਅਰਬਾਂ ਖਰਬਾਂ ਰੁਪਏ ਦੇ ਮਾਰੂ ਜੰਗੀ ਜਹਾਜ਼ ਬਣਾ ਕੇ ਹਰ ਹੀਲੇ ਵੇਚ ਕੇ ਮਨੁੱਖਤਾ ਦੇ ਨਾਸ਼ 'ਚੋਂ ਧਨ ਕਮਾਉਣ ਵਾਲਾ ਕਾਰਖਾਨੇਦਾਰ ਵੀ ਹੋ ਸਕਦਾ ਹੈ ਅਤੇ ਨਿਗੂਣਾ ਹਟਵਾਣੀਆ ਵੀ,ਜੋ ਮਨੁੱਖੀ ਜ਼ਿੰਦਗੀ ਦੀ ਪਰਵਾਹ ਕੀਤੇ ਬਿਨਾਂ ਖਾਂਣ ਦੀਆਂ ਵਸਤੂਆਂ ਵਿੱਚ ਜ਼ਹਿਰ ਮਿਲਾਉਣੋਂ ਝਿਜਕਦਾ ਨਹੀਂ। ਧਾਰਮਕ ਅਸਥਾਨਾਂ ਦੀ ਚੌਧਰ ਹਥਿਆਣ ਲਈ ਮਰ ਮਿਟਦਾ ਹੈ। ਸਵਾਰਥੀ ਪੁਰਸ਼ ਹਰ ਥਾਂ ਪਰਧਾਨ ਹੈ,ਪ੍ਰਤਿਗਾਮੀ ਕਰਤੱਵ ਨਿਭਾਉਂਦਾ ਹੈ।

ਇਸ ਕਾਵਿ ਸੰਗ੍ਰਹਿ ਵਿੱਚ ਪੰਜਾਬੀ ਦੀ ਪੁਰਾਤਨ ਹਾਸ ਵਿਅੰਗ (ਸੁਥਰਾ ਸ਼ਾਹੀ) ਦੀ ਪਰੰਪਰਾ ਨੂੰ ਵੀ ਅੱਗੇ ਤੋਰਿਆ ਹੈ,ਜਿਵੇਂ :-

ਸਾਧੂਆਂ ਦੀ ਗੱਲ ਸਾਰਿਆਂ ਤੋਂ ਅੱਗੇ ਹੈ
ਦਿਲੋਂ ਸ਼ਾਹ ਕਾਲੇ ਤੇ ਲਿਬਾਸ ਬੱਗੇ ਹੈ।

○

ਜਿਸ ਥਾਂ ਹੁਕਮ ਚਲਾਂਵਦੀ,ਕਾਗ ਬਾਜ਼ ਦੀ ਬੰਸ,

ਇਸ ਦੋਹਰੇ ਦਾ ਮੁਲਾਂਕਣ ਵੀ ਕਵੀ ਦੀ ਸੰਚਾਰੀ ਬਿਰਤੀ ਨੂੰ.ਪਰਗਟ ਕਰ ਦੇਂਦਾ ਹੈ। ਕਾਗ, ਬਾਜ਼,ਦੀ ਫਿਤਰਤ ਬਿਨਾਂ ਲਿਹਾਜ਼,ਗੰਦਗੀ ਉੱਤੇ ਬੈਠਣ ਦੀ ਅਤੇ ਮਾਸੂਮ ਗੁਟਾਰਾਂ ਨੂੰ ਮਾਰਨ ਦੀ ਹੈ। ਇੱਥੇ ਕਾਂ ਬਾਜ਼ ਬਘਿਆੜ ਮਗਰਮੱਛ ਦਾ ਮਾਨਵੀਕਰਣ ਹੋਇਆ ਹੈ। ਭਾਵੇਂ ਇਨ੍ਹਾਂ ਜਾਨਵਰਾਂ ਦੀ ਬਿਰਤੀ ਵਾਲੇ ਲੋਕਾਂ ਹੱਥ ਜੇ ਪ੍ਰਕਾਸ਼ਨ ਅਤੇ ਵਿਹਾਰ ਆ ਜਾਏ ਤਾਂ ਉੱਥੇ ਹੰਸ ਰੂਪੀ(ਅਮਨ ਪਸੰਦ) ਮਨੁੱਖ ਲਈ ਜਿਉਣਾ ਅਸੰਭਵ ਹੋ ਜਾਂਦਾ ਹੈ। ਇਸੇ ਤਰ੍ਹਾਂ ਬਘਿਆੜ ਅਤੇ ਮਗਰਮੱਛ ਰੂਪੀ ਆਦਮੀਆਂ ਕੋਲੋਂ ਉਸੇ ਬਿਰਤੀ ਦੇ ਵਿਹਾਰ ਦੀ ਆਸ ਕੀਤੀ ਜਾਂਦੀ ਹੈ। ਐਸੇ ਨਕਾਰਕ ਵਿਹਾਰੀ ਆਦਮੀਆਂ ਦਾ ਸਿਵਾਏ ਮਨੁੱਖੀ ਲਹੂ ਪੀਣ ਦੇ ਹੋਰ ਕੋਈ ਸਵਾਰਥ ਨਹੀਂ ਹੁੰਦਾ। ਇਸ ਕਵਿਤਾ ਦੇ ਐਸੇ ਅਰਥ ਹੀ ਵਿਦਮਾਨ ਹੁੰਦੇ ਹਨ ਕਿਉਂਕਿ ਅਜੋਕਾ ਮਨੁੱਖ ਗਊਆਂ ਵਾਂਗੂੰ ਬਘਿਆੜਾਂ ਦੇ ਸਵਾਰਥ ਦਾ ਹੀ ਸ਼ਿਕਾਰ ਹੋ ਰਿਹਾ ਹੈ। ਕਵੀ ਨੇ ਐਸੇ ਲੋਕਾਂ ਨੂੰ ਜਨੌਰ ਬਿਰਤੀ ਵਾਲੇ ਵਿਹਾਰੀ ਸਵਾਰਥੀ ਨਾਲ ਤੁਲਨਾ ਦਿੱਤੀ ਹੈ।

ਜੇ ਕਵਿਤਾ ਪੈਗੰਬਰੀ ਰਚਨਾ ਹੈ ਤਾਂ ਅਸੀਂ ਇਸ ਦੇ ਸੰਦੇਸ਼ ਨੂੰ ਸੁਣਨਾ ਹੈ ਅਤੇ ਪਹਿਚਾਣਨਾ ਹੈ। ਇਸ ਕਵਿਤਾ ਵਿੱਚ ਪੰਜਾਬੀ ਦੇ ਕਲਾਸਕੀ ਛੰਦ ਜਿਵੇਂ ;ਕੋਰੜਾ,ਕਬਿੱਤ,ਬੈਂਤ,ਦਵੈਯਾ,ਦੋਹਰਾ,ਚੌਪਾਈ ਅਤੇ ਸਿਰਖਿੰਡੀ ਬੜੀ ਚੁਸਤੀ ਅਤੇ ਨਿਪੁੰਨਤਾ ਨਾਲ ਵਰਤੇ ਗਏ ਹਨ,ਜਿਨ੍ਹਾਂ ਰਾਹੀਂ ਕਵੀ ਦੀ ਪ੍ਰਤਿਭਾ ਦਾ ਗਿਆਨ ਹੁੰਦਾ ਹੈ।

ਇਸ ਕਵਿਤਾ ਦੀ ਸਿਰਜਨਾ ਇੱਕ ਐਸੇ ਸੰਤ ਸੁਭਾਓ ਅਤੇ ਅਧਿਆਤਮਕ ਜਗਿਆਸੂ ਸੰਤ ਹੱਥੋਂ ਹੋਈ ਹੈ,ਜਿਸ ਲਈ ਮਾਨਵ ਜਾਤੀ ਲਈ ਕੋਈ ਭਿੰਨ ਭੇਦ ਨਹੀਂ ਅਤੇ ਸਭ ਬੰਦੇ ਕੁਦਰਤ ਦੇ ਹਨ,ਕੋਈ ਬੁਰਾ,ਕੋਈ ਭਲਾ ਨਹੀਂ। ਇਹ ਤਾਂ ਮਨੁੱਖੀ ਅਮਲ ਹੈ ਜੋ ਬੁਰਾਈ ਅਤੇ ਭਲਾਈ ਦੀ ਸੰਗਿਆ ਪ੍ਰਦਾਨ ਕਰਦਾ ਹੈ।

# ਸਨਾਤਨ ਸੱਚ

ਪਿਆਰਾ ਸਿੰਘ ਪਦਮ

ਅਧਿਆਤਮਕ ਕਵਿਤਾ ਨੇ ਭਾਵੇਂ ਸਾਡੇ ਸਾਹਿਤ ਅਤੇ ਜੀਵਨ ਨੂੰ ਕਿਤਨਾ ਵੀ ਪ੍ਰਭਾਵਿਤ ਕੀਤਾ ਹੋਵੇ ਲੇਕਿਨ ਅੱਜਕੱਲ੍ਹ ਇਹ ਇੱਕ ਤਰ੍ਹਾਂ ਸਮੇਂ ਦੇ ਰਿਵਾਜ ਦੇ ਅਨੁਕੂਲ ਨਹੀਂ ਸਮਝੀ ਜਾਂਦੀ। ਸਗੋਂ ਨਵਾਂ ਫੈਸ਼ਨ ਇਸ ਦਾ ਜਾਣ ਬੁੱਝ ਕੇ ਵਿਰੋਧ ਕਰਦਾ ਹੈ ਤੇ ਫਿਰ ਅਧਿਆਤਮਕ ਦੇ ਸਦਾਚਾਰਕ ਕੀਮਤਾਂ ਨੂੰ ਛੁਟਿਆਣਾ ਪ੍ਰਗਤੀਵਾਦੀ ਹੋਣ ਦਾ ਪ੍ਰਮਾਣ ਮੰਨਿਆ ਜਾਂਦਾ ਹੈ। ਇਹ ਸਮੇਂ ਦੀ ਪਦਾਰਥਵਾਦੀ ਵਿਚਾਰਧਾਰਾ ਦਾ ਚੰਗਾ ਜਾਂ ਮੰਦਾ ਅਸਰ ਹੈ ਜਿਸ ਕਰਕੇ ਏਸ ਪਾਸੇ ਕੋਈ ਮੂੰਹ ਕਰਨ ਨੂੰ ਤਿਆਰ ਨਹੀਂ। ਅੱਜ ਦੇ ਯੁੱਗ ਵਿੱਚ ਕਈ ਮਹਾਨ ਕਵੀ ਐਸੇ ਵੀ ਹੋਏ ਹਨ ਜਿਨ੍ਹਾਂ ਪ੍ਰਤੀਕਾਤਮਕ ਵਿਧੀ ਨਾਲ ਜ਼ਿੰਦਗੀ ਦੇ ਸਨਾਤਨ ਸੱਚ ਨੂੰ ਨਵੀਨ ਤਰ੍ਹਾਂ ਆਖ ਕੇ ਲੋਕਾਂ ਨੂੰ ਆਕਰਸ਼ਿਤ ਕੀਤਾ ਹੈ ਤੇ ਪਦਾਰਥਵਾਦ ਦੇ ਧੋਤੇ ਮੂੰਹ ਤੇ ਚਪੇੜ ਮਾਰੀ ਹੈ। ਪਰ ਐਸੇ ਉੱਚੇ ਕਲਾਕਾਰ ਥੋੜੀ ਗਿਣਤੀ ਦੇ ਹਨ।

ਸਵਾਮੀ "ਬ੍ਰਹਮਦੇਵ" ਇੱਕ ਉਦਾਸੀ ਸਾਧੂ ਹਨ ਤੇ ਉਨ੍ਹਾਂ ਪੁਰਾਤਨ ਰਿਸ਼ੀਆਂ ਮੁਨੀਆਂ ਵਾਲਾ ਰਾਹ ਅਪਣਾ ਕੇ ਅਧਿਆਤਮਕ ਪ੍ਰੇਰਨਾ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ ਤੇ ਅਖੌਤੀ ਅੱਗ੍ਰ ਗਾਮਿਤਾ ਦੀ ਪ੍ਰਵਾਹ ਵੀ ਨਹੀਂ ਕੀਤੀ। ਸਾਡੇ ਲਈ ਇਹ ਆਦਰ ਯੋਗ ਹੈ ਕਿ ਕੋਈ ਇਸ ਪਦਾਰਥਵਾਦੀ ਭੀੜ ਭੜੱਕੇ ਵਿਚ ਅਧਿਆਤਮਿਕ ਵਿਸ਼ਵਾਸ ਤੇ ਪ੍ਰਭੂ ਪ੍ਰੇਮ ਦੀ ਵੀਣਾ ਨੂੰ ਝੰਕ੍ਰਿਤ ਕਰੇ। ਇਸ ਸ਼ਾਂਤੀ ਭਰਪੂਰ ਸੁਰ ਦੀ ਅੱਜ ਪਹਿਲਾਂ ਨਾਲੋਂ ਵਧੇਰੇ ਲੋੜ ਹੈ। ਮੈਂ ਆਸ ਕਰਦਾ ਹਾਂ ਕਿ ਇਸ ਪਾਸੇ ਤੁਰਨ ਵਾਲਾ ਇਹ ਉਦਾਸੀਨ ਸੰਤ ਕਵੀ ਪ੍ਰਭੂ ਅਨੁਰਾਗ ਦਾ ਰਾਗ ਗਾ ਕੇ ਮਹਿਫ਼ਲ ਦਾ ਧਿਆਨ ਖਿੱਚੇਗਾ! ਸੰਤ ਜੀ ਨੇ ਅਧਿਆਤਮਕ ਆਦਰਸ਼ਾਂ ਦੇ ਗੁਣ ਹੀ ਨਹੀਂ ਗਾਏ ਸਗੋਂ ਇਸ ਦੇ ਨਾਂ ਉੱਤੇ ਜੋ ਦੰਭ ਤੇ ਪ੍ਰਪੰਚ ਚੱਲਦਾ ਹੈ, ਉਸ ਦੇ ਪਾਜ਼ ਵੀ ਉਘੇੜੇ ਹਨ। ਉਮੀਦ ਹੈ ਕਿ ਉਹ ਯਥਾਰਥ ਧਰਮ ਦੇ ਆਦਰਸ਼ਾਂ ਨੂੰ ਪ੍ਰਗਟਾ ਕੇ ਸਾਹਿਤ ਦੀ ਸੱਚੀ ਸੇਵਾ ਕਰ ਸਕਣਗੇ।

# ਵਿਲਾਇਤੋਂ ਪਰਤੇ ਸੰਤ ਨਾਲ ਇੱਕ ਮੁਲਾਕਾਤ

ਡਾ:ਗੁਰਦਿਆਲ ਸਿੰਘ ਫੁੱਲ

ਆਪ ਦੀ ਰਚਨਾ 'ਨੂਰ ਦੇ ਨੇੜੇ' ਪੜ੍ਹਕੇ ਆਪ ਦੀ ਅਧਿਆਤਮਕਵਾਦੀ ਦ੍ਰਿਸ਼ਟੀ ਰੂਹਾਨੀ ਸੂਝ, ਵਿਦਵਤਾ, ਆਤਮਕ ਡੂੰਘਿਆਈ, ਸਾਹਿਤਕ ਪ੍ਰਤਿਭਾ, ਕਾਵਿਕ ਸ਼ਿਲਪ ਦਾ ਅਦਭੁਤ ਅਨੁਭਵ ਹੀ ਨਹੀਂ ਹੁੰਦਾ ਸਗੋਂ ਆਪ ਦੇ ਮਾਨਵੀ ਪਿਆਰ, ਲੋਕ ਦਰਦ, ਇਨਕਲਾਬੀ ਚੇਤਨਾ, ਸੱਭਿਆਚਾਰਕ ਗਿਆਨ ਤੇ ਗ੍ਰਹਿਸਥੀ ਜੀਵਨ ਦੀ ਮਹੱਤਤਾ ਦਾ ਵੀ ਪੂਰਨ ਗਿਆਨ ਹੁੰਦਾ ਹੈ।ਆਪ ਆਪਣੀ ਕਵਿਤਾ ਤੇ ਆਪਣੇ ਲੈਕਚਰਾਂ ਰਾਹੀ ਮਨੁੱਖ ਨੂੰ ਇਸ ਧਰਤੀ ਤੇ ਅਨੇਕਤਾ ਵਿੱਚ ਅਹਿਸਾਸ ਕਰਾਕੇ ਆਪਣੇ ਨਿਰਗੁਣ ਸਰੋਤ ਭਾਵ ਅਕਾਲ ਪੁਰਖ ਨਾਲ ਜੁੜਨ ਦੀ ਜੁਗਤੀ ਸਹਿਜ ਸੁਭਾਅ ਦੱਸਣ ਦਾ ਯਤਨ ਕਰਦੇ ਹੋ ਤੇ ਮਨੁੱਖ ਨੂੰ ਇੱਕ ਸੰਪੂਰਨ ਮਨੁੱਖ ਬਣਨ ਦੀ ਜਾਚ ਸਿਖਾਉਂਦੇ ਹੋ ਆਪ ਜੀ ਦੇ ਇਸ ਆਦਰਸ਼ ਨੂੰ ਮੁੱਖ ਰੱਖ ਕੇ ਮੈਂ ਕੁਝ ਪ੍ਰਸ਼ਨ ਪੁੱਛਣ ਦੀ ਖੁੱਲ੍ਹ ਲੈ ਰਿਹਾ ਹਾਂ :-

ਪ੍ਰਸ਼ਨ : ਸਵਾਮੀ ਜੀ,ਆਪ ਹੁਣੇ ਹੁਣੇ ਇੰਗਲੈਂਡ ਜਾ ਕੇ ਆਏ ਹੋ ਤੇ ਸਾਰੇ ਭਾਰਤ ਵਿੱਚ ਧਰਮ ਉਪਦੇਸ਼ ਕਰਦੇ ਰਹਿੰਦੇ ਹੋ।ਤੁਸੀਂ 'ਧਰਮ' ਸ਼ਬਦ ਦੀ ਕੀ ਪਰਿਭਾਸ਼ਾ ਕਰਦੇ ਹੋ।

ਉੱਤਰ : ਫੁੱਲ ਸਾਹਿਬ ਧਰਮ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ।ਇਸ ਦਾ ਅਰਥ ਧਾਰਣ ਕਰਨ ਯੋਗ ਵਸਤੂ ਹੈ।ਧਰਮ ਸਾਨੂੰ ਰੱਬੀ ਪਿਆਰ,ਭਾਈਚਾਰਕ ਬਰਾਬਰੀ ਅਤੇ ਸਦਾਚਾਰਕ ਆਦਿ ਸ਼ੁੱਭ ਗੁਣ ਧਾਰਨ ਕਰਨਾ ਸਿਖਾਉਂਦਾ ਹੈ ਜਿਹੜੇ ਗੁਣ ਮਨੁੱਖ ਨੂੰ ਸੰਪੂਰਣ ਮਨੁੱਖ ਬਣਾਉਂਦੇ ਹਨ।

ਪ੍ਰਸ਼ਨ : ਸਵਾਮੀ ਜੀ ਤੁਸੀਂ ਧਰਮ ਤੇ ਮਜ਼੍ਹਬ ਨੂੰ ਕਿਵੇਂ ਨਿਖੇੜਦੇ ਹੋ ?

ਉੱਤਰ : ਮਜ਼੍ਹਬ ਧਰਮ ਦਾ ਹੀ ਨਾਂ ਹੈ।ਧਰਮ ਜਦ ਖਾਸ ਦਰਸ਼ਨ,ਸੱਚ ਤੇ ਮਰਯਾਦਾ ਨਾਲ ਜੁੜ ਜਾਂਦਾ ਹੈ ਤਾਂ ਮਜ਼੍ਹਬ ਕਹਿਲਾਉਣ ਲੱਗ ਪੈਂਦਾ ਹੈ ਪਰ ਅੱਜ ਕੱਲ ਧਰਮ ਤੇ ਮਜ਼੍ਹਬ ਲੱਗਭੱਗ ਇੱਕੋ ਅਰਥਾਂ ਵਿੱਚ ਵਰਤੇ ਜਾਂਦੇ ਹਨ। ਮਜ਼੍ਹਬ ਮਨੁੱਖ ਦੀਆਂ ਨੈਤਿਕ ਤੇ ਧਾਰਮਿਕ ਕਦਰਾਂ ਕੀਮਤਾਂ ਨੂੰ ਕੇਂਦਰਿਤ ਕਰਕੇ ਮਹਾਂਪੁਰਖਾਂ ਨੇ ਸਿਰਜੇ ਹਨ ਤਾਂ ਜੋ ਮਨੁੱਖ ਆਪਣੇ ਆਪ ਨੂੰ ਸਾਧਕੇ ਤੇ ਇਕਾਗਰ ਹੋਕੇ ਆਪਣੇ ਆਪੇ ਦੀ ਪਛਾਣ ਕਰ ਸਕੇ।ਸਾਰੇ ਧਰਮਾਂ ਜਾਂ ਮਜ਼੍ਹਬਾਂ ਦਾ ਇੱਕੋ ਹੀ ਆਦਰਸ਼ ਹੈ,ਇੱਕੋ ਮਨੋਰਥ ਹੈ, ਭਾਵ ਮਨੁੱਖ ਨੂੰ ਆਪਣੇ ਆਪੇ ਦੀ ਪਛਾਣ ਕਰਾਕੇ ਆਪਣੇ ਸਰੋਤ ਨਾਲ ਜੋੜਨਾ।ਧਰਮ ਜਾਂ ਮਜ਼੍ਹਬ

ਧਰਤੀ ਤੇ ਆਕੇ ਹੀ ਮਨੁੱਖ ਅਪਣਾਉਂਦਾ ਹੈ।ਅਕਾਲ ਪੁਰਖ ਕਿਸੇ ਵੀ ਮਨੁੱਖ ਨੂੰ ਕੋਈ ਵਰਨ, ਧਰਮ, ਮਜ਼੍ਹਬ ਜਾਂ ਜ਼ਾਤ ਦੇ ਕੇ ਧਰਤੀ ਤੇ ਨਹੀਂ ਭੇਜਦਾ ਹੈ।ਮਨੁੱਖ ਇੱਥੇ ਆਕੇ ਆਪਣੀ ਸੂਝ ਬੂਝ ਨਾਲ ਧਰਮ ਧਾਰਨ ਕਰਦਾ ਹੈ।ਸਾਰੇ ਧਰਮ ਰਲ ਕੇ ਰਹਿਣਾ ਸਿਖਾਉਂਦੇ ਹਨ।ਇਸ ਲਈ ਮੇਰੇ ਵਿਚਾਰ ਅਨੁਸਾਰ ਸਾਨੂੰ ਸਾਰਿਆਂ ਨੂੰ ਹਰ ਧਰਮ ਦੀ ਪੂਰੀ ਕਦਰ ਕਰਨੀ ਚਾਹੀਦੀ ਹੈ।ਕਿਉਂਕਿ ਜਿਵੇਂ ਸੂਰਜ ਇੱਕ ਹੈ ਤੇ ਕਿਰਨਾਂ ਅਨੇਕ ਹਨ ਤਿਵੇਂ ਪ੍ਰਮਾਤਮਾ ਇੱਕ ਹੈ ਤੇ ਉਸਦੀ ਪ੍ਰਾਪਤੀ ਦੇ ਰਾਹ ਅਨੇਕ ਹਨ।ਧਰਮ ਨਾਲ ਰਾਜਨੀਤੀ ਨੂੰ ਪਵਿੱਤਰ, ਅਰੋਗ, ਸੁੱਚਾ ਸੱਚਾ ਤੇ ਕਲਿਆਣਕਾਰੀ ਸੰਬੰਧ ਰੱਖਣਾ ਚਾਹੀਦਾ ਹੈ।ਧਰਮ ਨੂੰ ਰਾਜਨੀਤੀ ਤੇ ਨਿੱਜੀ ਸਵਾਰਥ ਦਾ ਸਾਧਨ ਨਹੀਂ ਬਣਾਉਣਾ ਚਾਹੀਦਾ ਹੈ।ਸੱਚੇ ਸੁੱਚੇ ਧਰਮ ਦਾ ਮੁੱਖ ਲੱਛਣ ਹੀ ਸਰਬੱਤ ਦਾ ਭਲਾ ਮੰਗਣਾ ਹੈ ਤੇ ਆਪਣੀ ਖੁਸ਼ੀ ਦੂਜੇ ਵਿੱਚ ਵੇਖਣਾ ਹੈ।

ਪ੍ਰਸ਼ਨ: ਸਵਾਮੀ ਜੀ ਸਦਾਚਾਰ ਤੋਂ ਤੁਸੀਂ ਕੀ ਭਾਵ ਲੈਂਦੇ ਹੋ ?

ਉੱਤਰ: ਫੂਲ ਸਾਹਿਬ, ਸਦਾਚਾਰ ਦੀ ਸੰਪੂਰਨ ਪਰਿਭਾਸ਼ਾ ਕਰਨੀ ਬਹੁਤ ਕਠਿਨ ਹੈ।ਬਹੁਤ ਸਾਰੇ ਵਿਦਵਾਨਾਂ ਫਿਲਾਸਫਰਾਂ ਤੇ ਸਦਾਚਾਰਕ ਮਨੋਵਿਗਿਆਨੀਆਂ ਨੇ ਵੱਖ ਵੱਖ ਦ੍ਰਿਸ਼ਟੀ ਤੇ ਢੰਗ ਨਾਲ 'ਸਦਾਚਾਰ ਦੀਆਂ ਪਰਿਭਾਸ਼ਾਵਾਂ ਕੀਤੀਆਂ ਹਨ, ਪਰ ਇਹਨਾਂ ਵਿੱਚੋਂ ਕਿਸੇ ਵੀ ਪਰਿਭਾਸ਼ਾ ਨੂੰ ਅਸੀਂ ਉਨ੍ਹਾਂ ਚਿਰ ਸੰਪੂਰਨ ਨਹੀਂ ਕਹਿ ਸਕਦੇ ਜਦੋਂ ਤੱਕ ਉਹ ਸਮੁੱਚੀ ਮਨੁੱਖਤਾ ਦੇ ਧਾਰਨ ਕਰਨ ਯੋਗ ਸਿੱਧ ਨਾ ਹੋ ਸਕੇ। ਉਂਜ ਸਦਾਚਾਰ ਦਾ ਸ਼ਬਦੀ ਅਰਥ ਹੈ ਸ਼ੁੱਭ-ਆਚਾਰ ਭਾਵ ਚੰਗਾ ਚਾਲ ਚਲਨ। ਆਚਾਰ ਵਿੱਚ ਮਨੁੱਖ ਦੇ ਸਾਰੇ ਮਾਨਵੀ ਗੁਣ ਆ ਜਾਂਦੇ ਹਨ ਅਸੀਂ ਸਦਾਚਾਰ ਦੀਆਂ ਸਾਰੀਆਂ ਪਰਿਭਾਸ਼ਾਵਾਂ ਦਾ ਤੱਤ ਇਉਂ ਪੇਸ਼ ਕਰ ਸਕਦੇ ਹਾਂ। ਸਤਿ ਧਰਮ,ਭਾਈਚਾਰਕ ਬਰਾਬਰੀ ਦੀ ਅਸਲੀ ਅਮਲੀ ਸੂਝ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਸੁਰੀ ਪ੍ਰਵਿਰਤੀਆਂ ਉੱਤੇ ਕਲਾਤਮਕ ਸੁਹਜ ਸੁਆਦੀ ਸਹਿਜ ਸੁਭਾਅ ਨਾਲ ਕਾਬੂ, ਫਰਜ਼ ਪ੍ਰਤੀ ਪੂਰਨ ਜ਼ਿੰਮੇਵਾਰੀ, ਇਨਸਾਫ਼ ਕਰਨ ਦੀ ਦਲੇਰੀ, ਨਿਰਵੈਰ, ਨਿਰਭੈ ਹੋਣ ਦੀ ਸਮਰੱਥਾ ਦੁੱਖ ਸੁੱਖ ਵਿੱਚ ਸਮਤੁਲਿਤ ਰਹਿਣ ਦੀ ਸ਼ਕਤੀ ਆਦਿ ਸਦਾਚਾਰ ਦੇ ਅਸਲੀ ਅਰਥ ਤੇ ਲੱਛਣ ਹਨ।ਸਦਾਚਾਰ ਮਨੁੱਖ ਨੂੰ ਆਤਮਕ ਤੌਰ ਤੇ ਇਕਾਗਰ ਕਰਕੇ ਮਨੁੱਖ ਦੀ ਸ਼ਖਸੀਅਤ ਨੂੰ ਪ੍ਰਭਾਵਸ਼ਾਲੀ ਤੇ ਜਲੌ ਵਾਲੀ ਬਣਾਉਂਦਾ ਹੈ।

ਪ੍ਰਸ਼ਨ: ਅੱਜ ਕਲਯੁੱਗ ਵਿਚ ਮਨੁੱਖ ਸਾਡੇ ਰੂਹਾਨੀ ਵਿਰਸੇ ਤੇ ਭਾਰਤੀ ਸਭਿਆਚਾਰ ਅਤੇ ਅਧਿਆਤਮਕ ਆਧਾਰ ਤੋਂ ਖਿੜਕ ਗਿਆ ਹੈ ਨਵੀਂਆਂ ਆਧੁਨਿਕ ਵਿਗਿਆਨਕ ਕੀਮਤਾਂ ਉਸ ਦੀ ਪਕੜ ਵਿੱਚ ਨਹੀਂ ਆਈਆਂ ਜਿਸ ਕਰਕੇ ਅੱਜ ਮਨੁੱਖ ਖਲਾਅ ਵਿੱਚ ਲਟਕ ਰਿਹਾ ਹੈ।ਉਸਨੂੰ ਫਰਜ਼ਾਂ ਦੀ ਥਾਂ ਹੱਕਾਂ ਨਾਲ ਵਧੇਰੇ ਪਿਆਰ ਹੋ ਗਿਆ ਤੇ ਉਹ ਆਪਣੇ ਆਲੇ ਦੁਆਲੇ ਈਰਖਾ ਤੇ ਸਾੜਾ ਉਸਾਰ ਬੈਠਾ ਹੈ।ਇਸ ਸੰਦਰਭ ਵਿੱਚ ਤੁਸੀਂ ਕੀ ਉਪਦੇਸ਼ ਕਰਦੇ ਹੋ ?

ਉੱਤਰ : ਮੈਂ ਇੱਕ ਸੰਤ ਹਾਂ।ਸੰਤ ਦਾ ਕਰਤੱਵ ਹੈ ਮਨੁੱਖਤਾ ਨੂੰ ਪਰਮੇਸ਼ਵਰ ਨਾਲ ਜੋੜਨਾ।ਪਰਮੇਸ਼ਵਰ ਨੂੰ ਅਸੀਂ ਪ੍ਰੇਮ ਸਰੂਪ ਮੰਨਦੇ ਹਾਂ।ਇਹ ਸਾਰੀ ਲੀਲ੍ਹਾ ਰੱਬੀ ਪ੍ਰੇਮ

ਦੀ ਸਰਗੁਣੀ ਲੀਲ੍ਹਾ ਹੈ। ਮਨੁੱਖ ਦਾ ਮੁੱਖ ਉਦੇਸ਼ ਪ੍ਰਭੂ ਵਿੱਚ ਲੀਨ ਹੋਣਾ ਹੈ। ਅਸੀਂ ਮਨੁੱਖ ਨੂੰ ਸਮਝਾਉਂਦੇ ਹਾਂ ਕਿ ਜਦ ਤੱਕ ਕੋਈ ਮਨੁੱਖ ਪ੍ਰਭੂ ਦੀ ਸ਼੍ਰਿਸ਼ਟੀ ਨਾਲ ਪਿਆਰ ਨਹੀਂ ਕਰਦਾ ਉਦੋਂ ਤੱਕ ਉਸ ਨੂੰ ਪ੍ਰਭੂ ਪ੍ਰਾਪਤੀ ਨਹੀਂ ਹੋ ਸਕਦੀ। ਸੋ ਅਸੀਂ ਅੱਜ ਦੇ ਥਿੜਕੇ ਮਨੁੱਖ ਨੂੰ ਆਤਮਕ ਸਾਂਝ ਪਛਾਨਣ ਲਈ ਪ੍ਰੇਰਦੇ ਹਾਂ। 'ਏਕ ਨੂਰ ਤੇ ਸਭ ਜਗ ਉਪਜਿਆ' ਦਾ ਪੂਰਨ ਗਿਆਨ ਕਰਾਉਂਦੇ ਹਾਂ। ਆਪਣਾ ਮੂਲ ਪਛਾਣ ਕੇ ਦੂਜੇ ਦੇ ਅੰਦਰਲੀ ਜੋਤ ਦਾ ਅਨੁਭਵ ਕਰਨ ਦੀ ਜਾਂਚ ਸਿਖਾਉਂਦੇ ਹਾਂ। ਦੂਜੇ ਦਾ ਭਲਾ ਮੰਗ ਕੇ ਆਪਣੇ ਆਪ ਨੂੰ ਆਤਮਕ ਤੇ ਸਰੀਰਕ ਤੌਰ ਤੇ ਅਰੋਗ ਹੋਣ ਦੀ ਜੁਗਤੀ ਦੱਸਦੇ ਹਾਂ ਅਸੀਂ ਮਨੁੱਖ ਨੂੰ ਪ੍ਰੇਮ-ਲੀਲ੍ਹਾ ਮਈ ਬ੍ਰਹਿਮੰਡ ਦਾ ਅੰਗ ਹੋਣ ਦਾ ਗਿਆਨ ਕਰਾਉਂਦੇ ਹਾਂ।

ਪ੍ਰਸ਼ਨ : ਤੁਸੀਂ ਆਪਣੀ ਵਿਲਾਇਤ ਯਾਤਰਾ ਬਾਰੇ ਕੀ ਕੁਝ ਦੱਸਣਾ ਚਾਹੋਗੇ?

ਉੱਤਰ : ਮੇਰੀ ਯੂ.ਕੇ.ਦੀ ਯਾਤਰਾ ਬਹੁਤ ਸਫਲ ਰਹੀ। ਹਿੰਦੂਆਂ ਤੇ ਸਿੱਖਾਂ ਨੇ ਮੇਰੇ ਵਿਚਾਰ ਬੜੇ ਪਿਆਰ ਤੇ ਸਤਿਕਾਰ ਨਾਲ ਸੁਣੇ ਜਿਸ ਕਰਕੇ ਹਿੰਦੂਆਂ ਅਤੇ ਸਿੱਖਾਂ ਦੋਹਾਂ ਨੇ ਮੇਰਾ ਪੂਰਾ ਪੂਰਾ ਸਤਿਕਾਰ ਤੇ ਮਾਨ ਕੀਤਾ। ਮੈਂ ਉੱਥੇ ਜਪੁਜੀ ਸਾਹਿਬ, ਬਾਰਾ ਮਾਹਾਂ ਮਾਝ ਅਤੇ ਗੀਤਾ ਆਦਿ ਦੇ ਵੱਖ ਵੱਖ ਪੱਖਾਂ ਉੱਤੇ ਲੈਕਚਰ ਦਿੱਤੇ ਤੇ ਇਨ੍ਹਾਂ ਵਿਚਲੀ ਆਤਮਕ ਤੇ ਜੀਵਨ ਫਿਲਾਸਫੀ ਨੂੰ ਬਹੁਤ ਸਰਲ ਵਿਧੀ ਨਾਲ ਸਮਝਾਇਆ, ਜਿਸਨੂੰ ਸੁਣਕੇ ਸੰਗਤਾਂ ਨੇ ਆਨੰਦ ਮਾਣਿਆ ਤੇ ਗਿਆਨ ਵੀ ਪ੍ਰਾਪਤ ਕੀਤਾ। ਮੈਂ ਮਨੁੱਖੀ ਆਤਮਾ ਤੇ ਪ੍ਰਾਕ੍ਰਿਤਕ ਸੁੰਦਰਤਾ ਦੇ ਸੰਪਰਕ ਤੋਂ ਉਪਜੇ ਰੱਬੀ ਪਿਆਰ ਨੂੰ ਵੀ ਸਮਝਾਇਆ, ਕਿਵੇਂ ਮਨੁੱਖ ਪ੍ਰਾਕਿਰਤਕ ਸੁੰਦਰਤਾ ਨਾਲ ਇੱਕਸੁਰ ਹੋ ਕੇ ਕੁਦਰਤ ਰਾਹੀਂ ਕਾਦਰ ਨਾਲ ਜੁੜ ਜਾਂਦਾ ਹੈ। 'ਵਾਹ' ਕਹਿਕੇ ਵਾਹਿਗੁਰੂ ਨਾਲ ਇੱਕ ਸੁਰ ਹੋ ਜਾਂਦਾ ਹੈ।

ਪ੍ਰਸ਼ਨ: ਤੁਹਾਨੂੰ ਇੰਗਲੈਂਡ ਕਿਹੋ ਜਿਹਾ ਲੱਗਾ ?

ਉੱਤਰ: ਇੰਗਲੈਂਡ ਮੈਨੂੰ ਬਹੁਤ ਸੁੰਦਰ ਲੱਗਾ ਹੈ। ਅੰਗਰੇਜ਼ਾਂ ਵਿੱਚ ਮਨੁੱਖੀ ਏਕਤਾ ਹੈ। ਸਾਡੇ ਵਾਂਗ ਉਹ ਲੋਕ ਵਰਨਾਂ, ਜਾਤਾਂ, ਕਬੀਲਿਆਂ, ਕੱਟੜ ਧਰਮਾਂ, ਸੰਪਰਦਾਇਆਂ ਵਿੱਚ ਵੰਡੇ ਹੋਏ ਨਹੀਂ ਹਨ। ਮੈਨੂੰ ਇਹ ਗੱਲ ਬਹੁਤ ਚੰਗੀ ਲੱਗੀ ਹੈ। ਉਹ ਐਟੀਕੇਟ ਦਾ ਬਹੁਤ ਖਿਆਲ ਰੱਖਦੇ ਹਨ। ਇੱਕ ਦੂਜੇ ਨੂੰ ਸਤਿਕਾਰਦੇ ਹਨ। ਕੋਈ ਦੂਜੇ ਦੇ ਕੰਮ ਵਿੱਚ ਦਖਲ ਨਹੀਂ ਦਿੰਦਾ। ਖਲਲ ਨਹੀਂ ਪਾਉਂਦਾ। ਸਾਡੇ ਦੇਸ਼ ਵਾਂਗ ਨਹੀਂ ਜਿੱਥੇ ਉੱਚੀ ਉੱਚੀ ਬੋਲ ਰਹੇ ਲਾਊਡ ਸਪੀਕਰ ਸੌਣ ਨਹੀਂ ਦਿੰਦੇ। ਓਥੇ ਬਿਨਾਂ ਅਗਿਆ ਕੋਈ ਕਿਸੇ ਦੇ ਕਮਰੇ ਵਿੱਚ ਨਹੀਂ ਵੜਦਾ। ਭਾਵੇਂ ਉਹ ਪਦਾਰਥਵਾਦੀ ਹਨ ਪਰ ਦੇਸ਼ਭਗਤੀ ਉਹਨਾਂ ਵਿੱਚ ਕੁੱਟ ਕੁੱਟ ਕੇ ਭਰੀ ਹੋਈ ਹੈ। ਉਹ ਆਪਣੇ ਦੇਸ਼ ਆਪਣੀ ਸੱਭਿਅਤਾ ਤੇ ਆਪਣੇ ਆਦਰਸ਼ਾਂ ਵਿਰੁੱਧ ਇੱਕ ਸ਼ਬਦ ਵੀ ਸੁਣਨ ਨੂੰ ਤਿਆਰ ਨਹੀਂ।

ਪ੍ਰਸ਼ਨ : ਜਿਹੜੇ ਪੰਜਾਬੀ ਜਾਂ ਭਾਰਤੀ ਉੱਥੇ ਵਸੇ ਹੋਏ ਹਨ ਉਨ੍ਹਾਂ ਬਾਰੇ ਤੁਹਾਡਾ ਕੀ ਪ੍ਰਤੀ ਕਰਮ ਹੈ ?

ਉੱਤਰ: ਭਾਵੇਂ ਇੱਧਰੋਂ ਜਾ ਕੇ ਵਸੇ ਪੰਜਾਬੀ ਦੋ ਸਭਿਆਤਾਵਾਂ ਦੇ ਵਿੱਚ ਘਿਰੇ ਹੋਏ ਹਨ। ਪਰ ਉਨ੍ਹਾਂ ਨੂੰ ਆਪਣੀ ਬੋਲੀ, ਪੰਜਾਬੀ ਸੱਭਿਅਤਾ, ਪੰਜਾਬੀ ਵਿਦਵਾਨਾਂ ਤੇ ਪੰਜਾਬੀ ਸਾਧਾਂ ਸੰਤਾਂ ਨਾਲ ਬਹੁਤ ਪਿਆਰ ਹੈ। ਜਿਹੜਾ ਵੀ ਸੰਤ ਜਾਂ ਵਿਦਵਾਨ ਪੰਜਾਬੋਂ ਜਾਂਦਾ ਹੈ ਉਸ ਨੂੰ ਸਿਰ ਤੇ ਚੁੱਕ ਲੈਂਦੇ ਹਨ। ਬਹੁਤ ਸਤਿਕਾਰ ਕਰਦੇ ਹਨ।

ਪ੍ਰਸ਼ਨ: ਜਿਹੜਾ ਵੀ ਸੰਤ ਉੱਧਰ ਜਾਂਦਾ ਹੈ ਉੱਥੋਂ ਲੱਖਾਂ ਰੁਪਏ ਲਿਆਉਂਦਾ ਹੈ। ਮੈਂ ਬਹੁਤ ਸਾਰੇ ਸੰਤਾਂ ਨੂੰ ਨੇੜਿਉਂ ਜਾਣਦਾ ਹਾਂ ਜਿਹੜੇ ਹਰ ਸਾਲ ਇੰਗਲੈਂਡ ਜਾਂਦੇ ਹਨ ਤੇ ਉੱਥੋਂ ਲੱਖਾਂ ਰੁਪਏ ਲਿਆਉਂਦੇ ਹਨ। ਉਨ੍ਹਾਂ ਦੇ ਹੱਥੀਂ ਚਾਰ ਚਾਰ ਤੋਲੇ ਦੇ ਸੋਨ ਦੇ ਕੜੇ ਹੁੰਦੇ ਹਨ ਤੇ ਗਲਾਂ ਵਿੱਚ ਦਸ ਦਸ ਤੋਲੇ ਦੀਆਂ ਚੈਨੀਆਂ ਹੁੰਦੀਆਂ ਹਨ। ਸੁਆਮੀ ਜੀ ਤੁਸੀਂ ਉਥੋਂ ਕਿੰਨਾ ਕੁ ਮਾਲ ਲਿਆਏ ਹੋ?

ਉੱਤਰ: ਮੈਨੂੰ ਵੀ ਪਤਾ ਹੈ ਸਾਧ ਸੰਤ ਬਾਹਰੋਂ ਬਹੁਤ ਰੁਪਇਆ ਲਿਆਉਂਦੇ ਹਨ। ਸੰਗਤਾਂ ਬਹੁਤ ਸਤਿਕਾਰ ਨਾਲ ਸੰਤਾਂ ਦੀਆਂ ਝੋਲੀਆਂ ਭਰਦੀਆਂ ਹਨ। ਕਈ ਇੱਕ ਸੰਤ ਤਾਂ ਪਖੰਡਾਂ ਤੇ ਜਾਦੂ ਟੂਣਿਆਂ ਦੇ ਚੱਕਰ ਪਾ ਕੇ ਚੰਗੇ ਪੈਸੇ ਬਟੋਰ ਲਿਆਉਂਦੇ ਹਨ। ਪਰ ਮੈਂ ਕਿਸੇ ਪ੍ਰਕਾਰ ਦੇ ਵੀ ਪਾਖੰਡ ਜਾਂ ਦੰਭ ਨਾਲ ਸੰਗਤਾਂ ਤੋਂ ਮਾਇਆ ਨਹੀਂ ਇਕੱਠੀ ਕੀਤੀ। ਮੇਰੇ ਲੈਕਚਰਾਂ ਤੋਂ ਪ੍ਰਭਾਵਿਤ ਹੋ ਕੇ ਕੁਝ ਸੱਜਣਾਂ ਨੇ ਆਪ ਹੀ ਮੇਰੀ ਟਿਕਟ ਅਤੇ ਹੋਰ ਕੁਝ ਇੱਕ ਪ੍ਰੀਤ ਭੇਟਾਵਾਂ ਅਰਪਣ ਕੀਤੀਆ ਸਨ ਜੋ ਮੈਂ ਸਵੀਕਾਰ ਕਰ ਲਈਆਂ। ਗੁਰਦਵਾਰਾ ਨਾਨਕ ਦਰਬਾਰ ਨੌਰਥ ਲੰਡਨ ਅਤੇ ਸਿੰਘ ਸਭਾ ਸਾਊਥ ਹਾਲ ਦੀਆਂ ਪ੍ਰਬੰਧਕ ਕਮੇਟੀਆਂ ਨੇ ਮੈਨੂੰ ਉਚੇਚੇ ਤੌਰ ਤੇ ਸਨਮਾਨਿਤ ਕੀਤਾ।

ਪ੍ਰਸ਼ਨ: ਅੱਜ ਕੱਲ ਤੁਸੀਂ ਕਿੱਥੇ ਰਹਿ ਰਹੇ ਹੋ ਤੇ ਕੀ ਕਰ ਰਹੇ ਹੋ ?

ਉੱਤਰ: ਮੈਂ ਗੁਰੂ ਨਾਨਕ ਨਿਸ਼ਠਾ ਭਵਨ ਬੱਧਨੀ ਕਲਾਂ ਜ਼ਿਲ੍ਹਾ ਮੋਗਾ ਵਿਖੇ ਰਹਿੰਦਾ ਹਾਂ। ਧਾਰਮਿਕ ਵਿੱਦਿਆ ਪੜ੍ਹਾਉਂਦਾ ਹਾਂ। ਧਰਮ ਉਪਦੇਸ਼ ਕਰਨ ਲਈ ਮੈਂ ਬਾਹਰ ਪਿੰਡਾਂ ਵਿੱਚ ਵੀ ਜਾਂਦਾ ਹਾਂ। ਮੈਂ ਆਪਣੇ ਲੋਕਾਂ ਨੂੰ ਅਸਲੀ ਅਧਿਆਤਮਕ ਵਿੱਦਿਆ ਦੀ ਵਿਆਖਿਆਨ' ਕਰਕੇ ਜੀਵਨ ਜਾਂਚ ਸਿਖਾ ਰਿਹਾ ਹਾਂ। ਅੱਜ ਕੱਲ ਮੈਂ 'ਜਪੁ ਵਿਖਿਆਨ'ਪੁਸਤਕ ਲਿਖਣ ਵਿੱਚ ਰੁੱਝਿਆ ਹੋਇਆ ਹਾਂ, ਕਿਉਂਕਿ ਮੇਰਾ ਮੁੱਖ ਉਦੇਸ਼ ਆਪਣੇ ਅਧਿਆਤਮਕ ਵਿਰਸੇ ਤੇ ਗੁਰੂ ਸਹਿਬਾਨ ਦੀ ਅਧਿਆਤਮਕ ਫਿਲਾਸਫੀ ਨੂੰ ਸੰਗਤਾਂ ਤਾਈਂ ਪਹੁੰਚਾਉਣਾ ਹੈ।

ਪ੍ਰਸ਼ਨ : ਤੁਸੀਂ ਆਮ ਕਰਕੇ ਇੰਗਲੈਂਡ ਵਿੱਚ ਆਪਣਾ ਨਿਵਾਸ ਕਿੱਥੇ ਰਖਿਆ ਸੀ,ਕਿਸੇ ਗੁਰਦੁਆਰੇ ਵਿੱਚ ਜਾਂ ਕਿਸੇ ਸ਼ਰਧਾਲੂ ਦੇ ਘਰ ?

ਉੱਤਰ : ਮੈਂ ਆਪਣੇ ਨਿਕਟ ਵਰਤੀ ਪ੍ਰੀਤਵਾਨ ਗੁਰਦੀਪ ਸਿੰਘ ਸਿੱਧੂ,ਪਲਮਸਟੱਡ ਲੰਡਨ, ਸ੍ਰ:ਅਮਰੀਕ ਸਿੰਘ 'ਬੱਲ' ਮੌਸਵਿੱਲ ਲੰਡਨ ਦੇ ਘਰਾਂ ਤੋਂ ਇਲਾਵਾ ਗੁਰਦੁਆਰਾ ਨਾਨਕ ਦਰਬਾਰ ਨੌਰਥ ਲੰਡਨ ਵਿਖੇ ਬਹੁਤ ਅਰਸਾ ਠਹਿਰਿਆਂ ਸਾਂ।

# ਏਕਤਾ ਦੇ ਪ੍ਰਤੀਕ ਸਵਾਮੀ ਬ੍ਰਹਮਦੇਵ

ਡਾ. ਲਿਵਤਾਰ ਸਿੰਘ ਕੋਮਲ

ਕੁਝ ਦਿਨ ਪਹਿਲਾਂ ਮੈਨੂੰ ਸਵਾਮੀ "ਬ੍ਰਹਮਦੇਵ" ਜੀ ਦੇ ਅਸਥਾਨ ਕੋਟਕਪੂਰਾ ਵਿਖੇ ਪੁੰਨਿਆ ਦੇ ਪੁਰਬ ਤੇ ਜਾਣ ਦਾ ਮੌਕਾ ਮਿਲਿਆ। ਬਹੁਤ ਹੀ ਚੰਗੀ ਹਾਜ਼ਰੀ ਸੀ। ਕਾਫ਼ੀ ਸਾਰੇ ਲੋਕਾਂ ਦਾ ਝੁਰਮਟ ਸਵਾਮੀ ਜੀ ਦੇ ਦੁਆਲੇ ਬਣਿਆ ਹੋਇਆ ਸੀ। ਮੇਰੀ ਇੱਛਾ ਬਣੀ ਕਿ ਮੈਂ ਉਨ੍ਹਾਂ ਦੇ ਜੀਵਨ ਬਾਰੇ ਕੁਝ ਜਾਨਣ ਦਾ ਉਪਰਾਲਾ ਕਰਾਂ।

ਮੈਂ ਥੋੜਾ ਜਿਹਾ ਸਮਾਂ ਖ਼ਾਲੀ ਵੇਖਕੇ ਸਵਾਮੀ ਜੀ ਦੇ ਪਾਸ ਗਿਆ ਤਾਂ ਉਹ ਆਪਣੇ ਪੈਰੋਕਾਰਾਂ ਨਾਲ ਬਚਨ ਬਿਲਾਸ ਕਰਨ ਵਿੱਚ ਰੁੱਝੇ ਹੋਏ ਸਨ। ਮੈਨੂੰ ਵੇਖ ਕੇ ਉਹਨਾਂ ਨੇ ਆਪਣੇ ਨਜ਼ਦੀਕੀ ਸੇਵਕ ਨੂੰ ਇਸ਼ਾਰਾ ਕਰਕੇ ਮੈਨੂੰ ਆਪਣੇ ਪਾਸ ਬੁਲਾ ਲਿਆ ਤੇ ਬੜੇ ਹੀ ਪਿਆਰ ਤੇ ਅਪਣੱਤ ਨਾਲ ਬਿਠਾਇਆ। ਮੈਂ ਨਿਮਰਤਾ ਨਾਲ ਬੇਨਤੀ ਕੀਤੀ ਕਿ ਜੇ ਆਪ ਠੀਕ ਸਮਝੋ ਤਾਂ ਮੈਂ ਕੁਝ ਧਾਰਮਿਕ,ਸਮਾਜਿਕ ਅਤੇ ਪੰਜਾਬ ਦੇ ਹਾਲਾਤ ਸੰਬੰਧੀ ਆਪ ਜੀ ਤੋਂ ਪੁੱਛਣਾ ਚਾਹੁੰਦਾ ਹਾਂ,ਤਾਂ ਉਹਨਾਂ ਨੇ ਅਖਿਆ-ਜ਼ਰੂਰ ਪੁੱਛੋ। ਲੇਕਿਨ ਏਨਾ ਕੁ ਖ਼ਿਆਲ ਰੱਖਣਾ ਕਿ ਮੇਰੀ ਰਾਜਨੀਤੀ ਵਿੱਚ ਕੋਈ ਖ਼ਾਸ ਰੁਚੀ ਨਹੀਂ। ਮੈਂ ਕਿਹਾ-ਨਹੀਂ,ਏਹੋ ਜਿਹੀ ਕੋਈ ਗੱਲ ਨਹੀਂ। ਮੈਂ ਤਾਂ ਆਪ ਜੀ ਤੋਂ ਧਰਮ ਅਤੇ ਸਮਾਜ ਸੰਬੰਧੀ ਗੱਲਾਂ ਹੀ ਜਾਨਣੀਆਂ ਹਨ। ਸੋ ਉਹਨਾਂ ਦੀ ਆਗਿਆ ਲੈਕੇ ਮੈਂ ਕੁਝ ਪ੍ਰਸ਼ਨ ਕੀਤੇ।

? ਅੱਜ ਦੀ ਮਨੁੱਖਤਾ ਇੰਨੀ ਭਟਕੀ ਕਿਉਂ ਹੈ ?

-ਮਨੁੱਖ ਦਾ ਮਨ ਹਉਮੈ ਦੇ ਦੀਰਘ ਰੋਗ,ਵਡੱਪਣ,ਚੌਧਰ ਤੇ ਕੁਰਸੀ ਵੀ ਭੁੱਖ ਵੱਲ ਦੌੜ ਰਿਹਾ ਹੈ ਅਤੇ ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ.ਸੀ.ਆਰ. ਟੈਲੀਫੋਨ ਤੇ ਏਅਰ ਕੰਡੀਸ਼ੰਡ ਕਾਰਾਂ ਹੋਂਦ ਵਿੱਚ ਆਈਆਂ ਹਨ ਅਤੇ ਜ਼ਿਆਦਾਤਰ ਲੋਕ ਇਹ ਅੱਯਾਸ਼ੀ ਦੀਆਂ ਚੀਜ਼ਾਂ ਪ੍ਰਾਪਤ ਕਰਨ ਦੀ ਇੱਛਾ ਰੱਖਦੇ ਹਨ। ਪਰ ਮਹਿੰਗਾਈ ਜ਼ਿਆਦਾ ਹੋਣ ਕਰਕੇ ਇਹ ਹਰ ਇੱਕ ਨੂੰ ਉਪਲੱਬਧ ਨਹੀਂ ਹੋ ਸਕਦੀਆਂ। ਸਿੱਟੇ ਵਜੋਂ ਕੁਰੱਪਸ਼ਨ,ਚੋਰ ਬਾਜ਼ਾਰੀ ਆਦਿ ਵਿੱਚ ਵਾਧਾ ਹੋ ਰਿਹਾ ਹੈ। ਇਹੋ ਹੀ ਮਨੁੱਖੀ ਮਨ ਦੀ ਭਟਕਣ ਤੇ ਗਿਰਾਵਟ ਦਾ ਕਾਰਨ ਹੈ। ਆਰਥਿਕਤਾ ਦੀ ਬੇਤਰਤੀਬੀ ਅਤੇ ਕਾਣੀ ਵੰਡ ਵੀ ਮਨੁੱਖਤਾ ਦੇ ਮਾਨਸਿਕ ਤਣਾਓ ਵਿੱਚ ਵਿਸ਼ੇਸ਼ ਵਾਧਾ ਕਰ ਰਹੀ ਹੈ।

? ਅੱਜ ਦੇ ਬੁੱਧੀਜੀਵੀ ਵਿਦਵਾਨ ਅਤੇ ਧਾਰਮਿਕ ਆਗੂ ਵੀ ਸਮਾਜ ਨੂੰ ਸਹੀ ਮਾਰਗ-ਦਰਸ਼ਨ ਕਿਉਂ ਨਹੀਂ ਦੇ ਰਹੇ ?

-ਜਦੋਂ ਸੱਚ ਨੂੰ ਫਾਂਸੀ ਲੱਗਦੀ ਹੋਵੇ ਤਾਂ ਕੋਈ ਵਿਰਲਾ ਹੀ ਸੱਚ ਬੋਲਣ ਜਾਂ ਪ੍ਰਚਾਰਨ ਦਾ ਜ਼ੇਰਾ ਕਰਦਾ ਹੈ। ਬੁੱਧੀਜੀਵੀ ਜਾਂ ਵਿਦਵਾਨ ਵੀ ਤਾਂ ਆਖ਼ਿਰ ਮਨੁੱਖ ਹੀ ਹਨ। ਮੌਤ ਦਾ ਭੈਅ ਸਭ ਨੂੰ ਚੁੱਪ ਕਰਾ ਦਿੰਦਾ ਹੈ।

? ਵਰਤਮਾਨ ਸਮੇਂ ਵਿੱਚ ਬਹੁਤੇ ਵਿਦਵਾਨ ਕਿਸੇ ਖ਼ਾਸ ਵਰਗ ਜਾਂ ਫ਼ਿਰਕੇ ਦੀ ਹੀ ਤਰਜਮਾਨੀ ਕਰ ਰਹੇ ਹਨ,ਪਰ ਤੁਸੀਂ ਇਸਤੋਂ ਉਲਟ ਅਰਥਾਤ ਏਕਤਾ ਵਾਲੇ ਪਾਸੇ ਕਿਵੇਂ ਤੁਰ ਪਏ ?

-ਸਾਡੇ ਭਾਰਤੀ ਇਤਿਹਾਸ ਦੇ ਅਨੁਸਾਰ ਇੱਕ ਸੰਪ੍ਰਦਾਇ ਜਾਂ ਫ਼ਿਰਕੇ ਨਾਲ ਤੁਰਨ ਵਾਲਾ ਸੰਤ,ਸੱਚਾ ਸੰਤ ਨਹੀਂ ਅਖਵਾ ਸਕਦਾ।

-ਧਰਮ ਪ੍ਰਚਾਰ ਕਰਨ ਦਾ ਅਸਲੀ ਹੱਕ ਉਸੇ ਮਹਾਂਪੁਰਖ ਨੂੰ ਹੈ ਜਿਹੜਾ ਹਰ ਪ੍ਰਕਾਰ ਦੇ ਜ਼ਾਤਪਾਤ,ਰੰਗ-ਰੂਪ ਅਤੇ ਮਜ਼ਬੀ ਵਿਤਕਰੇ ਤੋਂ ਉੱਪਰ ਉਠਿਆ ਹੋਵੇ। ਮੈਂ ਆਪਣੀ ਸੀਮਿਤ ਸ਼ਕਤੀ ਅਨੁਸਾਰ ਇਸ ਮਾਰਗ ਉਪੱਰ ਚੱਲਣ ਦੀ ਕੋਸ਼ਿਸ਼ ਕਰਦਾ ਹਾਂ। ਭਾਵੇਂ ਅੱਜ ਇਹ ਰਾਹ ਔਖਾ ਬਹੁਤ ਹੈ। ਇਸ ਧਾਰਨਾ ਦੇ ਧਾਰਨੀ ਨੂੰ ਸੰਸਾਰਿਕ ਸੁੱਖਾਂ ਦੀ ਪ੍ਰਾਪਤੀ ਨਹੀਂ ਹੁੰਦੀ। ਦੂਸਰਾ ਫ਼ਿਰਕੂ ਜ਼ਨੂਨ ਵਿੱਚ ਰੰਗੇ ਹੋਏ ਲੋਕਾਂ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ,ਪਰ ਇਹ ਕੋਈ ਨਵੀਂ ਗੱਲ ਨਹੀਂ। ਗਿਆਨ ਦੇ ਸੱਚੇ ਪ੍ਰਚਾਰਕਾਂ ਤੇ ਉਪਾਸਕਾਂ ਨੂੰ ਕੱਟੜਵਾਦੀ ਲੋਕਾਂ ਦਾ ਜ਼ੁਲਮ ਤਾਂ ਸਹਿਣ ਕਰਨਾ ਹੀ ਪੈਂਦਾ ਹੈ।

? ਧਰਮ ਦਾ ਅਸਲ ਅਰਥ ਕੀ ਹੈ ਤੇ ਧਰਮ ਦਾ ਰਾਜਨੀਤੀ ਨਾਲ ਕੀ ਸੰਬੰਧ ਹੈ।

-ਆਮ ਲੋਕ ਧਰਮ ਦਾ ਭਾਵ ਹੀ ਠੀਕ ਨਹੀਂ ਸਮਝਦੇ। ਧਰਮ ਅਨੇਕ ਅਰਥਾਂ ਵਾਲਾ ਸ਼ਬਦ ਹੈ। ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੋਣ ਕਰਕੇ ਸੰਸਕ੍ਰਿਤ ਦੇ ਵਿਆਕਰਣ ਅਨੁਸਾਰ ਧਰਮ ਦਾ ਅਰਥ ਹੈ "ਧਾਰਨ ਕਰਨ ਯੋਗ ਵਸਤੂ" ਉਂਝ ਇਸਦੇ ਅਰਥ ਕਰਤੱਵ ਪਾਲਣ,ਡਿਉਟੀ ਕਰਨ,ਸੰਪ੍ਰਦਾਇ ਆਦਿਕ ਵੀ ਹਨ। ਪਰ ਇਹ ਸਭ ਧਰਮ ਦੇ ਦੁਨਿਆਵੀ ਤੇ ਬਾਹਰੀ ਅਰਥ ਹਨ। ਧਰਮ ਦਾ ਅੰਤਰੀਵ ਭਾਵ ਹੈ ਪ੍ਰਭੂ ਪ੍ਰਾਪਤੀ ਦਾ ਮਾਰਗ। ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਵਿੱਚ ਫ਼ੁਰਮਾਇਆ ਹੈ :

- "ਸਰਬ ਧਰਮ ਮਹਿ ਸ੍ਰੇਸ਼ਟ ਧਰਮ
-ਹਰਿ ਕੋ ਨਾਮ ਜਪਿ ਨਿਰਮਲ ਕਰਮੁ॥"

ਭਾਵੇਂ ਅੱਜ ਰਾਜਨੀਤਿਕ ਲੋਕ ਧਰਮ ਵਿੱਚ ਦਖ਼ਲ ਦੇ ਰਹੇ ਹਨ, ਧਰਮ ਦਾ ਗ਼ਲਤ ਇਸਤੇਮਾਲ ਹੋ ਰਿਹਾ ਹੈ, ਪਰ ਸਾਡੀ ਪ੍ਰਾਚੀਨ ਸੰਸਕ੍ਰਿਤ ਅਨੁਸਾਰ ਧਰਮ ਅਤੇ ਰਾਜਨੀਤੀ ਬਿਲਕੁਲ ਵੱਖੋ ਵੱਖ ਹਨ। ਧਰਮ ਦਾ ਦਰਜਾ ਰਾਜਨੀਤੀ ਨਾਲੋਂ ਬਹੁਤ ਉੱਚਾ ਹੈ। ਜੋ ਲੋਕ ਧਰਮ ਨੂੰ ਰਾਜਨੀਤੀ ਨਾਲ ਮਿਲਾਉਂਦੇ ਹਨ, ਉਹ ਧਰਮ ਦਾ ਅਪਮਾਨ ਕਰਦੇ ਹਨ।

? ਇਸ ਵੇਲੇ ਸਾਡੇ ਧਾਰਮਿਕ ਮੁਖੀਆਂ ਤੇ ਸੰਤਾਂ ਮਹਾਂਪੁਰਖਾਂ ਨੂੰ ਦੇਸ਼ ਦੀ ਸਮੁੱਚੀ ਏਕਤਾ, ਅਖੰਡਤਾ ਅਤੇ ਕੌਮੀਅਤ ਨੂੰ ਕਾਇਮ ਰੱਖਣ ਲਈ ਕੀ ਕਰਨਾ ਚਾਹੀਦਾ ਹੈ?

-ਧਰਮ ਪ੍ਰਚਾਰਕਾਂ ਨੂੰ ਪਿੰਡ ਪਿੰਡ ਜਾ ਕੇ ਅਮਨ, ਏਕਤਾ, ਸਮਾਜਿਕ ਬਰਾਬਰੀ ਅਤੇ ਅਹਿੰਸਾ ਆਦਿ ਦਾ ਉਪਦੇਸ਼ ਕਰਨਾ ਚਾਹੀਦਾ ਹੈ। ਉਹ ਥਾਂ ਥਾਂ ਜਾ ਕੇ ਲੋਕਾਂ ਨੂੰ ਇਹ ਦੱਸਣ ਕਿ ਨਿਹੱਥੇ,ਨਿਰਦੋਸ਼ ਤੇ ਮਾਸੂਮਾਂ ਦੀ ਹੱਤਿਆ ਕਿਸੇ ਵੀ ਧਰਮ ਜਾਂ ਮਜ਼੍ਹਬ ਦੇ ਅਨੁਕੂਲ ਨਹੀਂ। ਇਹ ਜੋ ਕੁਝ ਵੀ ਪੰਜਾਬ ਵਿੱਚ ਦੁਖਾਂਤ ਵਾਪਰਿਆ ਹੈ, ਇਹ ਦੇਸ਼ ਦੇ ਕੁਝ ਸਵਾਰਥੀ ਆਗੂਆਂ ਦੇ ਨਿੱਜੀ ਹਿਤਾਂ ਜਾਂ ਮਤਭੇਦਾਂ ਦੇ ਕਾਰਨ ਹੀ ਵਾਪਰਿਆ ਹੈ ਜਾਂ ਫਿਰ ਵਿਦੇਸ਼ੀ ਸਾਮਰਾਜੀ ਤਾਕਤਾਂ ਨੇ ਕੁਝ ਭਟਕੇ ਲੋਕਾਂ ਨੂੰ ਕੁਰਾਹੇ ਪਾ ਕੇ ਸਾਡੇ ਦੇਸ਼ ਦੀ ਅਖੰਡਤਾ ਤੇ ਏਕਤਾ ਨੂੰ ਢਾਹ ਲਾਉਣੀ ਚਾਹੀ ਹੈ।

?ਜਦੋਂ ਅਸੀਂ ਕਿਸੇ ਮਹਾਤਮਾ ਨੂੰ ਲੋਕਾਂ ਵਿੱਚ ਜਾ ਕੇ ਸ਼ੁੱਧ ਅਤੇ ਸੱਚੇ ਸੁੱਚੇ ਧਰਮ ਦਾ ਪ੍ਰਚਾਰ ਕਰਨ ਲਈ ਬੇਨਤੀ ਕਰਦੇ ਹਾਂ ਤਾਂ ਉਹ ਕਈ ਪ੍ਰਕਾਰ ਦੇ ਬਹਾਨੇ ਘੜ ਕੇ ਇਸ ਗੱਲ ਨੂੰ ਉੱਕਾ ਹੀ ਟਾਲ ਜਾਂਦੇ ਹਨ।

ਤੁਸੀਂ ਇਸਦਾ ਅਸਲੀ ਕਾਰਨ ਕੀ ਸਮਝਦੇ ਹੋ ?

-ਭਾਰਤ ਨੂੰ ਆਪਣੀਂ ਜਨਮ-ਭੂਮੀ ਸਮਝਣ ਵਾਲਾ ਤੇ ਰਾਸ਼ਟਰ-ਪ੍ਰੇਮੀ ਸੰਤ ਤਾਂ ਇਸ ਗੱਲ ਨੂੰ ਨਹੀ ਟਾਲ ਸਕਦਾ। ਪਰ ਜਿਹੜੇ ਸਾਧ ਵੱਡੀਆਂ ਵੱਡੀਆਂ ਅਟਾਰੀਆਂ ਪਾ ਕੇ ਬੈਠੇ ਹਨ,ਵਿਦੇਸ਼ੀ ਕਾਰਾਂ ਉੱਪਰ ਚੜ੍ਹਦੇ ਹਨ ਤੇ ਸ਼ਾਹੀ ਠਾਠ-ਬਾਠ ਨਾਲ ਰਹਿੰਦੇ ਹਨ,ਉਹ ਬੇਸ਼ੱਕ ਇਸ ਗੱਲ ਤੋਂ ਇਨਕਾਰ ਕਰਨ।

? ਆਪ ਜੀ ਦੇ ਅਧਿਐਨ ਅਤੇ ਦ੍ਰਿਸ਼ਟੀਕੋਣ ਤੋਂ ਧਰਮ ਮਨੁੱਖ ਨੂੰ ਸਰਵ-ਉੱਚ ਸਿੱਖਿਆ ਕੀ ਦਿੰਦਾ ਹੈ ?

ਧਰਮ ਸਾਨੂੰ ਧੀਰਜ, ਖਿਮਾ, ਸੰਜਮ, ਪਵਿੱਤਰਤਾ, ਸ਼ੁੱਧ ਗਿਆਨ ਦੀ ਪ੍ਰਾਪਤੀ, ਸਦਾਚਾਰ, ਅਹਿੰਸਾ, ਦੇਸ਼-ਭਗਤੀ, ਪ੍ਰਭੂ ਪ੍ਰੇਮ, ਆਪਣੀ ਸਭਿਅੱਤਾ ਅਤੇ ਸੰਸਕ੍ਰਿਤੀ ਦੀ ਰਾਖੀ ਆਦਿ ਦਾ ਉਪਦੇਸ਼ ਦਿੰਦਾ ਹੈ।

?ਤੁਹਾਡੇ ਮੱਤ ਮੁਤਾਬਿਕ ਹਿੰਦੂ ਅਤੇ ਸਿੱਖ ਧਰਮ ਵਿੱਚ ਬੁਨਿਆਦੀ ਫ਼ਰਕ ਕੀ ਹੈ?

ਥੋੜੀ ਬਹੁਤੀ ਪੂਜਾ ਪਾਠ ਦੀ ਵਿਧੀ ਦੇ ਫ਼ਰਕ ਅਤੇ ਕੁਝ ਬਾਹਰੀ ਗੱਲਾਂ ਤੋਂ ਇਲਾਵਾ ਇਹਨਾਂ ਦੋਹਾਂ ਧਰਮਾਂ ਦਾ ਸਾਂਸਕ੍ਰਿਤਕ,ਦਾਰਸ਼ਨਿਕ ਤੇ ਸਮਾਜਿਕ ਦ੍ਰਿਸ਼ਟੀਕੋਣ ਤੋਂ ਕੋਈ ਮੱਤਭੇਦ ਸਿੱਧ ਨਹੀਂ ਹੁੰਦਾ।

?ਮੇਰੀ ਜਾਣਕਾਰੀ ਅਨੁਸਾਰ ਜਿੱਥੇ ਤੁਸੀਂ ਇੱਕ ਸਫਲ ਕਵੀ,ਕ੍ਰਾਂਤੀਕਾਰੀ ਧਰਮ ਉਪਦੇਸ਼ਕ ਅਤੇ ਸੰਤ ਹੋ ਉੱਥੇ ਜੋਤਿਸ਼ ਅਤੇ ਤੰਤਰ ਦੇ ਵੀ ਵਿਸ਼ੇਸ਼ ਵਿਦਵਾਨ ਹੋ। ਕੀ ਤੁਸੀਂ ਭੂਤ ਜਾਂ ਪ੍ਰੇਤ ਆਦਿਕ ਦੀ ਹੋਂਦ ਨੂੰ ਵੀ ਮੰਨਦੇ ਹੋ ?ਇਸ ਸੰਬੰਧੀ ਕੋਈ ਨਿੱਜੀ ਅਨੁਭਵ?

-ਮੈਂ ਭੂਤ ਉਨਮਾਦ ਨੂੰ ਇੱਕ ਮਨੋ-ਵਿਗਿਆਨਕ ਰੋਗ ਮੰਨਦਾ ਹਾਂ, ਚਿਕਿਤਸਾ ਸ਼ਾਸਤਰ ਅਨੁਸਾਰ ਦੋ ਪ੍ਰਕਾਰ ਦੇ ਰੋਗ ਮੰਨੇ ਗਏ ਹਨ। ਇੱਕ ਉਹ ਜਿਨ੍ਹਾਂ ਦਾ ਤਰਕ ਦਲੀਲ ਜਾਂ ਬੌਧਿਕ ਅਧਾਰ ਤੇ ਨਿਰਣਯ ਹੋ ਸਕੇ ਅਤੇ ਦੂਜਾ ਉਹ ਜਿਸ ਬਾਰੇ

**ਨੋਟ:- ਇਹ ਲੇਖ ਸੰਨ 1984-85 ਵਿੱਚ ਪਹਿਲਾਂ ਛਪਿਆ ਸੀ।**

ਮੈਡੀਕਲ ਲਾਈਨ ਦੇ ਯੰਤਰ {ਇੰਸਟਰੁਮੈਂਟਸ}ਕੁਝ ਵੀ ਨਾ ਦੱਸ ਸਕਣ ਲੇਕਿਨ ਰੋਗੀ ਫਿਰ ਵੀ ਮੌਤ ਵਾਲੇ ਪਾਸੇ ਨੂੰ ਵਧ ਰਿਹਾ ਹੋਵੇ ਤਾਂ ਓਦੋਂ ਅਸੀਂ ਗ੍ਰਹਿ ਪ੍ਰਭਾਵ, ਭੂਤ ਪੀੜਾ ਜਾਂ ਪੂਰਵ ਕਰਮਾਂ ਦੇ ਫਲ ਆਦਿਕ ਨੂੰ ਸਵੀਕਾਰਦੇ ਹਾਂ।ਇਸ ਪ੍ਰਕਾਰ ਦੇ ਰੋਗ ਨੂੰ ਅਸੀਂ ਭੂਤ ਬਾਧਾ, ਗ੍ਰਹਿਜੁਸ਼ਟ ਜਾਂ ਦੇਵ ਆਵੇਸ਼ ਆਖਦੇ ਹਾਂ।ਇਸ ਵਿੱਦਿਆ ਨੂੰ ਰਹੱਸਮਈ ਵਿੱਦਿਆ ਆਖਿਆ ਜਾਵੇ ਤਾਂ ਬਹੁਤਾ ਠੀਕ ਹੈ।ਇੱਥੇ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਭੂਤ, ਪ੍ਰੇਤ, ਅਸੁਰ ਜਾਂ ਪਿਸ਼ਾਚ ਆਦਿ ਰੂਹਾਂ ਮਨੁੱਖ ਦੇ ਸਰੀਰ ਵਿੱਚ ਪ੍ਰਵੇਸ਼ ਕਰਕੇ ਉਸਨੂੰ ਕਸ਼ਟ ਦਿੰਦੀਆਂ ਹਨ?ਇਹ ਵਿਸ਼ਾ ਕਾਫ਼ੀ ਵਿਵਾਦਪੂਰਨ ਹੈ।ਇਸਦੇ ਹੱਕ ਵਿਚ ਵੀ ਕੁਝ ਵਿਦਵਾਨ ਹਨ ਅਤੇ ਕੁਝ ਲੋਕ ਇਸਦਾ ਖੰਡਨ ਵੀ ਕਰਦੇ ਹਨ,ਪਰ ਮੇਰਾ ਅਨੁਭਵ ਤੇ ਅਧਿਐਨ ਇਸ ਚਰਚਾ ਵਿੱਚ ਹਾਂ ਪੱਖੀ ਹੈ ਕਿਉਂਕਿ ਮੈਂ ਇਸ ਪ੍ਰਕਾਰ ਦੇ ਅਨੇਕ ਰੋਗੀਆਂ ਦਾ ਤੰਤਰ, ਮੰਤਰ, ਯੰਤਰ, ਦੇਵ ਪੂਜਨ, ਬਲੀ ਪ੍ਰਦਾਨ, ਉਪਹਾਰ, ਹਵਨ, ਜਪ, ਸ਼ੁਭਕਰਮ, ਦਾਨ, ਵਰਤ, ਔਸ਼ਧੀ ਧਾਰਨ ਅਦਿਕ ਅਨੇਕ ਢੰਗਾਂ ਨਾਲ ਇਲਾਜ ਕੀਤਾ ਹੈ ਅਤੇ ਰੋਗੀਆਂ ਨੂੰ ਆਸ਼ਾਜਨਕ ਲਾਭ ਵੀ ਹੋਇਆ ਹੈ।

? ਮੈਨੂੰ ਪਤਾ ਲੱਗਾ ਹੈ ਕਿ ਤੁਸੀਂ ਬ੍ਰਹਮਚਾਰੀ ਜੀਵਨ ਤਿਆਗ ਕੇ ਗ੍ਰਹਿਸਥ ਆਸ਼ਰਮ ਨੂੰ ਧਾਰਨ ਕੀਤਾ ਹੈ।ਤੁਹਾਡੇ ਜੀਵਨ ਵਿੱਚ ਏਡੀ ਵੱਡੀ ਤਬਦੀਲੀ ਕਿਵੇਂ ਆਈ ?

ਬ੍ਰਹਮਚਾਰੀ ਦਾ ਅਰਥ ਇਸਤ੍ਰੀ ਤਿਆਗ ਜਾਂ ਵਿਆਹ ਵਿਰੋਧੀ ਨਹੀਂ।ਪੁਰਾਤਨ ਗ੍ਰੰਥਾਂ ਅਨੁਸਾਰ ਵਿਦਿਆਰਥੀ ਜੀਵਨ ਨੂੰ ਬ੍ਰਹਮਚਾਰੀ ਆਸ਼ਰਮ ਆਖਿਆ ਜਾਂਦਾ ਸੀ।ਇੱਕ ਅਧਿਐਨ ਕਰ ਰਹੇ ਨੌਜਵਾਨ ਲਈ ਸੰਯਮ, ਪਵਿੱਤਰਤਾ,ਆਪਣੇ ਵਿਸ਼ੇ ਦੇ ਪ੍ਰਤਿ ਦ੍ਰਿੜ੍ਹ ਲਗਨ,ਉਤਸ਼ਾਹ ਤੇ ਉਮਾਹ ਦਾ ਹੋਣਾ ਜ਼ਰੂਰੀ ਹੈ।ਏਵੇਂ ਅਧਿਆਤਮਿਕ ਸਾਧਨਾਂ ਦੀਆਂ ਸ਼ਰਤਾਂ ਵਿੱਚੋਂ ਵੀ ਕੋਝੀਆਂ ਮਨੋ ਵਿਰਤੀਆਂ ਨੂੰ ਵੱਸ ਵਿੱਚ ਰੱਖਣਾ ਇੱਕ ਖਾਸ ਨਿਯਮ ਹੈ।ਮੈਂ ਜਿਸ ਮਨੋਰਥ ਲਈ ਬ੍ਰਹਮਚਾਰੀ ਜੀਵਨ ਧਾਰਨ ਕੀਤਾ ਸੀ ਉਸ ਲਕਸ਼ ਨੂੰ ਜਦੋਂ ਮੈਂ ਲੱਗਭਗ ਪ੍ਰਾਪਤ ਕਰ ਲਿਆ ਤਾਂ ਮੈਂ ਗ੍ਰਹਿਸਥ ਆਸ਼ਰਮ ਸਵੀਕਾਰ ਕੀਤਾ ਹੈ।ਕਿਉਂਕਿ ਮਨੁੱਖ ਦੀ ਕਾਮੁਕ ਮਨੋ ਵਿਰਤੀ ਜਾਂ ਸੈਕਸ ਪ੍ਰਤੀ ਖਿਚ,ਕੱਚੀ ਉਮਰ ਵਿੱਚ ਹੀ ਨੁਕਸਾਨਦੇਹ ਸਾਬਤ ਹੋ ਸਕਦੇ ਹਨ,ਉੱਚ ਗਿਆਨ ਪ੍ਰਾਪਤ ਹੋ ਜਾਣ ਉਪਰੰਤ ਇਹਨਾਂ ਦਾ ਕੋਈ ਖ਼ਾਸ ਮਹੱਤਵ ਨਹੀਂ ਰਹਿੰਦਾ।ਬਾਕੀ ਕੁਝ ਅਰਸੇ ਤੋਂ ਮੈਂ ਸਮਾਜ ਅਤੇ ਸਮਾਜਿਕ ਕੰਮਾਂ ਵਿੱਚ ਬਹੁਤਾ ਪ੍ਰਵਿਰਤ ਹੋ ਗਿਆ ਸਾਂ ਜਿਸਦੇ ਦੌਰਾਨ ਇੱਕ ਇਹੋ ਜਿਹੀ ਸਟੇਜ ਆਈ ਕਿ ਮੈਂ ਇਹ ਸੋਚਣ ਲੱਗ ਪਿਆ ਕਿ ਹੁਣ ਮੈਨੂੰ ਸੰਸਾਰ ਦਾ ਬਿਲਕੁਲ ਤਿਆਗ ਕਰ ਦੇਣਾ ਚਾਹੀਦਾ ਹੈ।ਮੈਂ ਸਾਰੇ ਕੁਝ ਨੂੰ ਛੱਡ ਛਡਾ ਕੇ ਕਿਸੇ ਇਕਾਂਤ ਅਸਥਾਨ ਵਿੱਚ ਬੈਠ ਕੇ ਨਿਰੋਲ ਅਧਿਆਤਮਿਕ ਚਿੰਤਨ ਹੀ ਕਰਾਂ।ਇਹ ਗੱਲ ਅਕਤੂਬਰ ੧੯੯੩ ਦੀ ਹੈ।ਇਸ ਸਮੇਂ ਮੇਰੀ ਮੁਲਾਕਾਤ ਪ੍ਰਸਿੱਧ ਵਿਦਵਾਨ ਡਾ:ਜੀਤ ਸਿੰਘ ਸੀਤਲ ਅਤੇ ਗਿਆਨੀ ਲਾਲ ਸਿੰਘ ਜੀ {ਸਾਬਕਾ ਡਇਰੈਕਟਰ,ਭਾਸ਼ਾ ਵਿਭਾਗ}ਹੋਰਾਂ ਨਾਲ ਪਟਿਆਲੇ ਹੋਈ।ਮੈਂ ਇਹਨਾਂ ਦੋਹਾਂ ਗੁਰਸਿੱਖ ਅਤੇ ਗੁਰਮੁਖ

ਪਿਆਰਿਆਂ ਨੂੰ ਆਪਣੇ ਮਹਾਂ ਤਿਆਗ ਵਾਲੀ ਗੱਲ ਦੱਸੀ ਤਾਂ ਇਹਨਾਂ ਦੋਹਾਂ ਸੱਜਣਾਂ ਨੇ ਪੂਰਾ ਇੱਕ ਹਫਤਾ ਮੇਰੇ ਨਾਲ ਇਸ ਵਿਸ਼ੇ ਉੱਪਰ ਵਿਚਾਰ ਵਟਾਂਦਰਾ ਕੀਤਾ ਜਿਸਦਾ ਵਿਸਥਾਰ ਇੱਥੇ ਨਹੀਂ ਦਿੱਤਾ ਜਾ ਸਕਦਾ,ਪਰ ਸਿੱਟੇ ਵਜੋਂ ਇਹਨਾਂ ਦੋਹਾਂ ਮਹਾਨ ਵਿਦਵਾਨਾਂ ਨੇ ਮੈਨੂੰ,ਸਮਾਜ ਨੂੰ ਪਿੱਠ ਦੇ ਕੇ ਨੱਠਣ ਦੀ ਬਜਾਇ ਮੈਦਾਨ ਵਿੱਚ ਆ ਕੇ ਸੰਘਰਸ਼ ਕਰਦਿਆਂ ਹੋਇਆਂ ਕਰਤੇ ਦੀ ਰਚੀ ਹੋਈ ਦੁਨੀਆਂ ਨੂਮ ਹੋਰ ਸੰਵਾਰਨ - ਸ਼ਿੰਗਾਰਨ,ਸੇਵਾ ਕਰਨ ਅਤੇ ਗ੍ਰਿਹਸਥ ਆਸ਼ਰਮ ਧਾਰਨ ਕਰਨ ਲਈ ਪ੍ਰੇਰਿਆ। ਪਰਿਣਾਮ ਤੁਹਾਡੇ ਸਾਹਮਣੇ ਹੈ।

? ਇੱਕ ਸਾਹਿਤਕਾਰ ਦੇ ਨਾਤੇ ਤੁਸੀਂ ਸਾਹਿਤ ਦਾ ਪ੍ਰਯੋਜਨ ਜਾਂ ਸਾਹਿਤ ਦੀ ਸਮਾਜ ਨੂੰ ਦੇਣ ਸੰਬੰਧੀ ਕੀ ਕਹਿਣਾ ਚਾਹੋਗੇ ?

- ਸਾਹਿਤ ਤਾਂ ਇੱਕ ਵਿਸ਼ਵ ਵਿਆਪੀ ਵਿਸ਼ਾ ਹੈ।ਜੇ ਕਿਸੇ ਵਿਧੀ ਨਾਲ ਸਮੁੱਚੀ ਮਨੁੱਖਤਾ ਜਾਂ ਸਰਬੱਤ ਦਾ ਭਲਾ ਹੋ ਸਕਦਾ ਹੈ ਤਾਂ ਉਹ ਸਾਹਿਤਕ ਵਿਧੀ ਹੀ ਹੈ।ਮੈਂ ਸਾਹਿਤ ਨੂੰ ਸੰਸਾਰ ਦਾ ਸਭ ਤੋਂ ਉੱਚਤਮ ਮਿੱਤਰ ਅਤੇ ਹਿਤਕਾਰੀ ਜਾਂ ਉਪਕਾਰੀ ਸਾਧਨ ਸਮਝਦਾ ਹਾਂ।ਵੇਦ,ਉਪਨਿਸ਼ਦ,ਸ਼ਾਸਤਰ,ਸੰਤ ਸਾਹਿਤ ਸਿਮ੍ਰਿਤੀ, ਇਤਿਹਾਸ, ਗੁਰਬਾਣੀ, ਕੁਰਾਨ,ਬਾਈਬਲ ਆਦਿ ਸਭ ਕੁਝ ਸਾਹਿਤ ਦੀ ਧਾਰਾ ਵਿੱਚ ਹੀ ਆਉਂਦਾ ਹੈ। ਬੇਸ਼ੱਕ ਉਸਦਾ ਮਿਆਰ ਸਾਹਿਤ ਨਾਲੋਂ ਬਹੁਤ ਉਚਾ ਹੈ।

? ਤੁਹਾਡੀ ਪ੍ਰਸਿੱਧ ਪੁਸਤਕ 'ਨੂਰ ਦੇ ਨੇੜੇ' ਵਿੱਚ ਇੱਕ ਕਾਵਿ ਬੰਦਿਸ਼ ਹੈ ਜਿਸ ਵਿੱਚੋਂ ਕੁਝ ਅਸਲੀਲਤਾ ਦਾ ਝੌਲਾ ਪੈਂਦਾ ਹੈ,ਜਿਸ ਤਰ੍ਹਾਂ:-

ਮਾਸ ਨਾਲ ਤੂੰ ਰੋਜ਼ ਮੂਰਖਾ ਮਲਦਾ ਮਾਸ ਰਿਹਾ।
ਏਸੇ ਵਹਿਸ਼ੀਪਣ ਨੂੰ ਕਹਿੰਦਾ ਭੋਗ ਵਿਲਾਸ ਰਿਹਾ॥

ਇਹ ਕਾਵਿ ਪੰਗਤੀਆਂ ਤੁਸੀਂ ਕਿਸ ਭਾਵਨਾ ਦੇ ਅਧੀਨ ਲਿਖੀਆਂ ਸਨ ?

-ਕੋਈ ਵੀ ਵਿਅਕਤੀ ਜਦੋਂ ਕਿਸੇ ਖਾਸ ਧਾਰਾ ਜਾਂ ਵਿਸ਼ਵਾਸ ਵਿੱਚ ਅਤਿਅੰਤ ਅਤਿਅੰਤ ਵਹਿ ਜਾਂਦਾ ਹੈ ਤਾਂ ਉਸ ਵੇਲੇ ਉਹ ਕੁਝ ਸਿਧਾਂਤਹੀਨ ਗੱਲਾਂ ਜ਼ਰੂਰ ਕਹਿ ਬੈਠਦਾ ਹੈ।ਜਜ਼ਬਾਤੀ ਆਦਮੀ ਦਿਮਾਗ ਨਾਲੋਂ ਦਿਲ ਤੋਂ ਵਧੇਰੇ ਪ੍ਰਭਾਵਿਤ ਹੁੰਦਾ ਹੈ।ਮੈਂ ਵੀ ਕੁਝ ਸਮਾਂ ਪਹਿਲਾਂ ਕਿਸੇ ਇਹੋ ਜਿਹੇ ਵਰਗ ਨਾਲ ਜੁੜਿਆ ਹੋਇਆ ਸਾਂ ਜਿਹੜਾ ਇਸਤ੍ਰੀ ਪੁਰਸ਼ ਦੇ ਸੰਬੰਧਾਂ ਨੂੰ ਬਹੁਤ ਹੀ ਘਿਰਣਿਤ ਨਿਗਾਹ ਨਾਲ ਵੇਖਦਾ ਸੀ।ਬੱਸ ਉਸੇ ਵਰਗ ਅਤੇ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਮੈਂ ਇਹ ਕਵਿਤਾ ਲਿਖੀ ਸੀ।ਪਰ ਇਸਨੂੰ ਗ੍ਰਿਹਸਥ ਵਿਰੋਧੀ ਨਾ ਸਮਝ ਕੇ ਸਗੋਂ ਸੰਯਮ ਦੀ ਪ੍ਰੇਰਨਾ ਦੇ ਰੂਪ ਵਿੱਚ ਲੈਣਾ ਚਾਹੀਦਾ ਹੈ।ਮੈਂ ਇੱਕ ਸ਼ਾਇਰ ਹਾਂ ਤੇ ਸ਼ਾਇਰ ਕਦੇ ਵੀ ਕਿਸੇ ਖ਼ੂਬਸੂਰਤ ਚੀਜ਼ ਦਾ ਵਿਰੋਧ ਨਹੀਂ ਹੋ ਸਕਦਾ ਲੇਕਿਨ ਸਮਾਜ ਵਿੱਚ ਕੁਝ ਅਜਿਹੇ ਪਾਮਰ ਪੁਰਖ ਵੀ ਹਨ ਜਿਨ੍ਹਾਂ ਲਈ ਅਜਿਹੇ ਸਖ਼ਤ ਅਲਫ਼ਾਜ਼ ਵਰਤਣਾ ਕਵੀ ਦੀ ਮਜ਼ਬੂਰੀ ਵੀ ਹੋ ਜਾਂਦੀ ਹੈ ਤੇ ਹੱਕ ਵੀ।

? ਤੁਸੀਂ ਇੱਕ ਨੌਜਵਾਨ ਲੇਖਕ,ਉਪਦੇਸ਼ਕ ਅਤੇ ਸਮਾਜ ਸੁਧਾਰਕ ਹੋ।ਤੁਸੀਂ ਅੱਜ ਦੇ ਨੌਜਵਾਨਾਂ ਨੂੰ ਕੀ ਸੰਦੇਸ਼ ਦੇਣਾ ਚਾਹੋਗੇ ?

ਮੈਂ ਆਪਣੇ ਹੋਣਹਾਰ ਨਵਯੁਵਕ ਸਾਥੀਆਂ ਨੂੰ ਦੇਸ਼ ਦੀ ਏਕਤਾ,ਅਖੰਡਤਾ ਅਤੇ ਉੱਨਤੀ ਵਾਲੇ ਪਾਸੇ ਵੱਧ ਤੋਂ ਵੱਧ ਧਿਆਨ ਦੇਣ ਲਈ ਆਖਣਾ ਚਾਹਾਂਗਾ ਉਹਨਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਸੰਸਕ੍ਰਿਤੀ, ਸੱਭਿਆਚਾਰ ਆਦਿ ਦੀ ਰਾਖੀ ਡਟ ਕੇ ਕਰਨ। ਉਹ ਦੇਸ਼ ਜਾਂ ਕੌਮਾ ਦੁਨੀਆਂ ਉੱਪਰ ਬਹੁਤਾ ਚਿਰ ਨਹੀਂ ਟਿਕ ਸਕਦੀਆਂ,ਜੋ ਆਪਣੇ ਇਤਹਾਸ,ਕਲਚਰ, ਸਾਹਿਤ ਅਤੇ ਪਰੰਪਰਾਵਾਂ ਨੂੰ ਭੁੱਲ ਜਾਣ। ਸਾਨੂੰ ਆਪਣੇ ਦੇਸ਼ ਅਤੇ ਸਭਿਅਤਾ ਨਾਲ ਉਤਨਾ ਹੀ ਪਿਆਰ ਕਰਨਾ ਚਾਹੀਦਾ ਹੈ, ਜਿਤਨਾ ਕਿ ਅਸੀਂ ਆਪਣੀ ਆਤਮਾ ਜਾਂ ਪ੍ਰਾਣਾਂ ਨੂੰ ਕਰਦੇ ਹਾਂ।

-ਸਵਾਮੀ ਜੀ ਨਾਲ ਵਿਚਾਰ ਵਟਾਂਦਰਾ ਕਰਨ ਸਮੇਂ ਮੇਰਾ ਧਿਆਨ ਉਹਨਾਂ ਦੇ ਪੈਰੋਕਾਰਾਂ ਵੱਲ ਜਾਂਦਾ,ਜਿਨ੍ਹਾਂ ਦੀ ਗਿਣਤੀ ਹਰ ਵੱਲ ਵਧਦੀ ਹੀ ਜਾ ਰਹੀ ਸੀ। ਮੈਂ ਸਮੇਂ ਦੀ ਨਬਜ਼ ਨੂੰ ਸਮਝਦਿਆਂ ਉਹਨਾਂ ਕੋਲੋਂ ਆਗਿਆ ਮੰਗੀ ਤੇ ਪਰਤ ਆਇਆ।

# Noor De Nere

Prof: Gopal Singh Puri
(Liverpool Uni. U.K)

From time to time England has been receiving from home and abroad men of letters,knowledge,wisdom,art And culture .Amongst the recent arrivals for the benefit of Indians names of Maharishi Mahesh Yogi,Yogi Bhajan,Rajnish can be mentioned,But greater And humbler of all of these has been a young Swami Braham Dev Ji Maharaj from Badhni Kalan in Distt Moga{Punjab}.He combines in himself the personality of Professor Puran Singh and in enthusiasm and knowledge of scriptures,Swami Viveka- Nanda.He was at once accepted both by the Sikhs and Hindus in this country as a great saint and philosopher from home .He lectures in most Gurdwaras and in some places spent a week in propounding the meaning, understanding and contemplation of NAM .He is a great devotee of Gurus, a teetotaller,simple in habits,soft spoken profoundly humane in both in speech and actions .From the Vedas, Upnishads,Gita to Guru Granth Sahib he has the command that I have not seen in one person before .His Punjabi is at once comprehensible and illutrations,simple and every picture he paints of the Sikh history in words is superb in itself and goes to very heart of his listeners.We Sikhs are highly sensitive and emotional people both in work and worship .That is why Kirtan has been given a high place in our devotional life. Katha the second ingredient is also a must but there are few Parcharaks who can really make the listeners attentive in Katha.I remember listening to Bhai Jodh Singh, Professor Sahib Singh and Giani Man Singh. Their expositions were highly intellectual and apeal to mind but

Swami Ji's words appeal equally to the head and heart .the emotion generated by his words,which are not tuned to music,become immusical to the ear and brain and often echo in the individual for days.Our cortical brain has the right and the left hemispheres.In normal spiritual under-standing of scriptures both sides are not affected,therefore,Katha and Kirtan are both prescribed by Gurus for a complete and total absorption of mind in the transcendent Brahma.Sikhs accept as real both the Nirguna and the Sarguna of God in one.God can also be achieved in the state of sonn samadhi Guru Arjan Dev Ji has mentioned in the Sukhmani.Most scholars of contemplation and meditation, following the basic concept of Samikhya in yoga lay a stress on personal God.But NAM is transcendent and in Nam Simran in Katha and Kirtan.it gives to the mind the comprehension both as Nirrgun and Sargun.The 'hearing' of sound in ears without an audible sound and the "seeing" of the Formless in a recognisable form by the devotee's eyes while shut is the reward of Sikh meditation.It does not require any rigorous exercise,as is advocated in yoga and tapas,japas and renunciation as required by Bhagwad Gita.The Sikh is in fact a Raaj Yogi that always stas in the state of sahej with the constant contemplation of Nam.That is why Guru says Akhan jivan wisre mar jaon.Swami Braham Dev Ji Maharaj has made the meaning of this verse of Guru Granth Sahib abundantly clear to Sikhs and Non-Sikhs alike,thus extending the sphere of Sikh faith far and in the physical {material}and spiritual world in the west.

In brief discussions with him in liverpool we learnt that is a profound scholar of Sanskrit,Pali,Hindi and Punjabi and has recently published a book on Punjabi poems –Noor De Nere,Which can serve as an introduction to his approach to spirituality through the medium of literature,He has dedicated this in the following words to Guru Gobind Singh Ji –"Kaw Mandalan De Samrat Kalghidhar Patshah De Punit Charan Kamlaan Wich" and he has Guru's blessings abundantly and overwhelmingly .People in England are looking forward to his next visit.

# ਸ਼ੁਭ ਚਿੰਤਨ

ਡਾ:ਜੀਤ ਸਿੰਘ ਸੀਤਲ

ਅੱਜ ਦੁਨੀਆਂ ਪੱਛਮੀ ਪ੍ਰਭਾਵ ਹੇਠ ਪਦਾਰਥਵਾਦੀ ਸੀਮਾਵਾਂ ਵੱਲ ਅੰਨ੍ਹੇ-ਵਾਹ ਵਧਦੀ ਜਾ ਰਹੀ ਹੈ। ਪੈਸੇ ਦੀ ਭੁੱਖ, ਕਾਮ ਦੀ ਚੇਸ਼ਟਾ, ਫੋਕੇ ਮਾਣ ਦੀ ਤ੍ਰਿਸ਼ਨਾ ਮਨੁੱਖ ਨੂੰ ਨਾਸਤਿਕਤਾਦੀ ਖਾਈ ਵੱਲ ਲੈ ਜਾ ਰਹੀਆਂ ਹਨ। ਉਹ ਸੱਚ ਤੇ ਸਦਾਚਾਰ ਤੋਂ ਦੂਰ ਹੁੰਦਾ ਜਾ ਰਿਹਾ ਹੈ ਤੇ ਪਰਮੇਸ਼ਵਰ ਤੋਂ ਬੇਮੁੱਖ। ਸਾਧਾਰਨ ਮਨੁੱਖ ਦੀ ਤਾਂ ਗੱਲ ਛੱਡੋ,ਸਾਡੇ ਸਾਹਿਤਕਾਰ ਤੇ ਕਵੀ ਵੀ ਇਸ ਰੌਂ ਵਿੱਚ ਰੁਨਦੇ ਜਾ ਰਹੇ ਹਨ। ਉਹ ਵੀ ਨੰਗੇਜਵਾਦ ਦੇ ਹਮਾਮ ਵਿੱਚ ਨੰਗੇ ਹੁੰਦੇ ਜਾ ਰਹੇ ਹਨ।

ਸਾਹਿਤ ਨੂੰ ਵਿਉਪਾਰ ਬਣਾਇਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਅੱਗੋਂ ਆਉਣ ਵਾਲਾ ਪੋਚ ਸੱਚੇ ਸੁੱਚੇ ਸਾਹਿਤ ਦੇ ਅਰਥਾਂ ਨੂੰ ਹੀ ਨਹੀਂ ਸਮਝ ਪਾਉਂਦਾ। ਕੋਈ ਵਿਰਲਾ ਹੀ ਉੱਤਮ ਸਾਹਿਤ ਦੀ ਅਲੂਣੀ ਸਿੱਲ੍ਹ ਨੂੰ ਚੱਟ ਸਕਦਾ ਹੈ।

ਸਵਾਮੀ "ਬ੍ਰਹਮਦੇਵ" ਜੀ ਉਦਾਸੀ ਇਸ ਰਣਭੂਮੀ ਦੇ ਸ਼ਾਹਸਵਾਰ ਹਨ, ਜਿਨ੍ਹਾਂ ਨੇ ਨੂਰ ਦੇ ਨੇੜੇ ਜਿਹਾ ਕਾਵਿ ਸੰਗ੍ਰਹਿ ਪੰਜਾਬੀ ਕਾਵਿ ਸੰਸਾਰ ਨੂੰ ਪ੍ਰਦਾਨ ਕੀਤਾ ਹੈ ਜਿਸ ਦੇ ਵਿਚਾਰ ਬਹੁ-ਮੁੱਲੇ ਹੀਰੇ ਮੋਤੀਆਂ ਵੱਤ ਅੱਖਾਂ ਨੂੰ ਚੁੰਧਿਆਂਦੇ ਹਨ।

ਪੁਸਤਕ ਵਿੱਚ ਵਿਭਿੰਨ ਛੰਦਾਂ ਤੇ ਕਾਵਿ ਰੂਪਾਂ ਦਾ ਪ੍ਰਯੋਗ ਕੀਤਾ ਗਿਆ ਹੈ ਜਿਵੇਂ ਦਵੈਯਾ, ਦੋਹਰਾ, ਬੈਂਤ, ਕਬਿੱਤ, ਸਿਰਖਿੰਡੀ, ਚੌਪਈ ਆਦਿ। ਦਵੈਯੇ ਤੇ ਦੋਹਰੇ ਹੀਰਿਆਂ ਦੀ ਖਾਣ ਹਨ ਜਿਨ੍ਹਾਂ ਵਿੱਚ ਸਦਾਚਾਰਕ,ਪ੍ਰਭੂ ਸੰਜੋਗ ਦੇ ਭਾਵ ਅੰਕਿਤ ਕੀਤੇ ਗਏ ਹਨ। ਕਈ ਇੱਕ ਤਾਂ ਅਲੰਕਾਰਾਂ ਦੇ ਉੱਤਮ ਨਮੂਨੇ ਤੇ ਸ਼ਬਦ ਅਨੁਪ੍ਰਾਸ ਦੇ ਸ਼੍ਰੇਸ਼ਟ ਉਦਾਹਰਣ ਹਨ। ਜਿਵੇਂ

ਸੁਕ੍ਰਿਤ,ਸਤਿ,ਸਰਸਵਤੀ,ਸੁੱਖ ਸੱਜਣ ਦਾ ਸੰਗ।
ਸਤਿ ਸੰਪਤਿ,ਸੰਤਾਨ ਸ਼ੁਭ, ਸੰਤਾਂ ਪਾਸੋਂ ਮੰਗ।

ਅਤੇ

ਮਨ,ਮਧੁਕਰ,ਮਦ ਮਾਨਿਨੀ,ਮਰਕਟ ਮਦਨ ਸੁਭਾ।
ਮੀਨ, ਮਰੁਤ,ਮਾਂ ਲੱਛਮੀ ਚੰਚਲ ਰਹਿਣ ਸਦਾ।

ਇਨ੍ਹਾਂ ਵਿੱਚ ਅਟਲ ਸੱਚਿਆਈਆਂ ਕੀਤਮੀ ਨਗਾਂ ਵਤ ਜੜੀਆਂ ਹੋਈਆਂ ਹਨ,ਜੋ ਉਮਰਾਂ ਬੱਧੀ ਤਜ਼ਰਬੇ ਤੇ ਅਭਿਆਸ ਦਾ ਪ੍ਰਣਾਮ ਹਨ:

ਸੱਪ ਸਪਰਸ਼ੋਂ ਡੰਗਦਾ ਤਪਸੀ ਪਾ ਅਭਿਮਾਨ।
ਦੁਰਜਨ ਤਾਂ ਡੰਗ ਮਾਰਦੈ ਜੇ ਕਰੀਏ ਸਨਮਾਨ।

ਪ੍ਰਸਿੱਧ ਉਰਦੂ ਸ਼ੇਅਰ ਹੈ :

'ਇਸ ਘਰ ਕੋ ਆਗ ਲਗ ਗਈ, ਘਰ ਕੇ ਚਿਰਾਗ਼ ਸੇ'

ਸਵਾਮੀ ਜੀ ਨੇ ਇਸ ਭਾਵ ਨੂੰ ਪੰਜਾਬੀ ਵਿੱਚ ਇਸ ਪ੍ਰਕਾਰ ਕਾਵਿ ਬੱਧ ਕੀਤਾ ਹੈ :

ਦੋਸਤ ਕਰਦੇ ਦੁਸ਼ਮਨੀ ਜਦੋਂ ਵਿਗੜਦੇ ਭਾਗ।
ਆਪਣਾ ਹੀ ਘਰ ਫੂਕਦੈ ਆਪਣਾ ਜਿਵੇਂ ਚਿਰਾਗ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਰਧਾਜਲੀ ਅਰਪਣ ਕੀਤੀ ਹੈ, ਕਿੰਨੇ ਪ੍ਰਭਾਵਸ਼ਾਲੀ ਸ਼ਬਦਾਂ ਵਿਚ :

"ਸ਼ਾਹ ਸਵਾਰ ਸਾਰੇ ਦਾਨੀਆਂ ਦਾ ਜਿਸ ਨੇ ਦਾਨ ਵਿੱਚ ਸਾਰਾ ਪਰਿਵਾਰ ਦਿੱਤਾ"॥

"ਜਿਸ ਦੀ ਤੇਗ਼ ਨੇ ਇਨਕਲਾਬ ਦਿੱਤਾ ਜਿਸ ਦੀ ਕਲਮ ਨੇ ਗਿਆਨ ਭੰਡਾਰ ਦਿੱਤਾ"

ਅੱਜ ਅਸੀਂ ਗੁਰੂ ਗੋਬਿੰਦ ਪਿਆਰੇ ਦੇ ਆਸ਼ੇ ਤੋਂ ਦੂਰ ਜਾ ਰਹੇ ਹਾਂ। ਉਸ ਨੇ ਤਾਂ ਅਖੰਡ ਭਾਰਤ ਦਾ ਸੰਕਲਪ ਦਿੱਤਾ ਸੀ। ਗੁਰੂ ਨਾਨਕ ਨੇ ਵੀ ਬਾਬਰ ਨੂੰ ਦੇਸ਼ ਪੁਰ ਚੜ੍ਹਾਈ ਕਰਦੇ ਸਮੇਂ 'ਹਿੰਦੁਸਤਾਨ ਡਰਾਇਆ' ਕਿਹਾ ਸੀ। ਸਵਾਮੀ ਜੀ ਲਿਖਦੇ ਹਨ:

ਜਿਸ ਨੇ ਕਲਪਿਆ ਇੱਕ ਅਖੰਡ ਭਾਰਤ
ਸੂਬੇ ਬੰਦੀ ਨੂੰ ਜਿਨ੍ਹੇ ਵਿਸਾਰ ਦਿੱਤਾ।
ਪੰਜਾਂ ਸੂਬਿਆਂ 'ਚੋਂ' ਲੈ ਕੇ ਪੰਜ ਪਿਆਰੇ
ਜਿਸ ਨੇ ਪੰਜਾਂ ਨੂੰ ਇੱਕੋ ਜਿਹਾ ਪਿਆਰ ਦਿੱਤਾ।

ਸਵਾਮੀ ਜੀ ਨੇ ਦੇਸ ਦੇ ਦਾਨੀਆਂ, ਸੂਰਬੀਰਾਂ, ਦੇਸ਼ਭਗਤਾਂ, ਸ਼ਹੀਦਾਂ ਆਦਿ ਨੂੰ ਨਮਸਕਾਰ ਕੀਤਾ ਹੈ।

ਬੇਸ਼ੱਕ 'ਬ੍ਰਹਮ' ਦੀ ਕਲਮ ਅੱਗ ਵਰ੍ਹਾਂਦੀ, ਅੱਗ ਉਗਲਦੀ ਤੇ ਅੱਗ ਖਾਂਦੀ ਹੈ, ਸ਼ਹੀਦਾਂ ਦੇ ਸੋਹਿਲੇ ਐਵੇਂ ਕਿਵੇਂ ਗਾਏ ਜਾ ਸਕਦੇ ਹਨ :

ਅੱਗ ਉਗਲਦੀ ਬ੍ਰਹਮ ਦੀ ਕਲਮ ਤੁਰ ਪਈ ਭਿੱਜੇ ਕ੍ਰਾਂਤੀਆਂ ਵਿੱਚ ਸਵਾਸ ਤੁਰ ਪਏ।

ਗੁਰਵਾਕ ਹੈ :

ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰ ਚਲੀਐ।
ਧ੍ਰਿਗ ਜੀਵਨ ਸੰਸਾਰ ਤਾਕੇ ਪਾਛੈ ਜੀਵਣਾ।

ਕਵੀ ਜੀ ਨੇ ਇਸ ਦਾ ਰੂਪਾਂਤਰ ਚਿੱਤ੍ਰਿਆ ਹੈ :

ਮਿੱਤਰ ਹੱਥ ਹੁੰਦੇ ਸੱਚੇ ਮਿੱਤਰਾਂ ਦੇ ਅਤੇ ਮਿੱਤਰਾਂ ਤੋਂ ਪਹਿਲਾਂ ਮਰਨ ਮਿੱਤਰ।

ਕਵੀ ਜੀ ਨੇ ਸੇਵਾ,ਭਗਤੀ,ਸੰਜਮ,ਗ੍ਰਹਿਸਥ ਆਦਿ ਜੇਹੇ ਵਿਸ਼ਿਆਂ ਨੂੰ ਕਲਾਤਮਕ ਵਿਧੀ ਅਨੁਸਾਰ ਰੂਪਮਾਨ ਕੀਤਾ ਹੈ।

ਜੇਕਰ ਅਸੀਂ ਅਜਿਹੇ ਗ੍ਰੰਥ ਆਪਣੇ ਬੱਚਿਆਂ ਬੱਚੀਆਂ ਨੂੰ ਪੜ੍ਹਨ ਪੜ੍ਹਾਉਣ ਦੀ ਪ੍ਰੇਰਣਾ ਦਿਆਂਗੇ ਤਾਂ ਨਿਰਸੰਦੇਹ ਉਹ ਸੱਚੇ ਮਾਰਗਾਂ ਵੱਲ ਚੱਲਦੇ ਹੋਏ ਜਹਾਨ ਭਰ ਦੀ ਉਸਤਤਿ ਦੇ ਪਾਤਰ ਬਣ ਸਕਣਗੇ।

'ਸੱਚੇ ਮਾਰਗ ਚਲਦਿਆਂ ਉਸਤਤਿ ਕਰੇ ਜਹਾਨ।' {ਮਾਝ ੫}

ਨੂਰ ਦੇ ਨੇੜੇ ਦੇ ਨੂਰੀ ਵਾਕ ਬੇਸ਼ੱਕ ਸਾਨੂੰ ਇਸ ਸੱਚੇ ਮਾਰਗ ਪੁਰ ਟੋਰਨ ਵਿੱਚ ਅਤਿ ਸਹਾਈ ਹੋਣਗੇ,ਇਹ ਮੇਰਾ ਨਿਸ਼ਚਾ ਹੈ।

ਵਾਹਿਗੁਰੂ ਸਵਾਮੀ ਜੀ ਨੂੰ ਅਜਿਹੇ ਮੋਤੀਆਂ ਦੀ ਬਰਖਾ ਕਰਨ ਦੀ ਸਮਰੱਥਾ ਬਖ਼ਸ਼ੇ,ਇਹ ਮੇਰੀ ਅਰਦਾਸ ਹੈ।

# ਬ੍ਰਹਮ ਕਾਵਿ ਦਾ ਪ੍ਰਕਾਸ਼

ਪ੍ਰੀਤਮ ਸਿੰਘ ਸਫ਼ੀਰ
ਜਸਟਿਸ ਦਿੱਲੀ ਹਾਈਕੋਰਟ {ਰੀਟਾਇਰਡ}

ਅਦ੍ਰਿਸ਼ਟਮਾਨ,ਸਰਬ ਸ਼ਕਤੀਮਾਨ ਨੂੰ ਕਦੇ ਕਿਸੇ ਨੇ ਪੂਰੀ ਤਰ੍ਹਾਂ ਨਹੀਂ ਜਾਣਿਆ।ਉਹ ਜਿਸ ਵਿੱਚੋਂ ਕੋਟਨ ਕੋਟ ਬ੍ਰਹਿਮੰਡਾਂ ਵਿੱਚ "ਕਈ ਕੋਟਿ ਖਾਣੀ ਅਰ ਖੰਡ" ਪ੍ਰਕਾਸ਼ਮਾਨ ਹੁੰਦੇ ਹਨ ਅਤੇ ਫਿਰ "ਜੋ ਦੀਸੈ ਸੋ ਸਗਲ ਬਿਨਾਸੈ" ਦੇ ਨਿਯਮ ਅਨੁਸਾਰ ਉਸੇ ਵਿੱਚ ਅਭੇਦ ਹੋ ਜਾਂਦੇ ਹਨ,ਆਪਣੀ ਅਪਾਰ ਕਿਰਪਾ-ਦ੍ਰਿਸ਼ਟੀ ਨਾਲ ਹੀ ਕਿਸੇ ਕਿਸੇ ਦੇ ਜੀਵਨ ਵਿੱਚ ਕਿਸੇ ਹੱਦ ਤੱਕ ਆਪਣਾ ਸੰਚਾਰ ਕਰਦਾ ਹੈ।ਜਿਸ ਵਿਅਕਤੀ ਉੱਤੇ ਥੋੜੀ ਜਿਹੀ ਵੀ ਪਿਆਰ ਭਰੀ ਹੋਵੇ, ਉਸ ਵਿੱਚ ਵੱਖਰੀ ਕਿਸਮ ਦਾ ਨਿਖਾਰ ਪਛਾਣਿਆ ਜਾ ਸਕਦਾ ਹੈ।ਇਨ੍ਹਾਂ ਕਵਿਤਾਵਾਂ ਦੀ ਉਪਜ ਜਿਸ ਕਲਮ ਤੋਂ ਹੋਈ ਹੈ,ਉਹ ਐਸੇ ਹੱਥਾਂ ਵਿੱਚ ਸੰਵਰੀ ਹੈ, ਜਿਨ੍ਹਾਂ ਦੇ ਮਾਲਕ ਨੇ ਸਿਮਰਨ ਭਰੀ ਤਪੱਸਿਆ ਕੀਤੀ ਹੈ।ਇਸੇ ਕਾਰਨ ਭਾਵ ਸਤਿਯੁਗੀ ਹੋ ਗਏ ਹਨ ਅਤੇ ਤਾਰੀਫ਼ ਦੀ ਮੁਥਾਜੀ ਤੋਂ ਉਪਰ ਉੱਠ ਕੇ ਸਵਾਮੀ "ਬ੍ਰਹਮਦੇਵ" ਜੀ ਨੇ ਅੰਕਿਤ ਕੀਤਾ ਹੈ:-

ਆਦਿ ਅਨਾਦਿ ਅਨੰਤ ਮਾਲਕ ਜਗਤ ਦਾ
ਕਾਲ ਰੂਪ ਭਗਵੰਤ ਉਚਾ ਉੱਚਿਓਂ !

"ਸੱਚ" ਤਾਂ ਕੋਟ ਬ੍ਰਹਿਮੰਡਾਂ ਤੋਂ ਵੀ ਪੁਰਾਣਾ ਹੈ। "ਅਦਿ ਸਚਿ" ਹੈ ਨਾ? ਪ੍ਰਸੰਸਾ ਜਨਕ ਹੈ,ਇਸ ਅਲਾਪ ਦੀ ਨਵੀਨ ਸੁੰਦਰਤਾ ਜਿਸ ਦਾ ਸਾਨੀ ਵਰਤਮਾਨ ਸਮੇਂ ਦੀ ਕਵਿਤਾ ਵਿੱਚ ਨਿਸ਼ਚਿਤ ਕਰਨਾ ਮੁਸ਼ਕਿਲ ਹੈ।ਆਧੁਨਿਕ ਕਾਵਿ ਯੁੱਗ ਵਿੱਚ ਨਵੀਨ ਸਮਰੱਥਾ ਭਰਪੂਰ ਧਾਰਮਿਕ ਕਵਿਤਾ ਮਿਲਦੀ ਹੀ ਨਹੀਂ।ਕਵਿਤਾ ਜੀਵਨ ਵਿੱਚੋਂ ਜਾਗਦੀ ਹੈ।ਇਸ ਕਵੀ ਨੇ ਜਿਸ ਤਰ੍ਹਾਂ ਜ਼ਿੰਦਗੀ ਨੂੰ ਜੀਵਿਆ ਹੈ ਉਸੇ ਅਨੁਸਾਰ ਕਿਹਾ ਹੈ :-

ਵਿਆਪਕ ਵਿਸ਼ਵ ਰੂਪ ਵਿਸ਼ਵ ਆਤਮਾ
ਉਪਮਾ ਰਹਿਤ ਅਨੂਪ ਲੀਲ੍ਹਾ ਓਸ ਦੀ।

"ਉਪਮਾ ਰਹਿਤ ਅਨੂਪ ਲੀਲ੍ਹਾ" ਅਨੁਭਵ ਕਰ ਸਕਣਾ ਸਥਿਰ ਨਿਰਮਾਣਤਾਵਿੱਚੋਂ ਉਪਜਿਆ ਹੈ। ਸਥਿਰ ਨਿਰਮਾਣਤਾ ਉਸੇ ਨੂੰ ਪ੍ਰਦਾਨ ਹੁੰਦੀ ਹੈ,ਜੋ ਇੱਕ ਰਸ ਵਾਹਿਗੁਰੂ ਜੀ ਨਾਲ ਪਿਆਰ ਕਰੇ।

ਹਰ ਲੱਕੜ ਵਿੱਚ ਅੱਗ ਭਿੰਨ ਭਿੰਨ ਜਿਸ ਤਰ੍ਹਾਂ
ਏਵੇਂ ਇੱਕ ਸਰਵੱਗ ਵਿੱਚ ਅਨੇਕਤਾ।

ਜੋ ਸਰਬਵਿਆਪੀ ਪਾਰਬ੍ਰਹਮ ਦੇ ਹਰ ਇੱਕ ਆਕਾਰ ਵਿੱਚ ਦਰਸ਼ਨ ਕਰਨ ਦੀ ਤਾਂਘ ਨਾਲ ਉਸ ਸਮਰੱਥ ਨੂੰ ਮਾਣ ਰਿਹਾ ਹੋਵੇ ਉਹ ਹੀ ਗਾਇਨ ਕਰ ਸਕਦਾ ਹੈ:-

ਏਵੇਂ ਇੱਕ ਸਰਵੱਗ ਵਿੱਚ ਅਨੇਕਤਾ !

ਦੂਰ ਪਰ੍ਹੇ,ਸਿਤਾਰਿਆਂ ਭਰੇ ਆਕਾਸ਼ਾਂ ਤੋਂ ਪਰ੍ਹੇ ਕੋਈ ਅਗਮ ਅਗੋਚਰ ਨਿਰਭਉ ਨਿਰਵੈਰ ਸ਼ਕਤੀ ਹਰ ਪਲ ਬੇਅੰਤ ਵੱਖ ਵੱਖ ਰੰਗਾਂ ਦੇ ਸਿਤਾਰਿਆਂ ਨੂੰ ਸਮਿਆਂ ਵਿੱਚ ਛੱਟੇ ਮਾਰ ਮਾਰ ਕੇ ਖਲੇਰ ਰਹੀ ਹੈ। ਉਹ ਵੀ ਦੇਸ਼ ਹਨ ਕੋਟਨ ਕੋਟ ਸਿਤਾਰਿਆਂ ਵਿੱਚ ਜਿੱਥੇ ਪੱਥਰਾਂ ਵਿੱਚੋਂ ਪਰੀਆਂ ਉਗਮਦੀਆਂ ਹਨ। ਖੰਭਾਂ ਬਗ਼ੈਰ ਪ੍ਰੀਤ-ਹੁਲਾਰੇ ਲੈਂਦੀਆਂ ਉੱਡਦੀਆਂ ਹਨ। ਕਈ ਮੀਲਾਂ ਤੋਂ ਪੁਰਸ਼ਾਂ ਦੀ ਨਰ ਛੋਹ ਤੋਂ ਨਵੀਨ ਉਪਜ ਹੁੰਦੀ ਹੈ ਉਨ੍ਹਾਂ ਪਰੀਆਂ ਵਿੱਚੋਂ। ਕੋਈ ਅਨੁਭਵ ਵੀ ਸਰਬ ਸ਼ਕਤੀ-ਮਾਨ ਦੀ ਚਕਰਿਤ ਕਰਨ ਵਾਲੀ ਲੀਲ੍ਹਾ ਨੂੰ ਬਿਆਨ ਨਹੀਂ ਕਰ ਸਕਦਾ। ਉਸ ਨੂੰ ਪਿਆਰ ਕਰਨ ਵਾਲੇ ਸਿਰਫ਼ ਪਿਆਰ ਕਰਦੇ ਹਨ। ਉਸ ਦੇ ਕਿਸੇ ਰਾਜ਼ ਨੂੰ ਨੰਗਾ ਕਰਨਾ ਨਹੀਂ ਲੋਚਦੇ। ਉਸ ਤਰ੍ਹਾਂ ਦਾ ਪਿਆਰ ਕਰਨ ਵਾਲਿਆਂ ਦੇ ਸ਼ੁਮਾਰ ਵਿੱਚ ਸ਼ਾਮਲ ਹੋ ਰਹੇ ਹਨ,ਇਨ੍ਹਾਂ ਕਵਿਤਾਵਾਂ ਦੇ ਲੇਖਕ ਸਵਾਮੀ ਬ੍ਰਹਮ-

ਇਹ ਸਾਰਾ ਬ੍ਰਹਿਮੰਡ ਉਸ ਦੀ ਕ੍ਰਿਤ ਹੈ
ਤੇਜ਼ ਪੁੰਜ ਪ੍ਰਚੰਡ ਨੂਰੋ ਨੂਰ ਉਹ।

ਇਹ ਕਵਿਤਾਵਾਂ ਇਸ ਯੁੱਗ ਨੂੰ ਇੱਕ ਨਵੀਂ ਦੇਣ ਹਨ ਅਤੇ ਇਨ੍ਹਾਂ ਦਾ ਅਸਥਾਨ ਸਰਵ ਉੱਤਮ ਹੈ।

ਇੱਕ ਇੱਕ ਕਾਵਿ-ਪੰਗਤੀ ਮਹਾਨ ਵਿਸਥਾਰ ਨੂੰ ਆਪਣੇ ਆਪ ਵਿੱਚ ਸੰਭਾਲ ਕੇ ਵਿਗਸ ਰਹੀ ਹੈ।

# ਸੰਤ ਕਵੀ

ਪੰ: ਖ਼ੁਸ਼ੀ ਰਾਮ ਸ਼ਰਮਾ
(ਪੱਤੋ ਹੀਰਾ ਸਿੰਘ)

ਸਵਾਮੀ "ਬ੍ਰਹਮਦੇਵ" ਜੀ ਮਹਾਰਾਜ ਕ੍ਰਿਤ ਹੱਥਲੀ ਪੁਸਤਕ ਨੂਰ ਦੇ ਨੇੜੇ ਪੰਜਾਬੀ ਸਾਹਿਤ ਵਿੱਚ ਇੱਕ ਗੌਰਵ ਮਈ ਰਚਨਾ ਹੈ। ਜਿਸ ਦਾ ਮੁੱਖ ਕਾਰਨ ਹੈ ਕਿ ਅਜੋਕੇ ਪੰਜਾਬੀ ਕਾਵਿ ਖੇਤਰ ਵਿੱਚ ਧਰਮ ਅਤੇ ਫ਼ਿਲਾਸਫ਼ੀ ਆਦਿ ਖ਼ੁਸ਼ਕ ਤੇ ਤਰਕ ਪੂਰਨ ਵਿਸ਼ਿਆਂ ਨੂੰ ਲੈ ਕੇ ਇਸ ਪ੍ਰਕਾਰ ਦੀ ਕੋਈ ਕਾਵਿ ਕ੍ਰਿਤੀ ਘੱਟ ਹੀ ਨਜ਼ਰ ਪੈਂਦੀ ਹੈ।

ਇਹ ਉਹ ਵੱਜਰ ਵਿਸ਼ਾ ਹੈ ਜਿਸ ਉੱਪਰ ਲਿਖਣ ਲੱਗਿਆਂ ਵੱਡੇ ਵੱਡੇ ਮਹਾਂਰਥੀ ਲੇਖਕ ਵੀ ਝਿਜਕਦੇ ਹਨ,ਕਿਉਂਕਿ ਬ੍ਰਹਮ ਜਾਂ ਧਰਮ ਨਾਲ ਸੰਬੰਧਿਤ ਰਚਨਾ ਸਿਰਫ਼ ਬੁੱਧੀ ਉੱਪਰ ਆਧਾਰਿਤ ਨਹੀਂ ਹੁੰਦੀ। ਇਸ ਵਾਸਤੇ ਉੱਚੇ ਆਤਮਿਕ ਅਨੁਭਵ ਤੇ ਕਰਨੀ ਪ੍ਰਧਾਨ ਜੀਵਨ ਦੀ ਲੋੜ ਪੈਂਦੀ ਹੈ। ਇਸ ਪ੍ਰਕਾਰ ਦੀ ਲਛਮਣ ਰੇਖਾ ਕੋਈ ਕੋਈ ਹੀ ਖਿੱਚਦਾ ਹੈ। ਸਵਾਮੀ ਜੀ ਨੇ ਇਸ ਅਤਿ ਔਖੇ ਵਿਸ਼ੇ ਨੂੰ ਲੈ ਕੇ ਜਿਤਨੀ ਯੋਗਤਾ ਤੇ ਸਫਲਤਾ ਨਾਲ ਨਿਭਾਇਆ ਹੈ,ਉਹ ਸੱਚਮੁੱਚ ਹੀ ਸ਼ਲਾਘਾਂ ਯੋਗ ਹੈ।

ਪ੍ਰੇਮ, ਭਗਤੀ, ਬ੍ਰਹਮ ਗਿਆਨ, ਆਤਮਿਕ ਉੱਚਤਾ, ਨੇਕੀ, ਉਪਕਾਰ, ਭਰਾਤ੍ਰੀ ਭਾਵ ਤੇ ਸਮਾਜਿਕ ਸਿੱਖਿਆ ਆਦਿ ਦਾ ਉਪਦੇਸ਼ ਸਾਨੂੰ ਨੂਰ ਦੇ ਨੇੜੇ ਦੀ ਪੰਗਤੀ ਪੰਗਤੀ ਵਿੱਚੋਂ ਮਿਲਦਾ ਹੈ, ਜਿਸ ਦਾ ਪ੍ਰਭਾਵ ਸਿੱਧਾ ਸਾਡੇ ਹਿਰਦੇ ਉੱਪਰ ਪੈਂਦ ਹੈ। ਪੁਸਤਕ ਦਾ ਪਾਠ ਕਰਦਿਆਂ ਹੀ ਅਸੀਂ ਕਿਸੇ ਅਦਭੁੱਤ ਸਵਾਦ ਵਿੱਚ ਲੀਨ ਹੋ ਜਾਂਦੇ ਹਾਂ ਜਿੱਥੇ ਅਖੰਡ ਸੁੱਖ,ਅਨੰਤ ਸ਼ਾਂਤੀ ਤੇ ਸਰਬਪੱਖੀ ਸੰਪੂਰਨਤਾ ਹੈ।

ਇਸ ਕਾਵਿ ਸੰਗ੍ਰਹਿ ਦੀ ਭਾਸ਼ਾ ਅਤਿਅੰਤ ਲਲਿਤ, ਅਰਥਪੂਰਨ, ਓਜੱਸਵਨੀ,ਸੌਖੀ ਤੇ ਰਸੀਲੀ ਹੋਣ ਦੇ ਨਾਲ ਨਾਲ ਸੁੰਦਰ ਤੇ ਮਧੁਰ ਵੀ ਹੈ। ਇਸ ਵਿੱਚ ਪਾਠਕ ਨੂੰ ਖਿੱਚਣ ਤੇ ਮੋਹਿਤ ਕਰਨ ਦੀ ਅਦੁੱਤੀ ਸ਼ਕਤੀ ਹੈ। ਕਵਿਤਾ ਦਾ ਵਿਸ਼ਲੇਸ਼ਣ ਕਰਦਿਆਂ ਹੋਇਆਂ ਅਗਨੀ ਪੁਰਾਣ ਵਿੱਚ ਲਿਖਿਆ ਹੈ ਕਿ ਅਲੰਕਾਰ ਤੇ ਗੁਣ ਯੁਕਤ,ਦੋਸ਼ ਰਹਿਤ ਪਦਾਵਲੀ ਨੂੰ ਕਵਿਤਾ ਆਖਿਆ ਜਾਂਦਾ ਹੈ ਤੇ ਏਸੇ ਸੰਬੰਧ ਵਿੱਚ ਅੱਗੇ ਚੱਲ ਕੇ ਵਿਸ਼ੇਸ਼ ਕਿਸਮ ਦੀ ਬਚਨ ਚਾਤੁਰੀ ਪ੍ਰਧਾਨ ਰਸ ਨੂੰ ਹੀ ਕਵਿਤਾ ਦਾ ਨਾਂ

ਦਿੱਤਾ ਹੈ। ਏਸੇ ਤਰ੍ਹਾਂ ਪੰਡਿਤ ਰਾਜ ਜਗਨਨਾਥ ਨੇ ਆਪਣੀ ਜਗਤ ਪ੍ਰਸਿੱਧ ਪੁਸਤਕ ਰਸ ਗੰਗਾਧਰ ਵਿੱਚ ਪਿਆਰੇ ਪਿਆਰੇ ਅਰਥਾਂ ਦਾ ਪ੍ਰਤੀਪਾਦਨ ਕਰਨ ਵਾਲੇ (ਰਮਣੀਯ ਅਰਥ ਪ੍ਰਤੀਪਾਦਕ) ਸ਼ਬਦਾਂ ਨੂੰ ਹੀ ਕਾਵਿ ਦੀ ਸੰਗਿਆ ਦਿੱਤੀ ਹੈ ਤੇ ਉਸ ਵਿੱਚ ਰਸ ਦੇ ਚਮਤਕਾਰ ਨੂੰ ਕਵਿਤਾ ਦਾ ਸਾਰ ਦੱਸਿਆ ਹੈ। ਇਸ ਪ੍ਰਕਾਰ ਹੋਰ ਵੀ ਅਨੇਕ ਆਚਾਰੀਯਾਂ ਨੇ ਕਵਿਤਾ ਦੀਆਂ ਭਿੰਨ ਭਿੰਨ ਪਰਿਭਾਸ਼ਾਵਾਂ ਦੱਸੀਆਂ ਹਨ,ਜਿਨ੍ਹਾਂ ਸਾਰੀਆਂ ਦਾ ਹੀ ਨਿਚੋੜ ਹੈ ਕਿ ਚਮਤਕਾਰ ਯੁਕਤ ਰਸ ਗੁਣ ਅਤੇ ਅਲੰਕਾਰ ਸਹਿਤ ਨਿਰਦੋਸ਼ ਸ਼ਬਦਾਂ ਦੇ ਸਮੂਦਾਇ ਨੂੰ ਹੀ ਕਾਵਿ ਆਖਿਆ ਜਾਂਦਾ ਹੈ।

ਨੂਰ ਦੇ ਨੇੜੇ ਵਿੱਚਣ ਸਾਨੂੰ ਕਵਿਤਾ ਦੇ ਉਪਰੋਕਤ ਸਾਰੇ ਹੀ ਲੱਛਣ ਵੇਖਣ ਨੂੰ ਮਿਲਦੇ ਹਨ। ਇਸ ਵਿੱਚ ਉਚੇ ਵਲਵਲੇ,ਸ਼੍ਰੇਸ਼ਟ ਉਪਮਾਵਾਂ,ਉੱਤਮ ਅਲੰਕਾਰ,ਚਮਤਕਾਰ ਮਈ ਸ਼ਬਦ ਯੋਜਨਾ,ਅਦਭੁੱਤ ਤੇ ਅਨੋਖੇ ਬਿੰਬ,ਸੁਹਜ ਸੰਯੁਕਤ ਪ੍ਰਤੀਕ,ਢੁੱਕਵੇਂ ਮੁਹਾਵਰੇ,ਭਾਵ ਪੂਰਤ ਕਾਵਿ-ਉਕਤੀਆਂ ਤੇ ਵਿਵਿਧ ਪ੍ਰਕਾਰ ਦੀਆਂ ਵਰਨਣ ਸ਼ੈਲੀਆਂ ਆਦਿ ਦਾ ਪ੍ਰਯੋਗ ਜਗ੍ਹਾ ਜਗ੍ਹਾ ਹੋਇਆ ਦ੍ਰਿਸ਼ਟੀਗੋਚਰ ਹੁੰਦਾ ਹੈ। ਕੁਝ ਕੁ ਉਦਾਹਰਣ :

ਉਨ੍ਹਾਂ ਚੋਂ ਆਉਂਦੀ ਏ ਮਿੱਠੀ ਮਹਿਕ ਜਿਵੇਂ ਕਸਤੂਰੀ
ਨਾਜ਼ੁਕ ਦਿਲ ਸੋਹਣੇ ਜੋ ਮਸਤੀ ਭਿੰਨੇ ਨੈਣ ਸਰੂਰੀ।
ਜਿਨ੍ਹਾਂ ਚਿੱਤ ਚੋਰਾਂ ਦੇ ਹੁੰਦਾ ਸਾਹ ਸਾਹ ਵਿੱਚ ਪਿਆਰ
ਉਨ੍ਹਾਂ ਸਤਿਪੁਰਖਾਂ ਨੂੰ ਸਾਡੀ ਨਮਸਕਾਰ ਲੱਖਵਾਰ ॥

ਕਿੰਨੀਆਂ ਲੰਘੀਆਂ ਰਾਤਾਂ ਤੇ ਦਿਨ ਕਿਤਨੇ ਚੜ੍ਹੇ ਮਨਾਂ
ਬੀਤੇ ਬਹੁਤ ਬਸੰਤ ਬਹੁਤ ਬਣ ਪੱਤਰ ਝੜੇ ਮਨਾਂ ।

ਸੋਚਾਂ ਸਮਝਾਂ ਵਾਲਿਓ ਸਿਆਣਿਓ ! ਪਰਮੇਸ਼ਵਰ ਹੈ ਦਰਪਣ
ਜਿਸ ਦੇ ਵਿੱਚ ਪ੍ਰਤੀਬਿੰਬਤ ਹੁੰਦਾ ਪ੍ਰਕਿਰਤੀ ਦਾ ਕਣ ਕਣ।

ਜ਼ੱਰਰੇ ਜ਼ੱਰਰੇ ਦੇ ਵਿੱਚ ਵੱਸਦੈ ਉਹ ਪਿਆਰਾ ਮਾਲੀ
ਬਾਹਰੋਂ ਵੇਖਣ ਵਿੱਚ ਨਹੀਂ ਆਉਂਦਾ ਜਿਉਂ ਮਹਿੰਦੀ ਦੀ ਲਾਲੀ

ਹਰ ਸ਼ੈ ਵਿੱਚੋਂ ਝਲਕ ਰਿਹਾ ਹੈ ਉਸ ਦਾ ਨੂਰ ਨਜ਼ਾਰਾ
ਕਲੀ ਕਲੀ 'ਚੋਂ ਹੱਸ ਰਿਹਾ ਉਹ ਪ੍ਰੀਤਾਂ ਦਾ ਵਣਜਾਰਾ।

ਹੋ ਸਾਵਧਾਨ ਹੰਜਾ ਮਾਇਆ ਚੱਲ ਰਹੀ ਹੈ ਚਾਲ
ਮੋਤੀ ਤਾਂ ਉਪਰੋਂ ਨੇ ਹੇਠਾਂ ਕਾਲ ਬਲੀ ਦਾ ਜਾਲ।

ਜੇ ਸਿਆਣਾ ਪੰਛੀ ਏਂ ਤਾਂ ਫਿਰ ਤ੍ਰਿਸ਼ਨਾ ਨੂੰ ਸਮਝਾ ਲੈ
ਦੁਨੀਆਂ ਤਾਂ ਫ਼ਾਨੀ ਹੈ ......॥

ਝੂਠੇ ਤੇਰੇ ਭੋਗ ਪਦਾਰਥ ਤੂੰ ਵੀ ਝੂਠਾ ਏਂ
ਕਾਲ ਕੂਟ ਵਿਓਹ ਦਾ ਭਰਿਆ ਤੂੰ ਮਾਇਆ ਦਾ ਨੂਠਾ ਏਂ।
ਮੈਂ ਵੀ ਝੂਠਾ ਪੈ ਗਿਆ ਜੁੜ ਕੇ ਤੇਰੇ ਸੰਗ ਮਨਾਂ
ਹੁਣ ਕਿਰਪਾ ਕਰ ਬਖ਼ਸ਼ ਮੈਂ ਤੈਥੋਂ ਆ ਗਿਆ ਤੰਗ ਮਨਾਂ।

ਕਈ ਥਾਈਂ ਵੇਦਾਂ,ਪੁਰਾਣਾਂ,ਭਾਰਤੀ ਦਰਸ਼ਨਾਂ,ਗੀਤਾ,ਉਪਨਿਸ਼ਦਾਂ,ਸੰਤ ਬਾਣੀਆਂ, ਧਰਮ ਸ਼ਾਸਤਰਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿਕ,ਭਾਰਤ ਦੇ ਮਹਾਨ ਗ੍ਰੰਥਾਂ ਦੁਆਰਾ ਨਿਰਣੀਤ ਵਿਸ਼ਿਆਂ ਦਾ ਪ੍ਰਤੀਪਾਦਨ ਵੀ ਬੜੇ ਹੀ ਸੁਚੱਜੇ ਢੰਗ ਨਾਲ ਕੀਤਾ ਹੈ,ਜਿਨ੍ਹਾਂ ਵਿੱਚੋਂ ਏਥੇ ਕੇਵਲ ਚੰਦ ਸਤਰਾਂ ਹੀ ਦੇ ਰਹੇ ਹਾਂ :

ਬ੍ਰਿਖ ਬਰਾਬਰ ਸ਼੍ਰਿਸ਼ਟੀ ਸਾਰੀ ਸ਼ਾਖਾ,ਪੱਤੇ,ਫੁੱਲ ਫਲ
ਓਅੰਮ ਦਾ ਵਿਸਤਾਰ ਹੈ ਸਾਰਾ ਪ੍ਰਕਿਰਤੀ ਦੀ ਹਲਚਲ।
ਇਸ ਪਿੱਪਲ ਦਾ ਮੁੱਢ ਗਗਨ ਵਿੱਚ ਬਾਕੀ ਰੂਪ ਅਠਾਂਹ ਨੂੰ
ਸੰਸਾਰੀ ਰਹਿ ਜਾਂਦੇ ਹੇਠਾਂ ਉੱਠਦੇ ਸੰਤ ਉਤਾਂਹ ਨੂੰ ।
ਮੂਲ ਵਿੱਚ ਵੀ ਰਮਿਆ ਮਾਧੋ ਪੱਤਿਆਂ ਵਿੱਚ ਵੀ ਉਹ ਹੈ
ਗੁਰਮੁਖ ਦੇ ਲਈ ਬਣ ਤ੍ਰਿਣ ਮੂਲ ਹੈ ਮਨਮੁੱਖ ਲਈ ਅਣਛੂਹ ਹੈ

ਹਰ ਇੱਕ ਚੀਜ਼ ਦਾ ਸਫ਼ਲਤਾ ਪੂਰਵਕ ਵਰਨਣ ਤੇ ਮਨੁੱਖੀ ਮਨ ਦਾ ਸਰਬਪੱਖੀ ਵਿਸ਼ਲੇਸ਼ਣ ਕਰਨ ਵਿੱਚ ਸਵਾਮੀ ਜੀ ਸਿੱਧ ਹਸਤ ਕਵੀ ਹਨ। ਇਸ ਸੰਬੰਧੀ ਉਨ੍ਹਾਂ ਦੀਆਂ ਰਚਨਾਵਾਂ ਗ੍ਰਹਿਸਥ ਬਨਾਮ ਸਵਰਗ,ਗ੍ਰਹਿਸਥ ਬਨਾਮ ਨਰਕ,ਲੋਭੀ ਤੇ ਪਾਪੀ ਅਦਿ ਪੜ੍ਹਨ ਯੋਗ ਹਨ।

ਸਮੁੱਚੇ ਮਹਾਂਪੁਰਖਾਂ ਲਈ ਇੱਕੋ ਜਿਹਾ ਪਿਆਰ,ਸਤਿਕਾਰ ਸਾਂਝੀ-ਵਾਲਤਾ ਦਾ ਉਪਦੇਸ਼ ਵੀ ਸਾਨੂੰ ਨੂਰ ਦੇ ਨੇੜੇ ਵਿੱਚ ਹੀ ਵੇਖਣ ਨੂੰ ਮਿਲਦਾ ਹੈ। ਦਾਨਵੀਰ ਤੇਧਰਮਵੀਰ,ਉਸਤਤ ਤੇ ਉਪਾਸਨਾ ਤੇ ਭਗਤ ਵੱਛਲ ਅਦਿਕ ਸਿਰਲੇਖਾਂ ਵਾਲੀਆਂ ਰਚਨਾਵਾਂ ਇਸ ਦਿਸ਼ਾ ਵੱਲ ਵਿਸ਼ੇਸ਼ ਨਿਸ਼ਾਨ ਦੇਹੀ ਕਰਦੀਆਂ ਹਨ।

ਨਿਰੋਲ ਸ਼ਾਸਤ੍ਰੀਯ ਤੱਤਾਂ ਦੇ ਪਾਠਕਾਂ ਤੇ ਅਧਿਆਤਮਵਾਦ ਦੇ ਜਗਿਆਸੂਆਂ ਲਈ ਈਸ਼ਵਰ,ਸਰਗੁਣ,ਬ੍ਰਹਮ,ਠਿਕਾਣਾ,ਪ੍ਰੇਮ ਤੇ ਸੰਤ,ਮਾਇਆ ਦਾ ਪਰਿਵਾਰ,ਸੁਮਾਰਗ ਅਤੇ ਸਤਿਗੁਰੂ ਆਦਿਕ ਮਜ਼ਮੂਨ ਉਚੇਚੇ ਤੌਰ ਤੇ ਉਲੇਖਨੀਯ ਹਨ। "ਜਿਨਿ ਖੋਜਿਆ ਤਿਨ ਪਾਇਆ ਗਹਿਰੇ ਪਾਣੀ ਪੈਠ।"

ਉਮੀਦ ਹੈ ਸਨੇਹੀ ਪਾਠਕ ਇੱਕ ਮਹਾਨ ਸੰਤ ਕਵੀ ਦੀ ਇਸ ਅਮੋਲਕ ਰਚਨਾ ਤੋਂ ਪੂਰਾ ਪੂਰਾ ਲਾਭ ਉਠਾਉਣਗੇ।

ਉਨ੍ਹਾਂ ਨੇ 'ਨੂਰ ਦੇ ਨੇੜੇ' ਹੋਣ ਦਾ ਇੱਕੋ ਇੱਕ ਸਾਧਨ ਤੇ ਉਪਾਉ ਦ੍ਰਿੜ ਕਰਵਾਇਆ ਹੈ ਤੇ ਉਹ ਹੈ ਮਾਨਵ-ਪਿਆਰ, ਮਾਨਵ-ਦਰਦ, ਮਾਨਵ-ਮੁਹੱਬਤ ਤੇ ਸਰੂਰ; ਜਿਸ ਨਾਲ ਮਨੁੱਖ ਦਾ ਦਿਲ ਸਾਰੇ ਦਾ ਸਾਰਾ ਨੂਰ ਬਣ ਜਾਂਦਾ ਹੈ। ਏਹੀ ਬੀਜ ਉਨ੍ਹਾਂ ਨੇ ਸਾਡੇ ਮਨਾਂ ਵਿੱਚ ਬੀਜਿਆ ਹੈ ਜੋ ਫੁੱਟ ਕੇ ਅਖੀਰ ਤੂਰ ਦੇ ਬਾਗ ਦਾ ਨੂਰ ਵਖਾਵੇਗਾ। ਜੀਵ ਨੂੰ ਪਰਮ-ਨੂਰ ਨਾਲ ਹਮਕਲਾਮ ਹੋਣ ਦਾ ਅਵਸਰ ਪ੍ਰਦਾਨ ਕਰੇਗਾ। ਕਿੱਡਾ ਵੱਡਾ ਉਪਕਾਰ ਹੈ ਇਹ ਸਵਾਮੀ ਜੀ ਦਾ ਮਨੁੱਖ ਮਾਤਰ ਉੱਤੇ; ਕਿੱਡਾ ਸੌਖਾ ਤੇ ਸੁੰਦਰ। ਇਹ ਨੂਰ ਦੇ ਨੇੜੇ ਜਾਣ ਦਾ ਰਸਤਾ ਤੇ ਕਿੱਡੀ ਸੁਹਾਵਣੀ ਹੋਵੇਗੀ ਇਸ ਦੀ ਅੰਤਿਮ ਮੰਜ਼ਿਲ, ਜਦ ਜੀਵ ਉਸ ਮਹਾਨ ਤੇਜੱਸਵੀ ਸੂਰਜ ਦੇ ਨੂਰ ਵਿੱਚ ਕਿਰਨ ਵਾਂਗ ਰਲ ਜਾਵੇਗਾ; ਮਹਾਨ ਨੂਰ ਦੇ ਸਾਗਰ ਵਿੱਚ ਸਦਾ ਲਈ ਸਮਾ ਜਾਵੇਗਾ। ਫਿਰ ਉਹ ਪਰਿਪੂਰਨ ਦਾ ਅੰਗ ਬਣ ਜਾਵੇਗਾ; ਅਧੂਰਾ ਪੁਰਸ਼ ਸੰਪੂਰਨ ਹੋ ਜਾਵੇਗਾ; ਹਨੇਰਾ, ਚਾਨਣ ਵਿੱਚ ਜਜ਼ਬ ਹੋ ਜਾਵੇਗਾ:-

ਮੁਹੱਬਤ ਕੇ ਸਰੂਰ ਸੇ ਦਿਲ ਸਰਾਪਾ ਨੂਰ ਹੋਤਾ ਹੈ।
ਜ਼ੱਰਾ ਸੇ ਬੀਜ, ਬੀਜ ਸੇ ਪੈਦਾ ਰਿਯਾਜ਼ਿ-ਤੂਰ ਹੋਤਾ ਹੈ॥

ਬੱਸ ਇਹੀ ਪਹਿਚਾਨ ਹੈ ਉਸ (ਨੂਰ) ਦੀ; ਉਸ ਦੇ ਸਿਰਜਣਹਾਰ ਦੀ; ਤੇ ਇਹੀ ਵਿਧੀ ਹੈ ਉਸ ਮਾਰਗ ਪੁਰ ਤੁਰਨ ਦੀ ਤੇ ਉਸ 'ਨੂਰ ਦੇ ਨੇੜੇ' ਹੋਣ ਦੀ:-

ਜਿਸਨੂੰ ਸਮਝ ਨਾ ਸਕਦੇ ਬੁੱਧ ਬਾਣੀ, ਮਨ ਗਿਆਨ
'ਬ੍ਰਹਮਦੇਵ' ਉਸ ਬ੍ਰਹਮ ਨੂੰ ਪ੍ਰੇਮ ਨਾਲ ਪਹਿਚਾਨ॥

ISBN 978-81-906675-5-5

Sangam Publications
502/9 Sekhon Colony
SAMANA-147101 Distt. Patiala (Pb)
Ph. 01764-223047,222347

www.PunjabiLibrary.com